# Dr. Randhawa Dentistry



*Your own dentist who really cares for you*

**We Provide the following Services:**

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies


- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111




# ਮੰਨ ਪਸੰਦ ਦੀ ਕਿਚਨ ਤੇ ਵਾਸ਼ਰੂਮ ਬਣਵਾਓ

## KITCHEN CABINET

Special Discount for Contractors

**Free Estimate**

ਵਾਜਿਬ ਦਾਮ ਤੇ ਸਮੇਂ ਸਿਰ ਕੰਮ

100% Satisfaction

We Specialize in granite, quartz & marble countertops







- Kitchen Cabinets..................(Maple, Oak, MDF)
- All Types of Counter Tops...(Marble, Granite, Quartz, etc.)
- All Types of Tiles...................(Porch Line, Matt) all sizes available.
- Hardwood & Laminate
- Installation of Shower / Standing Shower / Vanities & Tubs.
- We Install Pot Lights
- Paint Job with Kitchen/Washroom Installation
- All Types of Range Hoods....(Heavy Duty, etc)
- Custom Office Counters & Bar Installation

Vikramjit Sangha
**416-200-0931**

# APEX

CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

**647-575-6102**
Email: apexconstruc16@gmail.com



Laddi



# RPC Royal Pizza & Curry Hut

*11am - 11pm | 7 Days a Week*
*184 Main Street South, Unit D., Brampton*



**$8.97** +Tax

*X-Large (16") Fully Loaded Pizza *With 5 Toppings (Any)*

WE SPECIALIZE IN VEGAN FOOD

UNDER $10 CURRIES WITH FREE NAAN
LOTS TO CHOOSE FROM

**905-450-2777**
**647-906-3295**

*Kotakpura Aata Chicken*
*Get $5 Off with Special Coupon from PunjabiPost*
WAS $25 NOW $20



# Data everywhere. No surprise charges anywhere.

NEW
NATION-WIDE. NO ZONES.
TALK, TEXT & DATA PLANS
**$35/MO.**

chatr™ AUTHORIZED DEALER

379 Main St. North, Brampton, ON
905-451-0379

2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਪਹਿਲਾ ਪਾਣੀ ਨਾ ਅਜੇ ਸੀ ਸਾਂਭ ਹੋਇਆ,
ਆਇਆ ਵਰ੍ਹਨ ਨੂੰ ਬੱਦਲ ਹੈ ਫੇਰ ਮੀਆਂ।
ਜਿਹੜੇ ਲੋਕ ਕਈ ਟੰਗੇ ਪਏ ਕੋਠਿਆਂ ’ਤੇ,
ਪੈ ਗਈ ਉਨ੍ਹਾਂ ਦੇ ਮਨਾਂ ਵਿੱਚ ਘੇਰ ਮੀਆਂ।
ਰਾਹਤ ਕਹਿੰਦੀ ਸਰਕਾਰ ਤਾਂ ਬਹੁਤ ਭੇਜੀ,
ਅੱਗੇ ਪਹੁੰਚਦੀ ਸੀ ਕਰ ਲਈ ਦੇਰ ਮੀਆਂ।
ਰੁੜ੍ਹ ਗਈ ਫਸਲ ਤੇ ਡੰਗਰ ਨੇ ਮਰੀ ਜਾਂਦੇ,
ਮੀਂਹ ਨੇ ਕਰ’ਤੇ ਮਕਾਨ ਕਈ ਢੇਰ ਮੀਆਂ।
ਮਰਦੇ ਪਿਆਂ ਨੂੰ ਮਾਰਨ ਲਈ ਲੋਕ ਕਹਿੰਦੇ,
ਸੁਣਿਆ ਗੱਜਦਾ ਬਾਦਲ ਗਿਆ ਆ ਮੀਆਂ।
ਥੋੜ੍ਹਾ-ਬਾਹਲਾ ਸੀ ਪਹੁੰਚਿਆ ਮਸਾਂ ਲੰਗਰ,
ਬੁਰਕੀ ਉਹਦੀ ਵੀ ਹੁੰਦੀ ਨਹੀਂ ਖਾ ਮੀਆਂ।

ਤੀਸ ਮਾਰ ਖਾਂ

# ਕੈਨੇਡਾ ਦੇ ਪੰਜ ਸ਼ਹਿਰਾਂ ਵਿੱਚ ਨਸ਼ਿਆਂ ਦੇ ਰੁਝਾਨ ਦਾ ਪਤਾ ਲਾਉਣ ਲਈ ਵੇਸਟਵਾਟਰ ਦੀ ਕੀਤੀ ਗਈ ਜਾਂਚ

ਓਟਵਾ, 27 ਅਗਸਤ (ਪੋਸਟ ਬਿਊਰੋ) : ਪੰਜ ਵੱਡੇ ਕੈਨੇਡੀਅਨ ਸ਼ਹਿਰਾਂ ਵਿੱਚ ਮੈਰੀਯੁਆਨਾ ਤੇ ਗੈਰਕਾਨੂੰਨੀ ਨਸ਼ਿਆਂ ਜਿਵੇਂ ਕਿ ਕੋਕੀਨ ਤੇ ਮੈਥ ਦੇ ਨਿਸ਼ਾਨ ਦਾ ਪਤਾ ਲਾਉਣ ਲਈ ਇੱਕ ਨਵਾਂ ਪਾਇਲਟ ਟੈਸਟ ਸ਼ੁਰੂ ਕੀਤਾ ਗਿਆ। ਇਹ ਨਿਸ਼ਾਨ ਵੇਸਟਵਾਟਰ ਤੋਂ ਪਤਾ ਲਾਏ ਜਾ ਰਹੇ ਹਨ। ਇਸ ਨਾਲ ਕੈਨੇਡਾ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਉੱਤੇ ਰਹਿਣ ਵਾਲੇ ਲੋਕਾਂ ਦੀਆਂ ਨਸ਼ੇ ਸਬੰਧੀ ਆਦਤਾਂ ਦਾ ਪਤਾ ਲੱਗ ਸਕੇਗਾ ਤੇ ਵੱਖ ਵੱਖ ਸੀਜ਼ਨਜ਼ ਵਿੱਚ ਇਨ੍ਹਾਂ ਨਸ਼ਿਆਂ ਸਬੰਧੀ ਆਦਤਾਂ ਵਿੱਚ ਆਉਣ ਵਾਲੀਆਂ ਤਬਦੀਲੀਆਂ ਦਾ ਵੀ ਪਤਾ ਲੱਗ ਸਕੇਗਾ।

ਸੋਮਵਾਰ ਨੂੰ ਸਟੈਟੇਸਟਿਕਸ ਕੈਨੇਡਾ ਵੱਲੋਂ 12 ਮਹੀਨਿਆਂ ਤੱਕ ਕੀਤੇ ਗਏ ਇਸ ਖਾਸ ਅਧਿਐਨ ਦੇ ਨਤੀਜੇ ਐਲਾਨੇ ਗਏ। ਇਸ ਲਈ ਹੈਲੀਫੈਕਸ, ਮਾਂਟਰੀਅਲ, ਟੋਰਾਂਟੋ, ਐਡਮੰਟਨ ਤੇ ਵੈਨਕੂਵਰ ਤੋਂ ਮਿਊਂਸਪਲ ਵੇਸਟਵਾਟਰ ਸੈਂਪਲ ਲੈ ਕੇ ਉਸ ਵਿੱਚ ਵੱਖ ਵੱਖ ਨਸ਼ਿਆਂ ਦੀ ਮਿਕਦਾਰ ਦਾ ਪੱਧਰ ਜਾਂਚਿਆ ਗਿਆ। ਇਹ ਸੈਂਪਲ ਮਾਰਚ 2018 ਤੇ ਫਰਵਰੀ 2019 ਦਰਮਿਆਨ ਲਏ ਗਏ ਸਨ। ਇਨ੍ਹਾਂ ਨਤੀਜਿਆਂ ਤੋਂ ਇਹ ਪਤਾ ਲੱਗਿਆ ਕਿ ਹੈਲੀਫੈਕਸ ਤੇ ਮਾਂਟਰੀਅਲ ਵਿੱਚ ਮੈਰੀਯੁਆਨਾ ਦੀ ਵਰਤੋਂ ਸੱਭ ਤੋਂ ਵੱਧ ਹੋਈ ਜਦਕਿ ਐਡਮੰਟਨ ਵਿੱਚ ਇਸ ਦੀ ਵਰਤੋਂ ਸੱਭ ਤੋਂ ਘੱਟ ਕੀਤੀ ਗਈ। ਇਨ੍ਹਾਂ ਨਤੀਜਿਆਂ ਮੁਤਾਬਕ ਵੈਨਕੂਵਰ, ਟੋਰਾਂਟੋ ਤੇ ਐਡਮੰਟਨ ਨਾਲੋਂ ਹੈਲੀਫੈਕਸ ਤੇ ਮਾਂਟਰੀਅਲ ਵਿੱਚ ਮੈਰੀਯੁਆਨਾ ਦੀ ਵਰਤੋਂ 2.5 ਤੋਂ 3.8 ਗੁਣਾਂ ਵੱਧ ਹੋਈ।



ਅਧਿਐਨ ਵਿੱਚ ਇਹ ਵੀ ਆਖਿਆ ਗਿਆ ਕਿ ਹਾਲ ਦੀ ਘੜੀ ਇਹ ਆਖਣਾ ਜਲਦਬਾਜ਼ੀ ਵਾਲੀ ਗੱਲ ਹੋਵੇਗੀ ਕਿ ਅਕਤੂਬਰ 2018 ਵਿੱਚ ਮੈਰੀਯੁਆਨਾ ਦਾ ਕਾਨੂੰਨੀਕਰਨ ਹੋਣ ਤੋਂ ਬਾਅਦ ਇਸ ਦੀ ਕੁੱਲ ਖਪਤ ਵਿੱਚ ਕਿੰਨੀ ਕੁ ਤਬਦੀਲੀ ਆਈ। ਅਧਿਐਨ ਵਿੱਚ ਇਹ ਵੀ ਪਾਇਆ ਗਿਆ ਕਿ ਕੋਕੀਨ ਦੀ ਵਰਤੋਂ ਦੇ ਸਬੰਧ ਵਿੱਚ ਸ਼ਹਿਰਾਂ ਵਿੱਚ ਕੋਈ ਜ਼ਿਆਦਾ ਫਰਕ ਵੇਖਣ ਨੂੰ ਨਹੀਂ ਮਿਲਿਆ। ਪਰ ਫਿਰ ਵੀ ਵੈਨਕੂਵਰ ਵਿੱਚ ਕੋਕੀਨ ਦੀ ਸੱਭ ਤੋਂ ਵੱਧ ਖਪਤ ਵੇਖਣ ਨੂੰ ਮਿਲੀ ਜਦਕਿ ਐਡਮੰਟਨ ਵਿੱਚ ਇਸ ਦੀ ਖਪਤ ਸੱਭ ਤੋਂ ਘੱਟ ਪਾਈ ਗਈ। ਜਦੋਂ ਮੈੱਥ ਦੀ ਵੱਖ ਵੱਖ ਸ਼ਹਿਰਾਂ ਵਿੱਚ ਖਪਤ ਦਾ ਅਧਿਐਨ ਕੀਤਾ ਗਿਆ ਤਾਂ ਇਹ ਪਾਇਆ ਗਿਆ ਕਿ ਹੈਲੀਫੈਕਸ ਵਿੱਚ ਇਸ ਦੀ ਵਰਤੋਂ ਟੋਰਾਂਟੋ ਨਾਲੋਂ ਵੀ ਛੇ ਗੁਣਾਂ ਘੱਟ ਕੀਤੀ ਗਈ। ਵੈਸੇ ਇਨ੍ਹਾਂ ਦੋਵਾਂ ਸ਼ਹਿਰਾਂ ਵਿੱਚ ਇਸ ਦੀ ਸੱਭ ਤੋਂ ਘੱਟ ਖਪਤ ਹੋਈ ਦੱਸੀ ਗਈ। ਸੀਜ਼ਨ ਦੇ ਹਿਸਾਬ ਨਾਲ ਵੀ ਨਸ਼ਿਆਂ ਦੀ ਵਰਤੋਂ ਵਿੱਚ ਵਖਰੇਵਾਂ ਪਾਇਆ ਗਿਆ। ਮੈਰੀਯੁਆਨਾ ਦੀ ਵਰਤੋਂ ਮਈ, ਜੂਨ ਤੇ ਦਸੰਬਰ ਵਿੱਚ ਵੱਧ ਵੇਖਣ ਨੂੰ ਮਿਲੀ ਉੱਥੇ ਹੀ ਕੋਕੀਨ ਦੀ ਵਰਤੋਂ ਮਹੀਨਾਵਾਰੀ ਡਾਟਾ ਦੇ ਹਿਸਾਬ ਨਾਲ ਗਰਮੀਆ ਤੇ ਸਰਦੀਆਂ ਵਿੱਚ ਵਧੇਰੇ ਵੇਖਣ ਨੂੰ ਮਿਲੀ ਅਤੇ ਸਤੰਬਰ ਤੇ ਅਕਤੂਬਰ ਵਿੱਚ ਇਸ ਦੀ ਖਪਤ ਘੱਟ ਪਾਈ ਗਈ। ਪਰ ਅਧਿਐਨ ਵਿੱਚ ਪਾਇਆ ਗਿਆ ਕਿ ਕੈਨੇਡੀਅਨ ਸ਼ਹਿਰਾਂ ਵਿੱਚ ਮੈੱਥ ਦੀ ਵਰਤੋਂ ਦਾ ਕੋਈ ਖਾਸ ਸੀਜ਼ਨਲ ਪੈਟਰਨ ਨਹੀਂ ਹੈ। ਇਹ ਅਧਿਐਨ 12 ਮਹੀਨਿਆਂ ਦੇ ਅਰਸੇ ਵਿੱਚ ਕੀਤਾ ਗਿਆ ਤੇ ਇਸ ਲਈ ਇਹ ਪਤਾ ਲਾਉਣ ਲਈ ਕਿ ਇਹ ਸੀਜ਼ਨਲ ਪੈਟਰਨ ਹੀ ਹਮੇਸ਼ਾਂ ਰਹਿੰਦਾ ਹੈ ਤਾਂ ਇਸ ਅਧਿਐਨ ਨੂੰ ਹੋਰ ਵਧਾਉਣਾ ਹੋਵੇਗਾ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

## ਨਿਊ ਹੋਪ ਸੀਨੀਅਰ ਕਲੱਬ ਬਰੈਂਪਟਨ ਵੱਲੋਂ 2019 ਅਤੇ 2020 ਦੀ ਬੈਠਕਾਂ ਦਾ ਪ੍ਰੋਗਰਾਮ ਜਾਰੀ

NEW HOPE SENIOR CITIZENS OF BRAMPTON

September 11, 2019
September 25, 2019
October 9, 2019
October 23, 2019
November 13, 2019
November 27, 2019
December 4, 2019
December 18, 2019

Room #2 is Booked from 12:00 noon - 4:30 pm (Sharp)

Organization / Meeting Place
10150 The Gore Road, Brampton, Ontario L6P 0A6
(The Gore Meadows Community Centre & Library)

NEW HOPE SENIOR CITIZENS OF BRAMPTON

January 8, 2020
January 22, 2020
February 5, 2020
February 19, 2020
March 4, 2020
March 18, 2020
April 8, 2020
April 22, 2020
May 6, 2020
May 20, 2020
June 3, 2020
June 17, 2020

Room #2 is Booked from 12:30 pm - 5:00 pm (Sharp)

Organization / Meeting Place
10150 The Gore Road, Brampton, Ontario L6P 0A6
(The Gore Meadows Community Centre & Library)

## ਪ੍ਰੇਮਿਕਾ ਦੀ ਫੋਟੋ ਵਾਇਰਲ ਦੀ ਧਮਕੀ ਦੇ ਕੇ ਭੈਣ ਤੋਂ ਚਾਰ ਤੋਲੇ ਸੋਨਾ, ਡੇਢ ਲੱਖ ਕੈਸ਼ ਠੱਗੇ

ਖੰਨਾ, 27 ਅਗਸਤ (ਪੋਸਟ ਬਿਊਰੋ)- ਇੰਟਰਨੈਟ ਉੱਤੇ ਫੋਟੋ ਵਾਇਰਲ ਕਰਨ ਦੀ ਧਮਕੀ ਦੇ ਕੇ ਕੈਨੇਡਾ ਗਈ ਪ੍ਰੇਮਿਕਾ ਦੀ ਚਚੇਰੀ ਭੈਣ ਤੋਂ ਪ੍ਰੇਮੀ ਨੇ ਚਾਰ ਤੋਲੇ ਸੋਨੇ ਦੇ ਗਹਿਣੇ ਅਤੇ ਡੇਢ ਲੱਖ ਕੈਸ਼ ਠੱਗ ਗਿਆ। ਇਸ ਬਾਰੇ ਪੁਲਸ ਨੇ ਲੇਡੀ ਕਾਂਸਟੇਬਲ ਦੇ ਪਤੀ ਅਤੇ ਉਸ ਦੇ ਸਾਥੀ ਦੇ ਖਿਲਾਫ ਕੇਸ ਦਰਜ ਕੀਤਾ। ਦੋਸ਼ੀਆਂ ਦੀ ਪਛਾਣ ਰੋਹਿਤ ਕੁਮਾਰ ਵਾਸੀ ਗਊਸ਼ਾਲਾ ਰੋਡ ਖੰਨਾ ਤੇ ਸੰਦੀਪ ਸਿੰਘ ਸਾਰੇ ਵਾਸੀ ਗੁਰਬਚਨ ਕਲੋਨੀ ਲਲਹੇੜੀ ਰੋਡ ਖੰਨਾ ਵਜੋਂ ਹੋਈ ਹੈ। ਰੋਹਿਤ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਸੀ। ਇੱਕ ਪਸ਼ੂ ਵਪਾਰੀ ਦੀ 15 ਸਾਲ ਦੀ ਲੜਕੀ ਨੌਂ ਅਗਸਤ ਨੂੰ ਬਿਨਾ ਦੱਸੇ ਘਰੋਂ ਚਲੀ ਗਈ। ਤਲਾਸ਼ ਕਰਨ 'ਤੇ ਅਗਲੇ ਦਿਨ 10 ਅਗਸਤ ਨੂੰ ਚੰਡੀਗੜ੍ਹ ਵਿੱਚ ਮਿਲ ਗਈ। ਦੋ ਦਿਨ ਬਾਅਦ ਵਪਾਰੀ ਦੇ ਭਰਾ ਨੇ ਦੱਸਿਆ ਕਿ ਅਲਮਾਰੀ ਵਿੱਚੋਂ ਕਰੀਬ ਡੇਢ ਲੱਖ ਰੁਪਏ ਤੇ ਚਾਰ ਤੋਲੇ ਸੋਨੇ ਦੇ ਗਹਿਣੇ ਗਾਇਬ ਹਨ। ਜਦ ਵਪਾਰੀ ਨੇ ਬੇਟੀ ਤੋਂ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਛੇ ਮਹੀਨੇ ਪਹਿਲਾਂ ਕੈਨੇਡਾ ਗਈ ਵਪਾਰੀ ਦੇ ਭਰਾ ਦੀ ਬੇਟੀ ਨਾਲ ਰੋਹਿਤ ਦੀ ਦੋਸਤੀ ਸੀ। ਕੈਨੇਡਾ ਵਿੱਚ ਰਹਿੰਦੀ ਲੜਕੀ ਨੂੰ ਰੋਹਿਤ ਨੇ ਫੋਨ ਕਰ ਕੇ ਧਮਕੀ ਦਿੱਤੀ ਕਿ ਉਸ ਦੇ ਫੋਟੋ ਵਾਇਰਲ ਕਰ ਦੇਵੇਗਾ। ਕੈਨੇਡਾ ਤੋਂ ਵਪਾਰੀ ਦੀ ਬੇਟੀ ਨੂੰ ਫੋਨ ਕਰ ਕੇ ਸਾਰੀ ਗੱਲ ਦੱਸੀ ਗਈ। ਇਸ ਦੇ ਬਾਅਦ ਘਰੋਂ ਕੈਸ਼ ਅਤੇ ਗਹਿਣੇ ਚੁੱਕ ਕੇ ਦੋਸ਼ੀਆਂ ਨੂੰ ਦੇ ਦਿੱਤੇ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

## ਬਰੈਂਪਟਨ ਵਿੱਚ ਚੱਲੀ ਗੋਲੀ, ਚਾਰ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪੁਲਿਸ

ਬਰੈਂਪਟਨ, 27 ਅਗਸਤ (ਪੋਸਟ ਬਿਊਰੋ) : ਸੋਮਵਾਰ ਰਾਤ ਨੂੰ ਬਰੈਂਪਟਨ ਵਿੱਚ ਚੱਲੀ ਗੋਲੀ ਤੋਂ ਬਾਅਦ ਪੀਲ ਪੁਲਿਸ ਚਾਰ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ।

ਪੁਲਿਸ ਨੇ ਆਖਿਆ ਕਿ ਉਨ੍ਹਾਂ ਨੂੰ ਰਾਤੀਂ 11:20 ਉੱਤੇ ਕਈ ਗੋਲੀਆਂ ਚੱਲਣ ਦੀਆਂ ਸ਼ਿਕਾਇਤਾਂ ਤੋਂ ਬਾਅਦ ਗਲਿਡਨ ਤੇ ਰੁਦਰਫੋਰਡ ਰੋਡਜ਼ ਨੇੜੇ ਸੱਦਿਆ ਗਿਆ। ਜਦੋਂ ਉਹ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਨੂੰ ਉੱਥੇ ਇੱਕ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲਿਆ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਗਈ।

ਪੁਲਿਸ ਨੇ ਦੱਸਿਆ ਕਿ ਉਨ੍ਹਾਂ ਦੇ ਮੌਕੇ ਉੱਤੇ ਪਹੁੰਚਣ ਤੋਂ ਪਹਿਲਾਂ ਹੀ ਮਸ਼ਕੂਕ ਉੱਥੋਂ ਫਰਾਰ ਹੋ ਚੁੱਕੇ ਸਨ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇਹ ਸਾਰੇ 20 ਤੇ 30 ਸਾਲ ਦਰਮਿਆਨ ਦੀ ਉਮਰ ਦੇ ਸਿਆਹ ਨਸਲ ਦੇ ਵਿਅਕਤੀ ਸਨ ਤੇ ਉਨ੍ਹਾਂ ਸਿਆਹ ਰੰਗ ਦੇ ਹੀ ਕੱਪੜੇ ਪਾਏ ਹੋਏ ਸਨ। ਪੁਲਿਸ ਨੇ ਦੱਸਿਆ ਕਿ ਉਹ ਚਿੱਟੇ ਰੰਗ ਦੀ ਸੇਡਾਨ ਵਿੱਚ ਫਰਾਰ ਹੋਏ।




UK TRUCK TRAINING CENTRE
ukttc
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ShreGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergillawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B & C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# ਡੇਰਾ ਮੁਖੀ ਨੂੰ ਫਿਰ ਝਟਕਾ, ਪੈਰੋਲ ਅਰਜ਼ੀ ਹਾਈਕੋਰਟ ਵੱਲੋਂ ਰੱਦ

ਚੰਡੀਗੜ੍ਹ, 27 ਅਗਸਤ, (ਪੋਸਟ ਬਿਊਰੋ)- ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੀ ਪੈਰੋਲ ਲੈਣ ਦੀ ਅਰਜ਼ੀਪੰਜਾਬ ਹਰਿਆਣਾ ਹਾਈਕੋਰਟ ਨੇ ਇਕ ਵਾਰ ਫਿਰਰੱਦ ਕਰ ਦਿੱਤੀ ਹੈ। ਇਹ ਪਟੀਸ਼ਨ ਡੇਰਾ ਮੁਖੀ ਦੀ ਪਤਨੀ ਹਰਜੀਤ ਕੌਰ ਨੇ ਪੇਸ਼ ਕੀਤੀ ਤੇ ਇਸਵਿੱਚ ਡੇਰਾ ਮੁਖੀ ਦੀ ਮਾਤਾ ਨਸੀਬ ਕੌਰ ਦਾ ਇਲਾਜ ਕਰਾਉਣ ਦਾ ਕਾਰਨ ਦੱਸਿਆ ਸੀ। ਹਾਈ ਕੋਰਟ ਨੇ ਕਿਹਾ ਕਿ ਪੈਰੋਲ ਦੇਣਾ ਰਾਜ ਸਰਕਾਰ ਤੇ ਅਦਾਲਤ ਦੀ ਦਇਆ ਉੱਤੇ ਨਿਰਭਰ ਹੈ, ਇਹ ਕਿਸੇ ਕੈਦੀ ਦਾ ਅਧਿਕਾਰ ਨਹੀਂ ਹੁੰਦਾ। ਇਸ ਮੌਕੇ ਪਟੀਸ਼ਨ ਵਾਪਸ ਲੈ ਲੈਣ ਦੀ ਛੋਟ ਦਿੰਦਿਆਂ ਹਾਈ ਕੋਰਟ ਨੇ ਗੁਰਮੀਤ ਰਾਮ ਰਹੀਮ ਸਿੰਘ ਦੀ ਪਤਨੀ ਵੱਲੋਂ ਪਾਈ ਅਰਜ਼ੀ ਰੱਦ ਕਰ ਦਿੱਤੀ ਹੈ।



ਡੇਰਾ ਮੁਖੀ ਰਾਮ ਰਹੀਮ ਦੀ ਪਤਨੀ ਨੇ ਹਾਈ ਕੋਰਟ ਵਿੱਚ ਦਾਇਰ ਇਸ ਪਟੀਸ਼ਨ ਵਿਚ ਕਿਹਾ ਸੀ ਕਿ ਡੇਰਾ ਮੁਖੀ ਦੀ ਮਾਂਨਸੀਬ ਕੌਰ ਦੀ ਉਮਰ 85 ਸਾਲ ਹੈ। ਪਿਛਲੇ ਸਾਲ ਉਸ ਨੂੰ ਦਿਲ ਦਾ ਦੌਰਾ ਪਿਆ ਸੀ, ਪਰ ਉਹ ਇਲਾਜ ਨਹੀਂ ਕਰਵਾ ਰਹੀ, ਉਸ ਦੀ ਇੱਛਾ ਹੈ ਕਿ ਇਲਾਜ ਵੇਲੇ ਉਸ ਦਾ ਪੁੱਤਰ ਉਸ ਕੋਲ ਹੋਵੇ। ਜਦੋਂ ਤਕ ਉਸ ਦਾ ਪੁੱਤਰ ਨਾ ਆਵੇ, ਉਹ ਇਲਾਜ ਨਹੀਂ ਕਰਾਏਗੀ। ਏਸੇ ਲਈ ਉਨ੍ਹਾਂ ਨੇ ਰੋਹਤਕ ਜੇਲ੍ਹ ਦੇ ਸੁਪਰਡੈਂਟ ਨੂੰ 29 ਜੁਲਾਈ ਨੂੰ ਅਰਜ਼ੀ ਦੇ ਕੇ ਰਾਮ ਰਹੀਮ ਲਈ ਪੈਰੋਲ ਦੀ ਮੰਗ ਕੀਤੀ ਸੀ। ਹਾਈ ਕੋਰਟ ਦੇ ਆਦੇਸ਼ ਪਿੱਛੋਂ ਵੀ ਹਰਿਆਣਾ ਸਰਕਾਰ ਨੇ ਉਨ੍ਹਾਂ ਨੂੰ ਪੈਰੋਲ ਦੇਣ ਤੋਂ ਨਾਂਹ ਕਰ ਦਿੱਤੀ ਸੀ। ਇਸ ਕੇਸ ਵਿੱਚ ਹਾਈ ਕੋਰਟ ਦੇ ਬੈਂਚ ਨੇ ਕਿਹਾ ਕਿ ਜਦੋਂ ਤੁਹਾਡੇ ਡੇਰੇ ਵਿਚ ਹਸਪਤਾਲ ਹੈ ਤਾਂ ਤੁਸੀਂ ਡੇਰਾ ਮੁਖੀ ਦੀ ਮਾਂ ਨੂੰ ਪ੍ਰਾਈਵੇਟ ਹਸਪਤਾਲ ਕਿਉਂ ਦਾਖ਼ਲ ਕਰਾਇਆ ਹੈ? ਉਸ ਦੀ ਐਂਜੀਓਗ੍ਰਾਫੀ ਹੋ ਚੁੱਕੀ ਹੈ ਤੇ ਗੁਰਮੀਤ ਰਾਮ ਰਹੀਮ ਨੂੰ ਛੱਡ ਕੇ ਉਨ੍ਹਾਂ ਦਾ ਸਾਰਾ ਪਰਿਵਾਰ ਉਨ੍ਹਾਂ ਦੇ ਨਾਲ ਹੈ ਤਾਂ ਪੈਰੋਲ ਦੀ ਕੀ ਲੋੜ ਹੈ?

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਵੀ ਰਾਮ ਰਹੀਮ ਨੇ ਆਪਣੀ 'ਗੋਦ ਲਈ ਧੀ' ਦੇ ਵਿਆਹ ਵਿੱਚ ਜਾਣ ਲਈ ਹਾਈ ਕੋਰਟ ਤੋਂ ਪੈਰੋਲ ਦੀ ਮੰਗ ਕੀਤੀ ਸੀ, ਪਰ ਬਾਅਦ ਵਿਚ ਉਹ ਅਰਜ਼ੀ ਵਾਪਸ ਲੈ ਲਈ ਸੀ। ਉਸ ਤੋਂ ਬਾਅਦ ਖੇਤੀ ਲਈ ਜੇਲ੍ਹ ਸੁਪਰਡੈਂਟ ਤੋਂ ਪੈਰੋਲ ਮੰਗੀ ਸੀ, ਪਰ ਪਿੱਛੋਂ ਇਹ ਅਰਜ਼ੀ ਵੀ ਵਾਪਸ ਲੈ ਲਈ ਸੀ। ਅੱਜਇਸ ਦੀ ਸੁਣਵਾਈ ਸ਼ੁਰੂ ਹੁੰਦਿਆਂ ਸਾਰਅਦਾਲਤ ਨੇ ਡੇਰਾ ਮੁਖੀ ਦੀ ਪਤਨੀ ਦੀ ਅਰਜ਼ੀ ਉੱਤੇਸਵਾਲ ਉਠਾਇਆ ਅਤੇ ਕਿਹਾ ਕਿ ਤੁਸੀਂ ਕਿਸ ਅਧਿਕਾਰ ਨਾਲ ਇਹ ਅਰਜ਼ੀ ਦਾਇਰ ਕੀਤੀ ਹੈ? ਪੈਰੋਲ ਲਈ ਇਹੋ ਪਟੀਸ਼ਨ ਡੇਰਾ ਮੁਖੀ ਰਾਮ ਰਹੀਮ ਆਪ ਕਿਉਂ ਨਹੀਂ ਦਾਇਰ ਕਰਦਾ? ਇਸ ਦੇ ਬਾਅਦ ਪਰਵਾਰ ਨੇ ਅਰਜ਼ੀ ਵਾਪਸ ਲੈ ਲਈ।

# ਹਾਂਗਕਾਂਗ ਬਾਰੇ ਜੀ-7 ਦੇਸ਼ਾਂ ਦੇ ਮਤੇ ਤੋਂ ਚੀਨ ਭੜਕ ਪਿਆ





ਬੀਜਿੰਗ, 27 ਅਗਸਤ, (ਪੋਸਟ ਬਿਊਰੋ)- ਵਿਕਸਿਤ ਦੇਸ਼ਾਂ ਦੇ ਗਰੁੱਪ ਜੀ-7 ਵੱਲੋਂਫਰਾਂਸ ਵਿੱਚ ਕੀਤੇ ਸੰਮੇਲਨ ਵਿੱਚ ਹਾਂਗਕਾਂਗ ਬਾਰੇ ਪਾਸ ਕੀਤੇ ਮਤੇ ਉੱਤੇ ਚੀਨ ਨੇ ਸਖ਼ਤ ਇਤਰਾਜ਼ ਕੀਤਾ ਹੈ। ਹਾਂਗਕਾਂਗ ਦੇ ਹਾਲਾਤ ਨੂੰ ਵੇਖਦੇ ਹੋਏ ਜੀ-7 ਦੇਸ਼ਾਂ ਨੇ ਚੀਨ ਨੂੰ 1984 ਵਿੱਚ ਹੋਏ ਬ੍ਰਿਟੇਨ-ਚੀਨ ਸਮਝੌਤੇ ਦੀ ਜ਼ਿੰਮੇਵਾਰੀ ਯਾਦ ਕਰਵਾਈ ਸੀ। ਇਸ ਸੋਮਵਾਰ ਖਤਮ ਹੋਏ ਸੰਮੇਲਨਨੇ ਹਾਂਗਕਾਂਗ ਦੇ ਲੋਕਤੰਤਰ ਹਮਾਇਤੀ ਅੰਦੋਲਨ ਦੇ ਪੱਖ ਵਿੱਚ ਮਤਾ ਪਾਸ ਕੀਤਾ ਹੈ।

ਜੀ-7 ਦੇ ਮਤੇ ਵਿੱਚ ਕਿਹਾ ਗਿਆ ਹੈ ਕਿ 'ਜੀ-7 1984 ਵਿੱਚ ਚੀਨ-ਬ੍ਰਿਟੇਨ ਵਿਚਾਲੇ ਹਾਂਗਕਾਂਗ ਦੇ ਸਮਝੌਤੇ ਦੇ ਮਹੱਤਵ ਨੂੰ ਮੰਨਦਾ ਤੇ ਹਿੰਸਾ ਤੋਂ ਬਚਣ ਦੀ ਅਪੀਲ ਕਰਦਾ ਹੈ।' ਗਰੁੱਪ-7 ਦੇਸ਼ਾਂ ਬ੍ਰਿਟੇਨ, ਕੈਨੇਡਾ, ਫਰਾਂਸ, ਜਰਮਨੀ, ਇਟਲੀ, ਜਾਪਾਨ ਅਤੇ ਅਮਰੀਕਾ ਨੇ ਮਤੇ ਨੂੰ ਸਮਰਥਨ ਦਿੱਤਾ ਹੈ। ਹਾਂਗਕਾਂਗ ਦੇ ਲੋਕਤੰਤਰ ਸਮਰਥਕ ਅੰਦੋਲਨ ਦੇ ਲਈਇਸ ਮਤੇ ਨੂੰਵੱਡਾ ਕੌਮਾਂਤਰੀ ਸਮਰਥਨ ਸਮਝਿਆ ਜਾ ਰਿਹਾ ਹੈ।

ਚੀਨ ਨੂੰ ਜੀ-7 ਦੇਸ਼ਾਂ ਦਾ ਇਹ ਮਤਾਰਾਸ ਨਹੀਂ ਆਇਆ। ਉਸ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੇਂਗ ਸ਼ੁਆਂਗ ਨੇ ਇਸ ਨੂੰ ਚੀਨ ਦੇ ਅੰਦਰੂਨੀ ਮਾਮਲਿਆਂ ਵਿੱਚ ਜੀ-7 ਵੱਲੋਂ ਦਖ਼ਲ ਕਿਹਾ ਹੈ। ਬੁਲਾਰੇ ਨੇ ਕਿਹਾ, 'ਹਾਂਗਕਾਂਗ ਦੇ ਕੇਸ ਵਿੱਚ ਜੀ-7 ਦੇਸ਼ਾਂ ਦੇ ਬਿਆਨ ਉੱਤੇ ਅਸੀਂ ਸਖ਼ਤ ਇਤਰਾਜ਼ ਕਰਦੇ ਅਤੇ ਇਸ ਦਾ ਵਿਰੋਧ ਕਰਦੇ ਹਾਂ। ਕੌਮਾਂਤਰੀ ਕਾਨੂੰਨ ਤੇ ਕੌਮਾਂਤਰੀ ਸਬੰਧਾਂ ਦੇ ਸਾਧਾਰਨ ਨਿਯਮਾਂ ਮੁਤਾਬਕ ਕਿਸੇ ਵੀ ਦੇਸ਼ ਨੂੰ ਚੀਨ-ਬ੍ਰਿਟੇਨ ਸਾਂਝੇ ਸਮਝੌਤੇ ਹੇਠ ਹਾਂਗਕਾਂਗ ਦੇ ਮਾਮਲੇ ਵਿੱਚ ਦਖ਼ਲ ਦੇਣ ਦਾ ਅਧਿਕਾਰ ਨਹੀਂ ਹੈ।'

ਵਰਨਣ ਯੋਗ ਹੈ ਕਿ 1984 ਦੇ ਚੀਨ-ਬ੍ਰਿਟੇਨ ਸਹਿਮਤੀ ਪੱਤਰ ਹੇਠ ਹਾਂਗਕਾਂਗ ਵਿੱਚ'ਇਕ ਦੇਸ਼, ਦੋ ਪ੍ਰਸ਼ਾਸਨ' ਦੀ ਵਿਵਸਥਾ ਉੱਤੇ ਸਹਿਮਤੀ ਬਣੀ ਸੀ। ਇਸ ਹੇਠ ਵਿਦੇਸ਼ ਤੇ ਰੱਖਿਆ ਮਾਮਲਿਆਂ ਤੋਂ ਇਲਾਵਾ ਹਾਂਗਕਾਂਗ ਨੂੰ ਲੋੜੀਂਦੀ ਖ਼ੁਦਮੁਖ਼ਤਾਰੀ ਦੇਣ ਦੀ ਗੱਲਕਹੀ ਗਈ ਅਤੇ ਨਾਲ ਇਹ ਵੀ ਕਿਹਾ ਗਿਆ ਸੀ ਕਿ ਹਾਂਗਕਾਂਗ ਸਪੈਸ਼ਲ ਐਡਮਿਨਿਸਟ੍ਰੇਟਿਵ ਰੀਜਨ (ਐੱਚਕੇਐੱਸਏ ਆਰ) ਦੇ ਮੁੱਢਲੇ ਕਾਨੂੰਨਾਂ ਵਿੱਚ 50 ਸਾਲ ਕੋਈ ਬਦਲਾਅ ਨਹੀਂ ਕੀਤਾ ਜਾਵੇਗਾ ਅਤੇ ਐੱਚਕੇਐੱਸਏਆਰ ਦੀ ਸਰਕਾਰ ਹੀ ਇਸ ਖੇਤਰਦੀ ਕਾਨੂੰਨ ਵਿਵਸਥਾ ਸੰਭਾਲੇਗੀ ਤੇ ਚੀਨ ਦੀ ਕੇਂਦਰਸਰਕਾਰ ਵੱਲੋਂ ਰੱਖਿਆ ਕਾਰਨਾਂ ਕਰਕੇ ਹਾਂਗਕਾਂਗ ਵਿੱਚ ਤਾਇਨਾਤ ਕੀਤੀ ਫ਼ੌਜ ਏਥੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲ ਨਹੀਂ ਦੇਵੇਗੀ।

# ਐਪਲ 'ਸੀਰੀ' ਨੇ ਲੋਕਾਂ ਦੇ ਸੈਕਸ ਸਬੰਧ ਬਣਾਉਣ ਦੀਆਂ ਆਵਾਜ਼ਾਂ ਵੀ ਰਿਕਾਰਡ ਕਰ ਲਈਆਂ!

ਵਾਸ਼ਿੰਗਟਨ, 27 ਅਗਸਤ, (ਪੋਸਟ ਬਿਊਰੋ)- ਐਪਲ ਦੇ ਡਿਜੀਟਲ ਅਸਿਸਟੈਂਟ 'ਸੀਰੀ'ਬਾਰੇ ਇਕ ਰਿਪੋਰਟ ਦੇ ਵਿੱਚ ਸਨਸਨੀਖੇਜ਼ ਖੁਲਾਸਾ ਹੋਇਆ ਹੈ। ਇਹ ਸਾਫਟਵੇਅਰ ਐਪਲ ਵੱਲੋਂਰੱਦ ਕਰਨ ਨਾਲ ਠੇਕੇ ਉੱਤੇ ਕੰਮ ਕਰਦੇ ਮੁਲਾਜ਼ਮਾਂ ਉੱਤੇ ਰੁਜ਼ਗਾਰ ਦੀ ਤਲਵਾਰ ਲਟਕ ਗਈ ਹੈ। ਉਹ 1,000 ਰਿਕਾਰਡਿੰਗਸ਼ਿਫਟਾਂ ਵਿੱਚ ਸੁਣਨ ਦਾ ਕੰਮ ਕਰਦੇ ਸਨ ਅਤੇ ਇਸ ਰਿਕਾਰਡਿੰਗ ਵਿੱਚਉਹ ਰੋਜ਼ ਵੱਡੀਆਂ ਬਿਜਨਿਸ ਡੀਲਜ਼, ਡਰੱਗ ਡੀਲਿੰਗ ਅਤੇ ਇਥੋਂ ਤੱਕ ਕਿ ਲੋਕਾਂ ਦੇ ਸਰੀਰਕ ਸਬੰਧ ਬਣਾਉਣ ਦੀ ਆਵਾਜ਼ਾਂ ਵੀ ਸੁਣਦੇ ਸਨ। ਇਨਾਂ ਮੁਲਾਜ਼ਮਾਂ ਦਾ ਕੰਮ ਸੀਰੀ ਵੱਲੋਂ ਰਿਕਾਰਡ ਕੀਤੀਆਂ ਆਵਾਜ਼ਾਂ ਨਾਲ ਇਸ ਵਰਚੁਅਲ ਇੰਟੈਲੀਜੈਂਸ ਨੂੰ ਹੋਰ ਬਿਹਤਰ ਬਣਾਉਣ ਦਾ ਸੀ।

ਸੀਰੀ ਲਈ ਕੰਮ ਕਰ ਰਹੇ ਇਕ ਸਾਬਕਾ ਮੁਲਾਜ਼ਮ ਦੇ ਹਵਾਲੇ ਨਾਲ ਇਕ ਆਇਰਸ਼ ਜਾਂਚ ਅਧਿਕਾਰੀ ਨੇ ਆਪਣੀ ਰਿਪੋਰਟ ਵਿੱਚਭੇਦ ਖੋਲ੍ਹਿਆ ਹੈ, ਜਿਸ ਨੂੰ ਸਾਬਕਾ ਮੁਲਾਜ਼ਮ ਨੇ ਦੱਸਿਆ ਕਿ ਰਿਕ-ਾਰਡਿੰਗ ਗੁਪਤ ਰੱਖੀ ਜਾਂਦੀ ਸੀ। ਉਸ ਨੇ ਦੱਸਿਆ ਕਿ ਇਹ ਰਿਕਾਰਡਿੰਗਜ਼ ਕੁਝ ਸਕਿੰਟ ਲੰਬੀਆਂ ਹੁੰਦੀਆਂ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾ ਉਹ ਸਨ,ਜਿਹੜੀਆਂ ਸੀਰੀ ਨੂੰ ਕਮਾਂਡ ਦਿੰਦੀਆਂ ਹਨ। ਰਿਕਾਰਡਿੰਗ ਸੁਣਨ ਦੇ ਕੰਮ ਵਾਲੇ ਹਰ ਕਾਮੇ ਨੂੰ ਰੋਜ਼ 1,000 ਰਿਕਾਰਡਿੰਗ ਸੁਣਨੀਆਂ ਹੁੰਦੀਆਂ ਸਨ। ਸੀਰੀ ਵੱਲੋਂ ਰਿਕਾਰਡ ਕੀਤੀਆਂ ਰਿਕਾਰਡਿੰਗਾਂ ਵਿੱਚ ਲੋਕਾਂ ਦੇ ਸੈਕਸ ਦੀਆਂ ਆਵਾਜ਼ਾਂ, ਡਰੱਗ ਡੀਲਸ ਤੇ ਬਿਜਨਿਸ ਡੀਲਸ ਵੀ ਹੁੰਦੀਆਂ ਸਨ। ਇਸ ਰਿਪੋਰਟ ਦੇ ਬਾਅਦ ਐਪਲ ਯੂਜ਼ਰਸ ਹੈਰਾਨ ਹਨ, ਕਿਉਂਕਿ ਉਨ੍ਹਾਂ ਨੂੰ ਪਤਾ ਨਹੀਂਸੀ ਕਿ ਉਨ੍ਹਾਂ ਦੀਆਂ ਨਿੱਜੀ ਗੱਲਾਂ ਨੂੰ ਕੋਈ ਸੁਣ ਵੀ ਰਿਹਾ ਹੈ।

# ਸਾਬਕਾ ਜੱਜ ਵੱਲੋਂ ਗਵਾਹੀ: ਵੱਡੇ ਕਾਰੋਬਾਰੀ ਜਨਾਰਦਨ ਰੈਡੀ ਦੀ ਜ਼ਮਾਨਤ ਬਦਲੇ 40 ਕਰੋੜ ਦੀ ਪੇਸ਼ਕਸ਼ ਹੋਈ ਸੀ

ਹੈਦਰਾਬਾਦ, 27 ਅਗਸਤ, (ਪੋਸਟ ਬਿਊਰੋ)- ਬਹੁ-ਚਰਚਿਤ 'ਕੈਸ਼ ਫਾਰ ਬੇਲ ਕੇਸ' ਵਿੱਚਸੀ ਬੀ ਆਈ ਦੀ ਸਪੈਸ਼ਲ ਕੋਰਟ ਦੇ ਜੱਜ ਬੀ ਨਾਗਾਮੂਰਤੀ ਸ਼ਰਮਾ ਨੇ ਵੱਡਾ ਖ਼ੁਲਾਸਾ ਕੀਤਾ ਹੈ।

ਭ੍ਰਿਸ਼ਟਾਚਾਰ ਵਿਰੋਧੀ ਬਿਊਰੋ ਦੀ ਅਦਾਲਤ ਦੇ ਪ੍ਰਿੰਸੀਪਲ ਜੱਜਅੱਗੇ ਸੋਮਵਾਰ ਪੇਸ਼ੀ ਦੌਰਾਨਜੱਜ ਬੀ ਨਾਗਾਮੂਰਤੀ ਸ਼ਰਮਾ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਮਾਈਨਿੰਗ ਵਪਾਰੀ ਜੀ ਜਨਾਰਦਨ ਰੈਡੀ ਨੂੰ ਜ਼ਮਾਨਤ ਉੱਤੇ ਛੱਡਣ ਦੇ ਲਈ 40 ਕਰੋੜ ਰੁਪਏ ਦੀ ਪੇਸ਼ਕਸ਼ ਹੋਈ ਸੀ। ਵਰਨਣ ਯੋਗ ਹੈ ਕਿ ਨਾਗਾਮੂਰਤੀ ਸ਼ਰਮਾ ਤੋਂ ਬਾਅਦ ਅਹੁਦਾ ਸੰਭਾਲਣ ਵਾਲੇ ਜੱਜ ਟੀ ਪੱਟਾਭੀ ਰਾਮਾਰਾਓ ਅਤੇ ਹਾਈ ਕੋਰਟ ਦੇ ਇਕ ਜੁਡੀਸ਼ਲ ਅਧਿਕਾਰੀ ਏਸੇ ਮਾਈਨਿੰਗ ਕਾਰੋਬਾਰੀ ਨੂੰ ਜ਼ਮਾਨਤ ਦੇਣ ਦੇ ਕੇਸ ਵਿੱਚ ਰਿਸ਼ਵਤ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤੇ ਗਏ ਸਨ। ਆਂਧਰਾ ਪ੍ਰਦੇਸ਼ ਹਾਈ ਕੋਰਟ ਦੇ ਰਜਿਸਟਰਾਰ ਕੇ. ਲਕਸ਼ਮੀ ਨਰਸਿਮਹਾ ਰਾਓ ਨੇ ਮਾਈਨਿੰਗ ਕਾਰੋਬਾਰੀ ਰੈਡੀ ਵੱਲੋਂ ਅਪ੍ਰੈਲ 2012 ਵਿੱਚ ਜਸਟਿਸ ਨਾਗਾਮੂਰਤੀ ਸ਼ਰਮਾ ਨੂੰ ਰਿਸ਼ਵਤ ਦੀ ਪੇਸ਼ਕਸ਼ ਕੀਤੀ ਸੀ। ਸੀ ਬੀ ਆਈਨੇ ਸਤੰਬਰ 2011 ਵਿੱਚ ਨਾਜਾਇਜ਼ ਮਾਈਨਿੰਗ ਦੇ ਦੋਸ਼ ਵਿੱਚ ਰੈਡੀ ਨੂੰ ਗ੍ਰਿਫ਼ਤਾਰ ਕੀਤਾ ਸੀ। ਇਸ ਪਿੱਛੋਂ ਉਹ ਚੰਚਲਗੁਡਾ ਜੇਲ੍ਹ ਵਿੱਚਸੀ ਤਾਂ ਇਸੇ ਦੌਰਾਨ ਉਸ ਨੂੰ ਜ਼ਮਾਨਤ ਦਿਵਾਉਣ ਲਈ ਜੱਜ ਬੀ ਨਾਗਾਮੂਰਤੀ ਸ਼ਰਮਾ ਨੂੰ 40 ਕਰੋੜ ਰੁਪਏ ਦੀ ਪੇਸ਼ਕਸ਼ ਕੀਤੀ ਗਈ ਸੀ।

ਇਸ ਸੋਮਵਾਰ ਗਵਾਹ ਵਜੋਂ ਪੇਸ਼ ਹੋਏ ਜੱਜ ਨਾਗਾਮੂਰਤੀ ਸ਼ਰਮਾ ਨੇਅਦਾਲਤ ਨੂੰ ਕਿਹਾ, 'ਮੈਂ ਉਸ ਵੇਲੇ ਪੇਸ਼ਕਸ਼ ਨੂੰ ਤੁਰੰਤ ਰੱਦ ਕਰ ਦਿੱਤਾਤੇ ਰਜਿਸਟਰਾਰ ਦੇ ਘਰੋਂ ਨਿਕਲ ਗਿਆ।' ਬਾਅਦ ਵਿੱ-ਚਜੱਜ ਨਾਗਾਮੂਰਤੀ ਸ਼ਰਮਾ ਨੇ ਰੈਡੀ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ, ਜਿਹੜੀ ਉਨ੍ਹਾਂ ਕੋਲ ਪੈਂਡਿੰਗ ਸੀ। ਇਸ ਵਕਤ ਇਹ ਕੇਸ ਟਰਾਇਲਤੱਕ ਪਹੁੰਚ ਚੁੱਕਾ ਹੈ। ਐਂਟੀ ਕੁਰੱਪਸ਼ਨ ਬਿਊਰੋ ਦੀਹੈਦਰਾਬਾਦ ਸਪੈਸ਼ਲ ਕੋਰਟ ਨੇ ਨਾਗਾਮੂਰਤੀ ਸ਼ਰਮਾ ਦਾਬਿਆਨ ਦਰਜ ਕੀਤਾ ਤੇ ਇਸ ਕੇਸ ਦੀ ਅਗਲੀ ਸੁਣਵਾਈ 13 ਸਤੰਬਰ ਨੂੰ ਰੱਖੀ ਹੈ। ਏਸੀਬੀ ਕੋਰਟ ਨੇ ਕਿਹਾ ਹੈ ਕਿ 13 ਸਤੰਬਰ ਨੂੰ ਅਗਲੀ ਸੁਣਵਾਈ ਦੌਰਾਨਜੱਜ ਨਾਗਾਮੂਰਤੀ ਸ਼ਰਮਾ ਵੱਲੋਂਦਿੱਤੇ ਬਿਆਨ ਉੱਤੇ ਜਨਾਰਦਨ ਰੈਡੀ ਦੇ ਵਕੀਲ ਬਹਿਸ ਕਰ ਸਕਦੇ ਹਨ। ਕੋਰਟ ਵਿੱਚ ਸ਼ਰਮਾ ਵੱਲੋਂ ਬਿਆਨ ਦਰਜ ਕਰਵਾਉਣ ਵੇਲੇ ਜਨਾਰਦਨ ਰੈਡੀ ਵੀ ਉੱਥੇ ਮੌਜੂਦ ਸੀ। ਐਂਟੀ ਕੁਰੱਪਸ਼ਨ ਬਿਊਰੋ ਦੀ ਕੋਰਟ ਸਾਹਮਣੇ ਨਾਗਾਮੂਰਤੀ ਸ਼ਰਮਾ ਨੇ ਕਿਹਾ ਕਿ ਹੈਦਰਾਬਾਦ ਸੀ ਬੀ ਆਈ ਕੋਰਟ ਵਿੱਚਉਨ੍ਹਾਂ ਨੇ ਸਪੈਸ਼ਲ ਜੱਜਵਜੋਂਅਪਰੈਲ 2011 ਵਿੱਚਚਾਰਜ ਸੰਭਾਲਿਆ ਸੀ। ਅਪਰੈਲ 2012 ਵਿੱਚ ਹਾਈ ਕੋਰਟ ਦੇ ਰਜਿਸਟਰਾਰ ਲਕਸ਼ਮੀ ਨਰਸਿਮਹਾ ਰਾਓ ਨੇ ਉਨ੍ਹਾਂ ਨੂੰ ਫੋਨ ਕਰਕੇ ਮਿਲਣ ਨੂੰ ਕਿਹਾ। ਇਸ ਮੌਕੇ ਉਨ੍ਹਾਂ ਕਿਹਾ: 'ਰਾਓ ਸੀਨੀਅਰ ਸਨ, ਇਸ ਲਈ ਮੈਂ ਖ਼ੁਦ ਉਨ੍ਹਾਂ ਦੇ ਘਰ ਆ ਕੇ ਮਿਲਣ ਦੀ ਗੱਲਕਹੀ। ਮੈਂ 18 ਅਪਰੈਲ 2012 ਸਵੇਰੇ ਉਨ੍ਹਾਂ ਦੇ ਘਰ ਗਿਆ। ਏਥੇ ਸਾਡੀ ਕੁਝ ਦੇਰ ਸਾਧਾਰਨ ਗੱਲਬਾਤ ਹੋਈ, ਪਰ ਕੁਝ ਦੇਰ ਬਾਅਦ ਰਾਓ ਇਸ ਮੁੱਦੇ ਉੱਤੇ ਆਏ। ਉਨ੍ਹਾਂ ਨੇ ਮੇਰੇ ਸਾਹਮਣੇ ਜਨਾਰਦਨ ਰੈਡੀ ਨੂੰ ਜ਼ਮਾਨਤ ਦੇਣ ਦੀ ਗੱਲ ਰੱਖੀ।' ਨਾਗਾਮੂਰਤੀਸ਼ਰਮਾ ਨੇ ਦੱਸਿਆ ਕਿ ਖ਼ੁਦ ਲਕਸ਼ਮੀ ਨਰਸਿਮਹਾ ਰਾਓ ਨੇ ਕਿਹਾ ਕਿ ਰੈਡੀ ਦੇ ਲੋਕ ਜ਼ਮਾਨਤ ਦੇਣ ਲਈ ਮੈਨੂੰ 40 ਕਰੋੜ ਰੁਪਏ ਤੱਕ ਦੇਣ ਨੂੰ ਤਿਆਰ ਹਨ। ਮੈਂ ਤੁਰੰਤ ਇਸ ਸੋਚ ਨੂੰ ਰੱਦ ਕੀਤਾ ਅਤੇ ਉਨ੍ਹਾਂ ਦੇ ਘਰੋਂ ਨਿਕਲ ਗਿਆ।

ਵਰਨਣ ਯੋਗ ਹੈ ਕਿਫਿਰ ਇਸ ਕੇਸ ਵਿੱਚਨਾਗਾਮੂਰਤੀ ਸ਼ਰਮਾ ਵਾਲਾ ਅਹੁਦਾ ਸੰਭਾਲਣ ਵਾਲੇ ਪੱਟਾਭੀ ਰਾਮਾਰਾਓ ਨੇ ਜਨਾਰਦਨ ਰੈਡੀ ਨੂੰ ਜ਼ਮਾਨਤ ਦੇ ਦਿੱਤੀ ਸੀ ਤੇ ਫਿਰ ਰਿਸ਼ਵਤ ਲੈਂਦੇ ਹੋਏ ਸੀ ਬੀ ਆਈ ਅਤੇ ਏਸੀਬੀ ਅਧਿਕਾਰੀਆਂ ਨੇ ਸਾਂਝੇ ਛਾਪੇ ਦੌਰਾਨ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਏਸੀਬੀ ਅਧਿਕਾਰੀਆਂ ਨੇ ਜੁਲਾਈ 2012 ਵਿੱਚ ਲਕਸ਼ਮੀ ਨਰਸਿਮਹਾ ਰਾਓ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਸੀ।


# ਹਲਕਾ ਮੁਕੇਰੀਆਂ ਦੇ ਕਾਂਗਰਸੀ ਵਿਧਾਇਕ ਰਜਨੀਸ਼ ਕੁਮਾਰ ਬੱਬੀ ਦਾ ਦੇਹਾਂਤ



ਮੁਕੇਰੀਆਂ, 27 ਅਗਸਤ, (ਪੋਸਟ ਬਿਊਰੋ)- ਹਲਕਾ ਮੁਕੇਰੀਆਂ ਦੇ ਵਿਧਾਇਕ ਰਜਨੀਸ਼ ਕੁਮਾਰ ਬੱਬੀ ਪਿਛਲੇ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ।ਅੱਜ ਪੀਜੀਆਈ ਚੰਡੀਗੜ੍ਹ ਵਿਖੇ ਉਨ੍ਹਾਂ ਦਾ ਦੇਹਾਂਤ ਹੋ ਗਿਆ ਹੈ। ਪੰਜਾਬ ਦੇ ਸਾਬਕਾ ਖਜ਼ਾਨਾ ਮੰਤਰੀ ਮਰਹੂਮ ਡਾ: ਕੇਵਲ ਕ੍ਰਿਸਨ ਦੇ ਪੁੱਤਰ ਰਜਨੀਸ਼ ਕੁਮਾਰ ਬੱਬੀ ਪਿਛਲੀਆਂ ਦੋ ਵਿਧਾਨ ਸਭਾ ਚੋਣਾਂ ਵਿੱਚ ਮੁਕੇਰੀਆਂ ਹਲਕੇ ਤੋਂ ਲਗਾਤਾਰ ਜੇਤੂ ਰਹੇ ਸਨ। ਉਨ੍ਹਾਦੀ ਬੇਵਕਤੀ ਮੌਤਨਾਲ ਹਲਕੇ ਦੀਆਂ ਸਿਆਸੀ, ਸਮਾਜਿਕ ਤੇ ਧਾਰਮਿਕ ਸਫਾਂ ਵਿੱਚ ਦੁੱਖ ਦੀ ਲਹਿਰ ਦੌੜ ਗਈ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੁਕੇਰੀਆਂ ਦੇ ਕਾਂਗਰਸੀ ਵਿਧਾਇਕ ਰਜਨੀਸ਼ ਕੁਮਾਰ ਬੱਬੀ ਦੇ ਦੇਹਾਂਤ ਉੱਤੇ ਗਹਿਰਾ ਸਦਮੇ ਅਤੇ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਬੱਬੀ ਦਾ ਦੇਹਾਂਤ ਪੰਜਾਬ ਲਈ ਬਹੁਤ ਵੱਡਾ ਘਾਟਾ ਹੈ।

# ਪੰਜਾਬ ਸਰਕਾਰ ਦੇ ਨਸ਼ਾ ਰੋਕਣ ਦੇ ਯਤਨਾਂ ਤੋਂ ਹਾਈ ਕੋਰਟ ਹਾਲੇ ਵੀ ਸੰਤੁਸ਼ਟ ਨਹੀਂ

## ਏਸੇ ਵੀਰਵਾਰ ਡੀਜੀਪੀ ਨੂੰ ਤਲਬ ਕਰ ਲਿਆ ਗਿਆ



ਚੰਡੀਗੜ੍ਹ, 27 ਅਗਸਤ, (ਪੋਸਟ ਬਿਊਰੋ)- ਪੰਜਾਬ ਵਿਚ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਉੱਤੇਰੋਕ ਲਾਉਣ ਦੇ ਪੰਜਾਬ ਸਰਕਾਰ ਦੇ ਯਤਨਾਂ ਤੋਂ ਪੰਜਾਬ ਹਰਿਆਣਾ ਹਾਈ ਕੋਰਟ ਦੀ ਤਸੱਲੀ ਨਹੀਂ ਹੋ ਸਕੀ ਅਤੇ ਉਸ ਨੇ ਇਸ ਬਾਰੇ ਪੰਜਾਬ ਦੇ ਪੁਲਿਸ ਮੁਖੀ (ਡੀ ਜੀ ਪੀ) ਨੂੰ 29 ਅਗਸਤ ਨੂੰ ਅਦਾਲਤ ਵਿਚ ਤਲਬ ਕਰ ਲਿਆ ਹੈ।

ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਅਤੇ ਪਸਾਰੇ ਉੱਤੇ ਕੰਟਰੋਲ ਲਈ ਹਾਈ ਕੋਰਟ ਵੱਲੋਂ ਜਾਰੀ ਕੀਤੇ ਨਿਰਦੇਸ਼ਾਂ ਉੱਤੇ ਪੰਜਾਬ ਪੁਲਿਸ ਦੇ ਰੁਖ ਉੱਤੇਤਸੱਲੀ ਪ੍ਰਗਟ ਨਾ ਕਰਦੇ ਹੋਏ ਜਸਟਿਸ ਰਾਜੀਵ ਸ਼ਰਮਾ ਤੇ ਜਸਟਿਸ ਹਰਿੰਦਰ ਸਿੰਘ ਸਿੱਧੂ ਦੇ ਬੈਂਚ ਨੇ ਕਿਹਾ ਕਿ ਜੇ ਪੁਲਿਸ ਇਨ੍ਹਾਂ ਨਿਰਦੇਸ਼ਾਂ ਨੂੰ ਲਾਗੂ ਕਰਦੀ ਤਾਂ ਨਸ਼ਿਆਂ ਦੇ ਪਸਾਰ ਵਾਲੇ 70 ਫ਼ੀਸਦੀ ਕੇਸਾਂ ਬਾਰੇ ਪੰਜਾਬ ਨੂੰ ਬਚਾਇਆ ਜਾ ਸਕਦਾ ਸੀ। ਅੱਜ ਮੰਗਲਵਾਰ ਇਸ ਕੇਸ ਵਿਚ ਸੁਣਵਾਈ ਮੌਕੇ ਅਦਾਲਤ ਵਿਚ ਹਾਜ਼ਰ ਪੰਜਾਬ ਪੁਲਸ ਦੀ ਨਸ਼ਿਆਂ ਦੇ ਵਿਰੁੱਧ ਵਿਸ਼ੇਸ਼ ਟਾਸਕ ਫੋਰਸ (ਐੱਸਟੀਐੱਫ) ਦੇ ਮੁਖੀ ਐਡੀਸ਼ਨਲ ਡੀਜੀਪੀ ਹਰਪ੍ਰੀਤ ਸਿੰਘ ਸਿੱਧੂ ਨੇ ਅਦਾਲਤ ਨੂੰ ਦੱਸਿਆ ਕਿ ਨਸ਼ਿਆਂ ਦੇ ਵੱਡੇ ਕੇਸਾਂਬਾਰੇ ਜਾਣਕਾਰੀ ਇਨਫੋਰਸਮੈਂਟ ਡਾਇਰੈਕਟੋਰੇਟ(ਈਡੀ) ਨੂੰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਨਸ਼ੀਲੇ ਪਦਾਰਥਾਂ ਦੇ ਧੰਦੇ ਨਾਲ ਜੁੜੇ ਉਨ੍ਹਾਂਕੇਸਾਂ, ਜਿਨ੍ਹਾਂ ਵਿਚ ਭਾਰੀ ਪੈਸੇ ਦਾ ਲੈਣ-ਦੇਣ ਸ਼ਾਮਲ ਹੈ, ਦੀ ਜਾਂਚ ਈਡੀ ਵੱਲੋਂ ਕੀਤੀ ਜਾ ਸਕਦੀ ਹੈ ਤੇ ਪੰਜਾਬ ਪੁਲਿਸ ਕੋਲ ਏਦਾਂ ਦੇ ਕੇਸਾਂ ਦੀ ਸਾਰੀ ਜਾਣਕਾਰੀ ਦੇ ਦਸਤਾਵੇਜ਼ ਈਡੀ ਨੂੰ ਸੌਂਪੇ ਜਾ ਚੁੱਕੇ ਹਨ। ਸਿੱਧੂ ਨੇ ਨਸ਼ਿਆਂ ਦੇ ਕੇਸਾਂ ਦੀ ਜਾਂਚ ਵਿੱਚ ਅੜਿੱਕਾ ਬਣਦੇ ਮਨੁੱਖੀ ਸਰੋਤਾਂ ਦੀ ਕਮੀ ਦੀ ਸ਼ਿਕਾਇਤ ਕਰਦੇ ਹੋਏ ਅਦਾਲਤ ਨੂੰ ਦੱਸਿਆ ਕਿ ਇਸ ਧੰਦੇ ਨੂੰ ਨੱਥ ਪਾਉਣ ਲਈ ਐੱਸਟੀਐੱਫ ਵਿੱਚ ਇਸ ਵੇਲੇ ਕਰੀਬ 500 ਪੁਲਿਸ ਅਫਸਰ ਹਨ, ਜਦਕਿ ਨਸ਼ਿਆਂ ਦੇ ਧੰਦੇ ਉੱਤੇ ਪੂਰਾ ਸ਼ਿਕੰਜਾ ਕੱਸਣ ਲਈ ਉਨ੍ਹਾਂ ਨੂੰ ਲਗਪਗ 1000 ਪੁਲਿਸ ਅਧਿਕਾਰੀਆਂ ਦੀ ਹੋਰ ਲੋੜ ਹੈ।

ਸੁਣਵਾਈ ਵੇਲੇ ਈਡੀ ਵੱਲੋਂ ਪੇਸ਼ ਅਸਿਸਟੈਂਟ ਸਾਲਿਸਟਰ ਜਨਰਲ ਚੇਤਨ ਮਿੱਤਲ ਨੇ ਕਿਹਾ ਕਿ ਨਸ਼ਿਆਂ ਦੇ ਧੰਦੇ ਉੱਤੇ ਪੂਰੀ ਰੋਕ ਲਾਉਣ ਲਈ ਵਡੇ ਨਸ਼ਾ ਸਮੱਗਲਰਾਂ ਦੀ ਗ੍ਰਿਫ਼ਤਾਰੀ ਲਾਜ਼ਮੀ ਹੈ ਤੇ ਇਹ ਤਦੇ ਸੰਭਵ ਹੋ ਸਕਦਾ ਹੈ, ਜਦੋਂ ਅਜਿਹੇ ਲੋਕਾਂ ਦੀਆਂ ਜਾਇਦਾਦਾਂ ਨੂੰ ਜ਼ਬਤ ਕੀਤਾ ਜਾਵੇ। ਸੁਣਵਾਈ ਵੇਲੇ ਪੰਜਾਬ ਵਿਚ ਨੌਜਵਾਨਾਂ ਨੂੰ ਨਸ਼ਿਆਂ ਦੇ ਚੁੰਗਲ ਵਿਚੋਂ ਕੱਢਣ ਲਈ ਕੀਤੇ ਜਾਂਦੇ ਯਤਨਾਂਬਾਰੇ ਪੰਜਾਬ ਸਰਕਾਰ ਦੇ ਵਕੀਲ ਨੇ ਹਾਈ ਕੋਰਟ ਨੂੰ ਕਿਹਾ ਕਿ ਇਸ ਰਾਜ ਵਿਚ ਨਸ਼ਾ ਛੁਡਾਊ ਅਤੇ ਪੁਨਰਵਾਸ ਕੇਂਦਰਾਂ ਨੂੰ ਬਿਹਤਰ ਬਣਾਇਆ ਜਾ ਰਿਹਾ ਹੈ।

ਵਰਨਣ ਯੋਗ ਹੈ ਕਿ ਹਾਈ ਕੋਰਟ ਨੇ ਜਨਵਰੀ 2019 ਵਿਚ ਪੰਜਾਬ ਵਿਚ ਨਸ਼ਿਆਂ ਦੇ ਧੰਦੇ ਉੱਤੇਰੋਕ ਵਾਸਤੇ ਜਾਰੀ ਕੀਤੇ 25 ਨਿਰਦੇਸ਼ਾਂ ਵਿਚ ਨਸ਼ਿਆਂ ਵਿਰੁੱਧ ਸਪੈਸ਼ਲ ਟਾਸਕ ਫੋਰਸ ਨੂੰ ਹੋਰ ਮਜ਼ਬੂਤ ਕਰਨ ਦੇ ਆਦੇਸ਼ ਦਿੱਤੇ ਅਤੇਇਸ ਧੰਦੇ ਵਾਲਿਆਂ ਵਿਰੁੱਧ ਐੱਨਡੀਪੀ ਐੱਸ ਐਕਟ ਦੇ ਨਾਲ ਮਨੀ ਲਾਂਡਰਿੰਗ ਐਕਟ ਦੀ ਕਾਰਵਾਈ ਲਈ ਕਿਹਾ ਸੀ।







# ਛੋਟੇ ਕਾਰੋਬਾਰਾਂ ਨਾਲ ਸਬੰਧਿਤ ਮੰਤਰੀ ਮੈਰੀ ਨਾਗ ਨੇ ਪਾਈ ਬਰੈਂਪਟਨ ਦੇ ਛੋਟੇ ਕਾਰੋਬਾਰਾਂ ਵੱਲ ਫੇਰੀ

ਬਰੈਂਪਟਨ, -ਬੀਤੇ ਦਿਨੀਂ ਬਰੈਂਪਟਨ ਨੌਰਥ ਦੀ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਨੇ ਸਮਾਲ ਬਿਜ਼ਨੈੱਸ ਐਂਡ ਐਕਸਪੋਰਟ ਪ੍ਰੋਮੋਸ਼ਨ ਨਾਲ ਸਬੰਧਿਤ ਮੰਤਰੀ ਮਾਣਯੋਗ ਮੈਰੀ ਨਾਗ ਦਾ ਬਰੈਂਪਟਨ ਆਉਣ 'ਤੇ ਨਿੱਘਾ ਸੁਆਗਤ ਕੀਤਾ। ਉਹ ਇੱਥੇ ਛੋਟੇ ਕਾਰੋਬਾਰੀਆਂ ਅਤੇ ਉੱਦਮੀਆਂ ਨੂੰ ਮਿਲਣ, ਉਨ੍ਹਾਂ ਨਾਲ ਉਨ੍ਹਾਂ ਦੇ ਕਾਰੋਬਾਰਾਂ ਸਬੰਧੀ ਗੱਲਬਾਤ ਕਰਨ ਅਤੇ ਉਨ੍ਹਾਂ ਦੀ ਕਾਰੋਬਾਰੀ ਸਫ਼ਲਤਾ ਲਈ ਕੈਨੇਡਾ ਸਰਕਾਰ ਵੱਲੋਂ ਕੀਤੇ ਜਾ ਰਹੇ ਯਤਨਾਂ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਆਏ ਹੋਏ ਸਨ।

ਮਾਣਯੋਗ ਮੰਤਰੀ ਮੈਰੀ ਨਾਗ ਅਤੇ ਰੂਬੀ ਸਹੋਤਾ ਬਰੈਂਪਟਨ ਦੇ ਵੱਖ-ਵੱਖ ਛੋਟੇ ਕਾਰੋਬਾਰੀਆਂ ਨੂੰ ਉਨ੍ਹਾਂ ਦੇ ਬਿਜ਼ਨੈੱਸ ਅਦਾਰਿਆਂ ਵਿਚ ਜਾ ਕੇ ਮਿਲੇ। ਇਨ੍ਹਾਂ ਵਿਚ ਸਾਊਥ ਏਸ਼ੀਅਨ ਗਰੌਸਰੀ ਸਟੋਰਾਂ ਦੀ ਸੱਭ ਤੋਂ ਵੱਡੀ ਚੇਨ 'ਏਸ਼ੀਅਨ ਫੂਡ ਸੈਂਟਰ', ਹਿਊਮਨ ਰਿਸੋਰਸ ਮੈਨੇਜਮੈਂਟ ਸਲਿਊਸ਼ਨਜ਼ ਕੰਪਨੀ 'ਐੱਚ.ਆਰ. ਵੇਅਰ' ਜਿਹੜੀ ਕਿ 'ਕੈਨਐਕਸਪੋਰਟ ਪ੍ਰੋਗਰਾਮ ਅਧੀਨ ਚੋਖਾ ਵਿਸਥਾਰ ਕਰ ਰਹੀ ਹੈ ਅਤੇ ਬਾਹਰਲੇ ਦੇਸ਼ਾਂ ਨੂੰ ਮਾਲ ਭੇਜਦੀ ਹੈ, ਅਤੇ 'ਹਾਰਬਰਸਾਈਡ ਫਿਸ਼ ਐਂਡ ਚਿੱਪਸ' ਜੋ ਕਿ ਇਕ ਪਰਿਵਾਰਿਕ ਅਦਾਰਾ ਹੈ ਅਤੇ ਕਮਿਊਨਿਟੀ ਸਟੈਪਲ ਵਜੋਂ ਕੰਮ ਕਰਦਾ ਹੈ, ਸ਼ਾਮਲ ਸਨ।

ਆਪਣੀ ਇਸ ਫੇਰੀ ਦੌਰਾਨ ਮੰਤਰੀ ਨਾਗ ਨੇ ਇਨ੍ਹਾਂ ਵਿਉਪਾਰਕ ਅਦਾਰਿਆਂ ਦੇ ਮਾਲਕਾਂ ਨਾਲ ਸਰਕਾਰ ਵੱਲੋਂ ਉਨ੍ਹਾਂ ਦੀ ਸਹਾਇਤਾ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਗੱਲਬਾਤ ਕੀਤੀ ਜਿਨ੍ਹਾਂ ਵਿਚ ਹੇਠ-ਲਿਖੇ ਮੁੱਖ ਤੌਰ 'ਤੇ ਸ਼ਾਮਲ ਸਨ:

- ਛੋਟੇ ਬਿਜ਼ਨੈੱਸ ਉੱਪਰ ਟੈਕਸ 9% ਕਰਨਾ ਜੋ ਕਿ ਵਿਸ਼ਵ-ਭਰ ਵਿਚ ਸੱਭ ਤੋਂ ਘੱਟ ਹੈ।
- ਕਰੈਡਿਟ ਕਾਰਡ ਕੰਪਨੀਆਂ ਵੱਲੋਂ ਉਨ੍ਹਾਂ ਦੀ ਫ਼ੀਸ ਘਟਾਉਣਾ ਜਿਹੜੀ ਕਿ ਉਹ ਬਿਜ਼ਨੈੱਸ ਅਦਾਰਿਆਂ ਕੋਲੋਂ ਚਾਰਜ ਕਰਦੀਆਂ ਹਨ ਜਦੋਂ ਉਨ੍ਹਾਂ ਦੇ ਗਾਹਕ ਕਰੈਡਿਟ ਕਾਰਡਾਂ ਦੀ ਵਰਤੋਂ ਕਰਦੇ ਹਨ।
- 'ਕੈਨੇਡਾ ਬਿਜ਼ਨੈੱਸ ਐਪ' ਸ਼ੁਰੂ ਕਰਨਾ ਜਿਸ ਨਾਲ ਸਰਕਾਰ ਦੇ ਸਾਰੇ ਪ੍ਰੋਗਰਾਮ ਅਤੇ ਸੇਵਾਵਾਂ ਏਨੇ ਆਸਾਨ ਹੋ ਜਾਂਦੇ ਹਨ ਕਿ ਉਹ ਕਾਰੋਬਾਰੀਆਂ ਦੀਆਂ ਉਂਗਲਾਂ ਦੇ ਪੋਟਿਆਂ 'ਤੇ ਗਿਣੇ ਜਾ ਸਕਦੇ ਹਨ ਅਤੇ ਉਨ੍ਹਾਂ ਨੂੰ ਲੋੜੀਂਦੇ ਸਰਕਾਰੀ ਨੋਟੀਫ਼ੀਕੇਸ਼ਨ ਇਸ ਐਪ ਰਾਹੀਂ ਬੜੀ ਆਸਾਨੀ ਨਾਲ ਉਪਲੱਬਧ ਹੋ ਜਾਂਦੇ ਹਨ।
- ਟਰੇਡ ਸਮਝੌਤਿਆਂ 'ਸੀਈਟੀਏ' (ਕੈਨੇਡਾ-ਯੌਰਪੀਅਨ ਯੂਨੀਅਨ ਕੰਪਰੀਹੈਂਨਸਿਵ ਇਕਨਾਮਿਕ ਐਂਡ ਟਰੇਡ ਐਗਰੀਮੈਂਟ),'ਸੀਪੀਟੀਪੀਪੀ' (ਕੰਪਰੀਹੈਂਸਿਵ ਐਂਡ ਪ੍ਰੌਗਰੈੱਸਿਵ ਐਗਰੀਮੈਂਟ ਫ਼ਾਰ ਟਰਾਂਸ-ਪੈਸਿਫ਼ਿਕ ਪਾਰਟਨਰਸ਼ਿਪ) ਅਤੇ ਨਵਾਂ 'ਨਾਫ਼ਟਾ' (ਕੈਨੇਡਾ ਯੂਨਾਈਟਿਡ ਸਟੇਟਸ ਮੈਕਸੀਕੋ ਐਗਰੀਮੈਂਟ) ਰਾਹੀਂ ਡੇਢ ਬਿਲੀਅਨ ਨਵੇਂ ਗਾਹਕਾਂ ਤੀਕ ਪਹੁੰਚ ਕਰਨਾ।
- 450 ਤੋਂ ਵਧੇਰੇ ਫ਼ੈੱਡਰਲ ਨਿਯਮਾਂ ਨੂੰ ਘੱਟ ਕਰਨਾ ਜਿਹੜੇ ਕਿ ਬਿਜ਼ਨੈੱਸ ਅਦਾਰਿਆਂ ਉੱਪਰ ਬੇਲੋੜਾ ਭਾਰ ਪਾਉਂਦੇ ਸਨ।

ਇਸ ਦੇ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਰੂਬੀ ਸਹੋਤਾ ਨੇ ਕਿਹਾ,"ਛੋਟੇ ਕਾਰੋਬਾਰ ਸਮੁੱਚੇ ਕੈਨੇਡਾ ਦੇ ਕਾਰੋਬਾਰਾਂ ਦਾ 98%ਹਨ ਅਤੇ ਇਹ 8 ਮਿਲੀਅਨ ਸਖ਼ਤ ਮਿਹਨਤ ਕਰਨ ਵਾਲੇ ਕੈਨੇਡਾ-ਵਾਸੀਆਂ ਨੂੰ ਰੋਜ਼ਗਾਰ ਮੁਹੱਈਆ ਕਰ ਰਹੇ ਹਨ ਜਿਨ੍ਹਾਂ ਵਿਚ ਬਹੁਤ ਸਾਰੇ ਬਰੈਂਪਟਨ-ਵਾਸੀ ਵੀ ਸ਼ਾਮਲ ਹਨ। ਛੋਟੇ ਕਾਰੋਬਾਰ ਸਾਡੇ ਦੇਸ਼ ਦੇ ਅਰਥਚਾਰੇ ਦੀ 'ਰੀੜ੍ਹ ਦੀ ਹੱਡੀ' ਹਨ ਅਤੇ ਸਾਡੀ ਸਰਕਾਰ ਦਾ ਕੇਂਦਰ-ਬਿੰਦੂ ਹਨ।"

ਇਸ ਮੌਕੇ ਮਾਣਯੋਗ ਮੰਤਰੀ ਨਾਗ ਦਾ ਕਹਿਣਾ ਸੀ,"ਸਾਡੀ ਸਰਕਾਰ ਦੇ ਛੋਟੇ ਕਾਰੋਬਾਰੀਆਂ ਨਾਲ ਦੋਸਤਾਨਾ ਸਬੰਧ ਹਨ। ਇਹ 'ਲਾਲ-ਫ਼ੀਤਾਸ਼ਾਹੀ' ਨੂੰ ਘੱਟ ਕਰਨ ਲਈ ਸਖ਼ਤ ਕਦਮ ਉਠਾ ਰਹੀ ਹੈ ਅਤੇ ਕੈਨੇਡਾ-ਵਾਸੀਆਂ ਤੇ ਕਾਰੋਬਾਰੀਆਂ ਲਈ ਨਵਾਂ ਬਿਜ਼ਨੈਸ ਸ਼ੁਰੂ ਕਰਨ, ਪਹਿਲੇ ਕਾਰੋਬਾਰਾਂ ਨੂੰ ਵਧਾਉਣ ਅਤੇ ਨਵੀਆਂ ਮੰਡੀਆਂ ਤੀਕ ਪਹੁੰਚ ਕਰਨ ਲਈ ਉਨ੍ਹਾਂ ਦੀ ਮਦਦ ਕਰਦੀ ਹੈ। ਜਦੋਂ ਕਮਿਊਨਿਟੀਆਂ ਵਿਚ ਛੋਟੇ ਕਾਰੋਬਾਰ ਸਫ਼ਲ ਹੁੰਦੇ ਹਨ ਤਾਂ ਸਾਡੇ ਅਰਥਚਾਰੇ ਵਿਚ ਵਾਧਾ ਹੁੰਦਾ ਹੈ ਅਤੇ ਮਿਡਲ ਕਲਾਸ ਲਈ ਨਵੀਆਂ ਨੌਕਰੀਆਂ ਪੈਦਾ ਹੁੰਦੀਆਂ ਹਨ।"

# ਗੰਨ ਐਂਡ ਗੈਂਗ ਹਿੰਸਾ ਨੂੰ ਬੰਦ ਕਰਨ ਲਈ ਕੀਤੇ ਗਏ 54 ਮਿਲੀਅਨ ਡਾਲਰ ਹੋਰ ਨਿਵੇਸ਼ ਦੇ ਐਲਾਨ ਦਾ ਰੂਬੀ ਸਹੋਤਾ ਵੱਲੋਂ ਸੁਆਗਤ

ਬਰੈਂਪਟਨ, - ਬਰੈਂਪਟਨ ਨੌਰਥ ਦੀ ਐੱਮ.ਪੀ. ਰੂਬੀ ਦਾ ਆਪਣੇ ਹਮ-ਰੁਤਬਾ ਪਾਰਲੀਮੈਂਟ ਮੈਂਬਰ ਸਾਥੀਆਂ ਸੋਨੀਆ ਸਿੱਧੂ, ਕਮਲ ਖਹਿਰਾ ਅਤੇ ਰਮੇਸ਼ ਸੰਘਾ ਦੇ ਨਾਲ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਕੈਨੇਡਾ-ਵਾਸੀਆਂ ਨੂੰ ਆਪਣੀਆਂ ਕਮਿਊਨਿਟੀਆਂ ਦੇ ਨਾਲ ਸੁਰੱਖ਼ਿਅਤ ਰਹਿਣ ਦਾ ਅਧਿਕਾਰ ਹੈ ਅਤੇ ਇਹ ਸਰਕਾਰਾਂ ਦਾ ਫ਼ਰਜ਼ ਹੈ ਕਿ ਉਹ ਉਨ੍ਹਾਂ ਨੂੰ ਪੂਰਨ ਸੁਰੱਖਿਆ ਮੁਹੱਈਆ ਕਰਾਉਣ। ਬਰੈਂਪਟਨ ਵਿਚ ਗੰਨ ਅਤੇ ਗੈਂਗ ਹਿੰਸਾ ਦੀਆਂ ਘਟਨਾਵਾਂ ਵੱਧਣ ਕਾਰਨ ਇਹ ਲੋਕਾਂ ਵਿਚ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ ਅਤੇ ਇਸ ਦਾ ਉਨ੍ਹਾਂ ਦੇ ਜੀਵਨ ਅਤੇ ਆਲੇ-ਦੁਆਲੇ ਉੱਪਰ ਮਾੜਾ ਅਸਰ ਪੈ ਰਿਹਾ ਹੈ। ਕੈਨੇਡਾ ਦੀ ਸਰਕਾਰ ਇਸ ਗੰਨ ਐਂਡ ਗੈਂਗ ਹਿੰਸਾ ਨੂੰ ਰੋਕਣ ਲਈ ਲੋੜੀਂਦੀਆਂ ਕਾਰਵਾਈਆਂ ਕਰ ਰਹੀ ਹੈ ਅਤੇ ਉਹ ਇਸ ਦੀ ਰੋਕਥਾਮ ਲਈ ਹੋਰ ਵਧੇਰੇ ਪੂੰਜੀ ਨਿਵੇਸ਼ ਕਰ ਰਹੀ ਹੈ।





ਇਸ ਸਿਲਸਿਲੇ ਵਿਚ ਬੀਤੇ ਸ਼ੁੱਕਰਵਾਰ ਬਾਰਡਰ ਸਕਿਉਰਿਟੀ ਐਂਡ ਆਰਗੇਨਾਈਜ਼ਡ ਕਰਾਈਮ ਰੀਡੱਕਸ਼ਨ ਦੇ ਮੰਤਰੀ ਮਾਣਯੋਗ ਬਿਲ ਬਲੇਅਰ ਨੇ ਓਨਟਾਰੀਓ ਸੂਬੇ ਵਿੱਚੋਂ ਗੰਨ ਐਂਡ ਗੈਂਗ ਹਿੰਸਾ ਨੂੰ ਓਨਟਾਰੀਓ ਵਿਚ ਰੋਕਣ ਲਈ ਆਉਂਦੇ ਚਾਰ ਸਾਲਾਂ ਲਈ 54 ਮਿਲੀਅਨ ਡਾਲਰ ਹੋਰ ਰਾਸ਼ੀ ਨਿਵੇਸ਼ ਕਰਨ ਦਾ ਐਲਾਨ ਕੀਤਾ ਹੈ। ਇਹ ਰਾਸ਼ੀ ਦੋ ਸਾਲਾਂ ਲਈ ਜਾਰੀ ਕੀਤੀ ਗਈ 11 ਮਿਲੀਅਨ ਦੀ ਉਸ ਰਾਸ਼ੀ ਤੋਂ ਵੱਖਰੀ ਹੈ ਜਿਸ ਦੇ ਬਾਰੇ ਮਾਣਯੋਗ ਮੰਤਰੀ ਜੀ ਵੱਲੋਂ ਮਾਰਚ ਮਹੀਨੇ ਵਿਚ ਐਲਾਨ ਕੀਤਾ ਗਿਆ ਸੀ। ਇਸ ਤਰ੍ਹਾਂ ਓਨਟਾਰੀਓ ਸੂਬੇ ਨੂੰ ਇਸ ਮੰਤਵ ਲਈ ਕੁਲ 65 ਮਿਲੀਅਨ ਦੀ ਰਾਸ਼ੀ ਦਿੱਤੀ ਗਈ ਹੈ।

ਰੂਬੀ ਸਹੋਤਾ ਵੱਲੋਂ ਮਾਣਯੋਗ ਮੰਤਰੀ ਦੇ ਇਸ ਐਲਾਨ ਦਾ ਭਰਪੂਰ ਸੁਆਗਤ ਕੀਤਾ ਗਿਆ ਹੈ। ਫ਼ੈੱਡਰਲ ਸਰਕਾਰ ਵੱਲੋਂ ਓਨਟਾਰੀਓ ਪ੍ਰੋਵਿੰਸ ਨੂੰ ਮਿਲੀ ਇਹ ਵਿੱਤੀ ਸਹਾਇਤਾ ਸੂਬੇ ਦੀਆਂ ਕਮਿਊਨਿਟੀਆਂ ਵਿਚ ਗੰਨ ਐਂਡ ਗੈਂਗ ਹਿੰਸਾਤਮਿਕ ਘਟਨਾਵਾਂ ਨੂੰ ਰੋਕਣ ਵਿਚ ਸਹਾਈ ਹੋਵੇਗੀ। ਇਸ ਫ਼ੈੱਡਰਲ ਫ਼ੰਡਿੰਗ ਦੇ ਨਾਲ ਅਜਿਹੀਆਂ ਘਟਨਾਵਾਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਖ਼ਤਮ ਕਰਨ ਲਈ ਲਈ ਵਰਤਿਆ ਜਾਏਗਾ ਅਤੇ ਇਸ ਦੇ ਲਈ ਹਿੰਸਾਤਮਿਕ ਗੈਂਗਾਂ ਵਿਚ ਫਸੇ ਹੋਏ ਨੌਜੁਆਨਾਂ ਨੂੰ ਬਾਹਰ ਕੱਢਣ ਅਤੇ ਭਵਿੱਖ ਵਿਚ ਉਨ੍ਹਾਂ ਨੂੰ ਇਨ੍ਹਾਂ ਤੋਂ ਦੂਰ ਰੱਖਣ ਲਈ ਯੋਜਨਾਵਾਂ ਤਿਆਰ ਕੀਤੀਆਂ ਜਾਣਗੀਆਂ।

ਇਸ ਦੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਰੂਬੀ ਸਹੋਤਾ ਨੇ ਕਿਹਾ,"ਬਰੈਂਪਟਨ-ਵਾਸੀਆਂ ਨੂੰ ਆਪਣੀਆਂ ਕਮਿਊਨਿਟੀਆਂ ਵਿਚ ਸੁਰੱਖ਼ਿਅਤ ਰਹਿਣ ਦਾ ਪੂਰਾ ਅਧਿਕਾਰ ਹੈ ਅਤੇ ਉਨ੍ਹਾਂ ਨੂੰ ਸੁਰੱਖ਼ਿਅਤ ਰੱਖਣਾ ਸਰਕਾਰ ਦੀ ਜ਼ਿੰਮੇਂਵਾਰੀ ਹੈ। ਬਰੈਂਪਟਨ ਵਿਚ ਅੱਜ ਕੱਲ੍ਹ ਇਹ ਵੱਧ ਰਹੀ ਗੰਨ ਅਤੇ ਗੈਂਗ ਹਿੰਸਾ ਮੈਂ ਆਪਣੇ ਬਚਪਨ ਵਿਚ ਕਦੇ ਨਹੀਂ ਵੇਖੀ ਸੀ। ਸਾਡੀ ਸਰਕਾਰ ਇਸ ਨੂੰ ਰੋਕਣ ਲਈ ਤਿੰਨ ਤਰੀਕਿਆਂ ਨਾਲ ਕੰਮ ਕਰ ਰਹੀ ਹੈ। ਪਹਿਲਾ, ਅਜਿਹੇ ਜੁਰਮ ਕਰਨੇ ਬਹੁਤ ਕਠਨ ਹੋ ਜਾਣ, ਦੂਸਰਾ ਇਹ ਕਿ ਮੁਜਰਮ ਜਲਦੀ ਤੋਂ ਜਲਦੀ ਫੜ੍ਹੇ ਜਾਣ ਅਤੇ ਤੀਸਰਾ ਉਨ੍ਹਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਜਾਣ। ਅਸੀਂ ਉਨ੍ਹਾਂ ਨੂੰ ਕਾਨੂੰਨ ਦੀ ਖ਼ਿਲਾਫ-ਵਰਜ਼ੀ ਕਰਨ ਦੇ ਲਈ ਜ਼ਿੰਮੇਵਾਰ ਸਮਝਦੇ ਹਾਂ।"

ਇਸ ਮੌਕੇ ਮਾਣਯੋਗ ਮੰਤਰੀ ਬਿਲ ਬਲੇਅਰ ਦਾ ਕਹਿਣਾ ਸੀ, "ਕੈਨੇਡਾ-ਵਾਸੀਆਂ ਦੀ ਸਰੁੱਖਿਆ ਦੀ ਜ਼ਿੰਮੇਂਵਾਰੀ ਸਮਝਦਿਆਂ ਹੋਇਆਂ ਸਰਕਾਰ ਓਨਟਾਰੀਓ ਵਿਚ ਗੰਨ ਅਤੇ ਗੈਂਗ ਹਿੰਸਾ ਦੀ ਰੋਕਥਾਮ ਲਈ ਇਹ ਪੂੰਜੀ ਨਿਵੇਸ਼ ਕਰ ਰਹੀ ਹੈ। ਅਸੀਂ ਸਾਰੇ ਹੀ ਚਾਹੁੰਦੇ ਹਾਂ ਕਿ ਸਾਡੇ ਬੱਚੇ ਸੁਰੱਖ਼ਿਅਤ ਕਮਿਊਨਿਟੀਆਂ ਵਿਚ ਵੱਧ-ਫੁੱਲ ਕੇ ਵੱਡੇ ਹੋਣ। ਕੈਨੇਡਾ ਸਰਕਾਰ ਸਾਰੇ ਸੂਬਿਆਂ ਤੇ ਟੈਰੀਟਰੀਆਂ ਵਿਚ ਕਮਿਊਨਿਟੀ ਭਾਈਵਾਲਾਂ ਅਤੇ ਐਨਫ਼ੋਰਸਮੈਂਟ ਵਿਭਾਗ ਨਾਲ ਮਿਲ ਕੇ ਕੰਮ ਕਰਨ ਲਈ ਵਚਨਬੱਧ ਹੈ ਕਿਉਂਕਿ ਉਹੀ ਇਸ ਦੇ ਬਾਰੇ ਵਧੇਰੇ ਚੰਗੀ ਤਰ੍ਹਾਂ ਜਾਣਦੇ ਬੁੱਝਦੇ ਹਨ। ਅੱਜ ਐਲਾਨ ਕੀਤਾ ਗਿਆ ਇਹ ਪੂੰਜੀ ਨਿਵੇਸ਼ ਐਨਫੋਰਸਮੈਂਟ ਵਿਭਾਗ ਅਤੇ ਕਮਿਊਨਿਟੀਆਂ ਨੂੰ ਇਸ ਦੇ ਬਾਰੇ ਪੂਰਾ ਵਿਸ਼ਵਾਸ ਦਿਵਾਏਗਾ ਕਿ ਸਰਕਾਰ ਹਰ ਤਰ੍ਹਾਂ ਉਨ੍ਹਾਂ ਦੇ ਨਾਲ ਹੈ।"

# ਪੈਦਲ ਯਾਤਰੀਆਂ ਨੂੰ ਟਰੱਕ ਨੇ ਕੁਚਲਿਆ, ਦੋ ਦੀ ਮੌਤ

ਅਬੋਹਰ, 27 ਅਗਸਤ (ਪੋਸਟ ਬਿਊਰੋ)- ਸ੍ਰੀਗੰਗਾਨਗਰ-ਬੀਕਾਨੇਰ ਨੈਸ਼ਨਲ ਹਾਈਵੇ ਉੱਤੇ ਲੂਣਕਰਨਸਰ ਥਾਣੇ ਖੇਤਰ ਵਿੱਚ ਕੱਲ੍ਹ ਰਾਤ ਰਾਮਦੇਵਰਾ ਜਾ ਰਹੇ ਪੈਦਲ ਯਾਤਰੀਆਂ ਦੇ ਜੱਥੇ ਨੂੰ ਇਕ ਟਰੱਕ ਟ੍ਰੇਲਰ ਨੇ ਦਰੜ ਦਿੱਤਾ ਤੇ ਫਰਾਰ ਹੋ ਗਿਆ। ਦੋ ਯਾਤਰੀਆਂ ਦੀ ਮੌਤ ਹੋ ਗਈ ਅਤੇ ਦੋ ਜ਼ਖਮੀਆਂ ਨੂੰ ਬੀਕਾਨੇਰ ਦੇ ਪੀ ਬੀ ਐਮ ਹਸਪਤਾਲ ਦਾਖਲ ਕਰਾਇਆ ਗਿਆ ਹੈ। ਪੁਲਸ ਅਨੁਸਾਰ ਮ੍ਰਿਤਕ ਤੇ ਜ਼ਖਮੀ ਅਬੋਹਰ ਦੇ ਪਿੰਡ ਬਜੀਦਪੁਰ ਕੱਟਿਆਂਵਾਲੀ ਦੇ ਹਨ।

ਲੂਣਕਰਨਸਰ ਥਾਣੇ ਦੇ ਇੰਚਾਰਜ ਈਸ਼ਵਰਾਨੰਦ ਨੇ ਦੱਸਿਆ ਕਿ ਇਹ ਹਾਦਸਾ ਰਾਤ 10.45 ਵਜੇ ਹਾਈਵੇ 'ਤੇ ਹਰਿਆਸਰ ਟੋਲ ਨਾਕੇ ਕੋਲ ਵਾਪਰਿਆ। ਇਸ ਦੀ ਸੂਚਨਾ ਮਿਲਦਿਆਂ ਸਾਰ ਹਾਈਵੇ ਪੁਲਸ ਦੇ ਏ ਐਸ ਆਈ ਗਿਰਵਰ ਸਿੰਘ ਮੌਕੇ 'ਤੇ ਪੁੱਜੇ। ਇਸੇ ਦੌਰਾਨ ਟੋਲ ਨਾਕੇ ਦੇ ਮੁਲਾਜ਼ਮਾਂ ਵੱਲੋਂ ਸੂਚਨਾ ਦਿੱਤੇ ਜਾਣ 'ਤੇ ਲੂਣਕਰਨਸਰ ਤੋਂ ਸਮਾਜਸੇਵੀ ਸੰਸਥਾ ਟਾਈਗਰ ਫੋਰਸ ਦੇ ਮੁਖੀ ਮਹੀਪਾਲ ਸਿੰਘ, ਰਾਜੂ ਖਿਆਲ ਤੇ ਅਜੈ ਹਾਂਡਾ ਵੀ ਘਟਨਾ ਵਾਲੀ ਥਾਂ ਪੁੱਜ ਗਏ, ਜਿਨ੍ਹਾਂ ਦੇ ਸਹਿਯੋਗ ਨਾਲ ਮ੍ਰਿਤਕਾਂ ਤੇ ਜ਼ਖਮੀਆਂ ਨੂੰ ਲੂਣਕਰਨਸਰ ਦੇ ਹਸਪਤਾਲ 'ਚ ਪਹੁੰਚਾਇਆ ਗਿਆ। ਥਾਣਾ ਇੰਚਾਰਜ ਨੇ ਦੱਸਿਆ ਕਿ 6-7 ਸ਼ਰਧਾਲੂਆਂ ਦਾ ਜੱਥਾ 20 ਅਗਸਤ ਨੂੰ ਬਜੀਦਪੁਰ ਕੱਟਿਆਂਵਾਲੀ ਤੋਂ ਰਾਮਦੇਵਰਾ ਚੱਲਿਆ ਸੀ। ਰਾਤ ਜਦੋਂ ਇਹ ਹਾਦਸਾ ਵਾਪਰਿਆ ਉਸ ਵੇਲੇ 2-3 ਸ਼ਰਧਾਲੂ ਹਾਦਸੇ ਵਾਲੀ ਥਾਂ ਤੋਂ ਕਾਫੀ ਅੱਗੇ ਚੱਲ ਰਹੇ ਸਨ। ਉਨ੍ਹਾਂ ਨੂੰ ਫੋਨ ਕਰਕੇ ਹਾਦਸੇ ਬਾਰੇ ਦੱਸਿਆ ਗਿਆ, ਜਿਸ 'ਤੇ ਉਹ ਤੁਰੰਤ ਲੂਣਕਰਨਸਰ ਪੁੱਜੇ।

# ਬੇਗਾਨੀ ਬਾਈਕ ਨਾਲ ਰੇਸ ਲਾਉਂਦੇ ਨੌਜਵਾਨ ਦੀ ਟਰੱਕ ਨਾਲ ਵੱਜ ਕੇ ਮੌਤ

ਜਲੰਧਰ, 27 ਅਗਸਤ (ਪੋਸਟ ਬਿਊਰੋ)- ਡੀ ਏ ਵੀ ਕਾਲਜ ਫਲਾਈਓਵਰ 'ਤੇ ਰੇਸ ਲਾ ਰਹੇ ਦੋ ਨੌਜਵਾਨਾਂ ਵਿੱਚੋਂ ਬੁਲਟ ਮੋਟਰ ਸਾਈਕਲ ਸਵਾਰ ਨੌਜਵਾਨ ਟਰੱਕ ਦੀ ਲਪੇਟ ਵਿੱਚ ਆ ਗਿਆ। ਉਹ ਤੇਜ਼ ਰਫਤਾਰ ਹੋਣ ਕਾਰਨ ਟਰੱਕ ਦੇ ਪਿੱਛੇ ਟਕਰਾਇਆ ਅਤੇ 200 ਮੀਟਰ ਦੂਰ ਤੱਕ ਮੋਟਰ ਸਾਈਕਲ ਸਮੇਤ ਘਿਸੜਦਾ ਗਿਆ। ਮੌਕੇ 'ਤੇ ਉਸ ਨੌਜਵਾਨ ਦੀ ਮੌਤ ਹੋ ਗਈ ਸੀ, ਜਦ ਕਿ ਟਰੱਕ ਵਾਲਾ ਫਰਾਰ ਹੋ ਗਿਆ।




ਕਰੀਬ ਛੇ ਮਹੀਨੇ ਪਹਿਲਾਂ ਇੱਕ ਨੌਜਵਾਨ ਨੇ ਬੁਲਟ ਮੋਟਰ ਸਾਈਕਲ ਖਰੀਦਿਆ ਸੀ। ਮ੍ਰਿਤਕ ਦੀ ਪਛਾਣ ਸੰਨੀ (19) ਪੁੱਤਰ ਭਗਤ ਸਿੰਘ ਚੌਹਾਨ ਵਾਸੀ ਸਤਨਾਮ ਨਗਰ ਨੀਵੀਂ ਆਬਾਦੀ ਵਜੋਂ ਹੋਈ ਹੈ। ਨੀਵੀਂ ਆਬਾਦੀ ਦਾਮਾ ਮੰਡੀ ਕੋਲ ਪੈਂਦੀ ਹੈ। ਸਨੀ ਆਪਣੇ ਦੋਸਤ ਗੋਬਿੰਦ ਨਾਲ ਮਕਸੂਦਾਂ ਵੱਲੋਂ ਆ ਰਿਹਾ ਸੀ। ਗੋਬਿੰਦ ਤੇ ਸਨੀ ਕੋਲ ਵੱਖ-ਵੱਖ ਮੋਟਰ ਸਾਈਕਲ ਸਨ। ਗੋਵਿੰਦ ਦੇ ਦੱਸਣ ਮੁਤਾਬਕ ਸਨੀ ਨੇ ਰੇਸ ਲਾਉਣ ਦੀ ਗੱਲ ਕਹੀ, ਪਰ ਉਸ ਨੇ ਮਨ੍ਹਾ ਕਰ ਦਿੱਤਾ। ਦੋਵੇਂ ਆਪਣੇ ਮੋਟਰ ਸਾਈਕਲਾਂ ਉੱਤੇ ਡੀ ਏ ਵੀ ਫਲਾਈਓਵਰ ਉੱਤੇ ਚੜ੍ਹੇ ਤਾਂ ਗੋਬਿੰਦ ਸਨੀ ਤੋਂ ਕਾਫੀ ਅੱਗੇ ਨਿਕਲ ਗਿਆ। ਫਿਰ ਸਨੀ ਰੇਸ ਲਾਉਂਦੇ ਹੋਏ ਅੱਗੇ ਜਾਣ ਲੱਗਾ ਤਾਂ ਅੱਗੇ ਜਾਂਦੇ ਟਰੱਕ ਨਾਲ ਟਕਰਾ ਗਿਆ ਅਤੇ ਉਸ ਵਿੱਚ ਫਸ ਕੇ ਕਾਫੀ ਦੂਰ ਤੱਕ ਘਿਸੜਦਾ ਗਿਆ। ਲੋਕਾਂ ਨੇ 200 ਮੀਟਰ ਦੂਰੀ ਜਾ ਕੇ ਟਰੱਕ ਰੁਕਵਾਇਆ ਅਤੇ ਸਨੀ ਨੂੰ ਬਾਹਰ ਕੱਢ ਕੇ ਨਿੱਜੀ ਹਸਪਤਾਲ ਲਿਜਾਇਆ ਗਿਆ, ਪਰ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। ਦੇਰ ਰਾਤ ਥਾਣਾ ਇੱਕ ਦੀ ਪੁਲਸ ਨੇ ਜਾਂਚ ਸ਼ੁਰੂ ਕੀਤੀ। ਥਾਣਾ ਇੰਚਾਰਜ ਸੁਖਬੀਰ ਸਿੰਘ ਦੇ ਮੁਤਾਬਕ ਸਨੀ ਇੱਕ ਬੂਟਾਂ ਦੀ ਦੁਕਾਨ 'ਚ ਕੰਮ ਕਰਦਾ ਸੀ।

# ਟਰੰਪ ਦਾ ਬਿਜ਼ਨੈਸ ਪਾਰਟਨਰ ਤੇ 17 ਹੋਟਲਾਂ ਦਾ ਮਾਲਕ ਭਾਰਤੀ ਕਾਰੋਬਾਰੀ ਗ੍ਰਿਫਤਾਰ

*** ਹਵਾਈ ਅੱਡੇ ਤੋਂ ਸਾਮਾਨ ਚੋਰੀ ਕਰਨ ਦਾ ਦੋਸ਼**

ਮਿਸੀਸਿਪੀ, 27 ਅਗਸਤ, (ਪੋਸਟ ਬਿਊਰੋ)- ਹਵਾਈ ਅੱਡੇ ਤੋਂ ਸਾਮਾਨ ਚੋਰੀ ਕਰਨ ਦੇ ਦੋਸ਼ ਹੇਠਭਾਰਤੀ ਮੂਲ ਦੇ ਇਕ ਹੋਟਲ ਕਾਰੋਬਾਰੀ ਦਿਨੇਸ਼ ਚਾਵਲਾ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਸ ਨੇ ਇਸ ਤੋਂ ਪਹਿਲਾਂ ਵੀ ਹਵਾਈ ਅੱਡੇ ਤੋਂ ਕਈ ਵਾਰ ਸਾਮਾਨ ਚੋਰੀ ਕੀਤਾ ਹੋਇਆ ਹੈ। 'ਚਾਵਲਾ ਹੋਟਲਜ' ਦੇ ਸੀਈਓ ਦਿਨੇਸ਼ ਚਾਵਲਾ ਕਦੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪਰਵਾਰ ਨਾਲ ਬਿਜ਼ਨੈਸ ਪਾਰਟਨਰ ਵੀ ਰਹਿ ਚੁੱਕੇ ਹਨ।

ਡੋਨਾਲਡ ਟਰੰਪ ਦੇ ਪਰਵਾਰ ਨਾਲ ਸੰਬੰਧਤ ਚਾਰ ਹੋਟਲਾਂ ਦੇ ਕਾਰੋਬਾਰ ਵਿੱਚ ਦਿਨੇਸ਼ ਚਾਵਲਾ ਕਿਸੇ ਵੇਲੇ ਉਨ੍ਹਾਂ ਦੇ ਬਿਜ਼ਨੈਸ ਪਾਰਟਨਰ ਸਨ। ਇਕ ਅਮਰੀਕੀ ਅਖਬਾਰ ਦੇ ਮੁਤਾਬਕ ਦਿਨੇਸ਼ ਚਾਵਲਾ ਨੂੰ ਮੈਮਫਿਸ ਕੌਮਾਂਤਰੀ ਹਵਾਈ ਅੱਡੇ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਇਸ ਹਵਾਈ ਅੱਡੇ ਉੱਤੇ ਦਿਨੇਸ਼ ਚਾਵਲਾ ਇਕ ਸੂਟਕੇਸ ਨੂੰ ਚੋਰੀ ਕਰ ਕੇ ਆਪਣੀ ਕਾਰ ਵਿੱਚ ਰੱਖਦੇ ਨਜ਼ਰ ਆਏ ਸਨ। ਇਸ ਤੋਂ ਬਾਅਦ ਦਿਨੇਸ਼ ਚਾਵਲਾ ਆਪਣੀ ਫਲਾਈਟ ਫੜਨ ਚਲੇ ਗਏ। ਹਵਾਈ ਅੱਡੇ ਉੱਤੇ ਵਾਪਸ ਆਉਣ ਪਿੱਛੋਂ ਜਾਂਚ ਅਧਿਕਾਰੀਆਂ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਦੀ ਕਾਰ ਦੀ ਤਲਾਸ਼ੀ ਦੌਰਾਨ ਚੋਰੀ ਦਾ ਸੂਟਕੇਸ ਉਨ੍ਹਾਂ ਦੀ ਗੱਡੀ ਵਿੱਚੋਂ ਮਿਲਿਆ ਅਤੇ ਇਸ ਤੋਂ ਇਲਾਵਾ ਗੱਡੀਵਿੱਚੋਂ ਇਕ ਮਹੀਨਾ ਪਹਿਲਾਂ ਦਾ ਚੋਰੀ ਹੋਇਆ ਸਾਮਾਨ ਵੀ ਮਿਲਿਆ। ਪਤਾ ਲੱਗਾ ਹੈ ਕਿ ਜਿਹੜੇ ਸੂਟਕੇਸ ਨੂੰ ਚਾਵਲਾ ਨੇ ਚੋਰੀ ਕੀਤਾ, ਉਸ ਅੰਦਰਲੇ ਸਾਮਾਨ ਦੀ ਕੀਮਤ 4000 ਡਾਲਰ ਹੈ। ਪੁਲਿਸ ਦੇ ਮੁਤਾਬਕ ਚਾਵਲਾ ਨੇ ਲੰਮੇ ਸਮੇਂ ਤੋਂ ਚੋਰੀ ਕਰਨ ਦੀ ਗੱਲਮੰਨੀ ਹੈ, ਪਰ ਉਨ੍ਹਾਂ ਨੇ ਪਹਿਲਾਂ ਚੋਰੀ ਕੀਤੇ ਸਾਮਾਨ ਦੀ ਕੋਈ ਜਾਣਕਾਰੀ ਨਹੀਂ ਦਿੱਤੀ। ਚਾਵਲਾ ਨੇ ਕਿਹਾ ਕਿ ਉਨ੍ਹਾਂ ਨੂੰ ਪਤਾ ਹੈ ਕਿ ਸਾਮਾਨ ਚੋਰੀ ਕਰਨਾ ਗਲਤ ਹੈ ਅਤੇ ਸਿਰਫ ਮਜ਼ੇ ਲਈ ਅਜਿਹਾ ਕਰਦੇ ਹਨ।

ਮਿਸੀਸਿਪੀ ਵਿੱਚ 17 ਹੋਟਲਾਂ ਦੇ ਮਾਲਕ ਦਿਨੇਸ਼ ਚਾਵਲਾ ਦਾ ਇਸ ਵੇਲੇ ਕਲੀਵਲੈਂਡ ਵਿੱਚ ਲਗਜ਼ਰੀ ਹੋਟਲ ਬਣ ਰਿਹਾ ਹੈ। ਡੋਨਾਲਡ ਟਰੰਪ ਦੇ ਛੋਟੇ ਭਰਾ ਡੋਨਾਲਡ ਟਰੰਪ ਜੂਨੀਅਰ ਫਰਵਰੀ ਵਿੱਚ ਉਨ੍ਹਾਂ ਦੇ ਕਾਰੋਬਾਰ ਤੋਂ ਵੱਖ ਹੋ ਗਏ ਸਨ। ਟਰੰਪ ਤੇ ਚਾਵਲਾ ਸਾਲ 1988 ਤੋਂ ਇਕ-ਦੂਜੇ ਦੇ ਜਾਣੂ ਹਨ, ਜਦੋਂ ਦਿਨੇਸ਼ ਦੇ ਪਿਤਾ ਵੀ ਕੇ ਚਾਵਲਾ ਨੇ ਡੋਨਾਲਡ ਟਰੰਪ ਸੀਨੀਅਰ ਤੋਂ ਗ੍ਰੀਨਵੁਡ ਵਿੱਚ ਹੋਟਲ ਖੋਲ੍ਹਣ ਵਾਸਤੇ ਮਦਦ ਮੰਗੀ ਸੀ। ਇਸ ਪਿੱਛੋਂ ਟਰੰਪ ਨੇ ਵੀ ਕੇਅਤੇ ਉਸ ਦੇ ਵੱਡੇ ਬੇਟੇ ਦਿਨੇਸ਼ ਚਾਵਲਾ ਨੂੰ ਸਲਾਹ ਦਿੱਤੀ ਕਿ ਉਨ੍ਹਾਂ ਨੂੰ ਮਾਈਨੋਰਿਟੀ ਸਮਾਲ ਬਿਜ਼ਨੈਸ ਐਡਮਿਨਿਸਟ੍ਰੇਸ਼ਨ ਕਰਜ਼ੇ ਲਈ ਅਪਲਾਈ ਕਰਨਾ ਚਾਹੀਦਾ ਹੈ। ਜਦੋਂ ਦਿਨੇਸ਼ ਚਾਵਲਾ ਨੇ ਅਪਲਾਈ ਕੀਤਾ ਤਾਂ ਉਨ੍ਹਾਂ ਨੂੰ ਕਰਜ਼ਾ ਮਿਲ ਗਿਆ ਸੀ।







# ਮਲੌਧ ਨਿਵਾਸੀਆਂ ਵਲੋਂ ਪਰਿਵਾਰਕ ਪਿਕਨਿਕ 31 ਅਗਸਤ ਨੂੰ

ਬਰੈਂਪਟਨ (ਸੁਰਜੀਤ ਸਿੰਘ ਫਲੋਰਾ ) ਮਲੌਧ ਹਲਕਾ ਨਿਵਾਸੀਆਂ ਵਲੋਂ 31 ਅਗਸਤ ਦਿਨ ਸ਼ਨਿਚਰਵਾਰ ਨੂੰ ਹਾਰਟਲੇਕ ਪਾਰਕ ਵਿਖੇ ਪਿਕਨਿਕ ਮਨਾਈ ਜਾਵੇਗੀ। ਬੱਚਿਆਂ - ਬਜੁਰਗਾਂ ਅਤੇ ਬੀਬੀਆਂ ਦੇ ਮਨੋਰੰਜਨ ਦਾ ਪੂਰਾਂ ਪੂਰਾਂ ਪ੍ਰਬੰਧ ਕੀਤਾ ਗਿਆ। ਰੋਟੀ - ਪਾਣੀ, ਖਾਣ - ਪੀਣ ਦੇ ਪ੍ਰਬੰਧ ਦੇ ਨਾਲ ਨਾਲ ਬੀਬੀਆਂ ਵਲੋਂ ਗਿਧੇ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

ਮਲੌਧ ਅਤੇ ਇਸ ਇਲਾਕੇ ਦੇ ਸਭ ਪਰੀਵਾਰਾਂ ਨੂੰ ਬੇਨਤੀ ਹੈ ਕਿ ਸਭ ਇਸ ਪਿਕਨਿਕ ਵਿਚ ਪਹੁੰਚ ਕੇ ਜੋ ਚਿਰਾਂ ਤੋਂ ਇਕ ਦੂਜੇ ਤੋਂ ਕਿਸੇ ਨਾ ਕਿਸੇ ਕਾਰਨ ਦੂਰ ਹੋ ਚੁਕੇ ਹਨ ਇਹ ਇਕ ਸਾਡਾ ਉਪਰਾਲਾਂ ਹੈ ਕਿ ਉਹ ਫਿਰ ਤੋਂ ਮਿਲ ਬੈਠਣ ਅਤੇ ਆਪਣੇ ਪੁਰਾਣੇ ਪਲਾਂ ਦੀਆਂ ਯਾਦਾਂ ਨੂੰ ਤਾਜਾਂ ਕਰਨ। ਇਹ ਪਿਕਨਿਕ 10818 ਹਾਰਟ ਲੇਕ ਰੋਡ ਤੇ 31 ਅਗੱਸਤ ਸਵੇਰੇ 11 ਤੋਂ ਸ਼ਾਮੀ 6 ਵਜੇ ਤੱਕ ਹੋਵੇਗੀ। ਵਧੇਰੇ ਜਾਣਕਾਰੀ ਲਈ ਤੁਸੀਂ ਗੁਰਦਰਸ਼ਨ ਸਿੰਘ ਸੋਮਲ ਨੂੰ 647-859-2324 ਜਾਂ 416-817-2477 ਤੇ ਸੰਪਰਕ ਕਰ ਸਕਦੇ ਹੋ।






# Letter to the Editor

## A new Conservative government will make maternity benefits tax-free



Dear Editor,

Many Canadian families spend over $10,000 or more on their babies' first year. Surprised by how quickly the costs add up – diapers, car seat, crib, and toys – new parents are often confronted with a tough reality.

To make sure that parents can enjoy taking care of their newborn, and less time worrying about the bottom line, as Prime Minister Andrew Scheer and a new Conservative government will make maternity benefits tax-free.

On August 20, at a Toronto-are childcare centre, Andrew Scheer spoke about he would remove the federal income tax from employment insurance (EI) maternity and paternal benefits. This means a Canadian whose salary is $50,000 would receive about $4,000 back from the government. Life is expensive enough already without the government costing you more.

Justin Trudeau said he would help the middle class, but the last four years show that he is not as advertised. He raised taxes on 80 per cent of middle-class families and brought in a carbon tax that makes everyday essentials more expensive. Andrew Scheer has a plan to help young families get ahead and keep more of their hard-earned money.

Sincerely,

Tom Varughese, CPC Candidate for Mississauga-Malton

# SCHEER TO MAKE MATERNITY BENEFITS TAX-FREE

## A new Conservative government will put $4000 back in the pock ets of new parents

TORONTO, ON – The Hon. Andrew Scheer, the Leader of Canada's Conservatives, revealed that as Prime Minister, he would make maternity benefits tax-free.

"Having a child is an exciting milestone in any person's life, but it comes with added costs and pressures," said Scheer at his announcement on August 20 at the Toronto child-care centre Kids Fun Town. "Across Canada, young parents are under pressure and worried about their future. They are looking for help and Justin Trudeau has proven that he cannot be trusted to deliver it."

As Prime Minister, Andrew Scheer will remove federal income tax from employment insurance (EI) maternity and EI paternal benefits by providing a non-refundable tax credit of 15 per cent for any income earned under these two programs.

"The benefit to a Canadian with a salary of $50,000 would be approximately $4,000," said Tom Varughese. "Parents should be able to enjoy the first months with their newborn and not worry about their bank accounts or the bottom line." Andrew Scheer and Canada's Conservatives have a plan for you and your family to get ahead: lowering your taxes, living within our means, and putting more money in your pockets.

FACTS:

• In 2018, the Liberals and the NDP cost Canadian parents hundreds of millions of dollars in savings when they voted against a Conservative bill that would have brought immediate tax relief to families.

• All Canadian families will be eligible for this new benefit.

• A new Conservative government will provide a tax credit of an equivalent amount for residents of Quebec who receive benefits under the Quebec Parental Insurance Plan (QPIP).

Tom Varughese, CPC
Candidate for Mississauga-Malton
647-549-2430
tomvarughese@gmail.com

ਕੈਨੇਡੀਅਨ ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਰਾਹ ਦੇ ਰੇੜਕੇ ਵਿੱਚ ਪੰਚਾਇਤ ਵਿੱਚ ਗੋਲੀ ਚੱਲੀ, ਇੱਕ ਦੀ ਮੌਤ

ਫਰੀਦਕੋਟ, 27 ਅਗਸਤ (ਪੋਸਟ ਬਿਊਰੋ)- ਪਿੰਡ ਸੰਗੋ ਰੋਮਾਣਾ ਵਿੱਚ ਕੱਲ੍ਹ ਸਵੇਰੇ ਦੋ ਕਿਸਾਨਾਂ ਦੇ ਖੇਤਾਂ ਨੂੰ ਜਾਣ ਵਾਲੇ ਸਾਂਝੇ ਰਸਤੇ ਬਾਰੇ ਝਗੜਾ ਹੋ ਗਿਆ। ਇਸ 'ਤੇ ਇੱਕ ਧਿਰ ਨੇ ਪੰਚਾਇਤ ਬੁਲਾ ਲਈ। ਦੋਵਾਂ ਧਿਰਾਂ ਦੀ ਬਹਿਸ ਦਰਮਿਆਨ ਇੱਕ ਵਿਅਕਤੀ ਨੇ ਪਿਸਤੌਲ 'ਚੋਂ ਗੋਲੀ ਚਲਾ ਦਿੱਤੀ, ਜਿਸ ਨਾਲ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਦੋ ਜ਼ਖਮੀ ਹੋ ਗਏ। ਮ੍ਰਿਤਕ ਦੀ ਪਛਾਣ ਗੁਰਜੀਤ ਸਿੰਘ ਦੇ ਰੂਪ ਵਿੱਚ ਹੋਈ ਤੇ ਜ਼ਖਮੀਆਂ ਨੂੰ ਸਥਾਨਕ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ ਹੈ। ਇੱਕ ਦੀ ਹਾਲਤ ਗੰਭੀਰ ਹੈ। ਪੁਲਸ ਨੇ ਦੂਸਰੀ ਧਿਰ ਦੇ ਲੋਕਾਂ ਦੇ ਖਿਲਾਫ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਪਿੰਡ ਸੰਗੋ ਰੋਮਾਣਾ ਵਿੱਚ ਕਿਸਾਨ ਗੁਰਜੀਤ ਸਿੰਘ ਤੇ ਪਰਮਿੰਦਰ ਦੇ ਖੇਤਾਂ ਨੂੰ ਜਾਣ ਲਈ ਸਾਂਝਾ ਰਾਹ ਹੈ, ਜਿਹੜਾ ਕਾਫੀ ਛੋਟਾ ਹੈ। ਇਸ ਬਾਰੇ ਅਕਸਰ ਦੋਵਾਂ ਪਰਵਾਰਾਂ ਦਾ ਝਗੜਾ ਰਹਿੰਦਾ ਸੀ। ਪ੍ਰਕਾਸ਼ ਸਿੰਘ ਨੇ ਦੱਸਿਆ ਕਿ ਇਹ ਰਸਤਾ ਉਨ੍ਹਾਂ ਦੇ ਘਰ ਨਾਲ ਲੱਗਦੇ ਖੇਤਾਂ ਦੇ ਨੇੜੇ ਹੈ। ਕੁਝ ਦਿਨ ਪਹਿਲਾਂ ਰਸਤੇ 'ਚੋਂ ਉਨ੍ਹਾਂ ਦਾ ਟਰੱਕ ਲੰਘਿਆ ਤਾਂ ਦੂਸਰੀ ਧਿਰ ਨੇ ਇਤਰਾਜ਼ ਕੀਤਾ ਸੀ ਕਿ ਟਰੱਕ ਦੇ ਕਾਰਨ ਉਨ੍ਹਾਂ ਦੇ ਖੇਤ ਨੂੰ ਨੁਕਸਾਨ ਹੋਇਆ ਹੈ। ਇਸ ਬਾਰੇ ਉਨ੍ਹਾਂ ਨੇ ਪੰਚਾਇਤ ਇਕੱਠੀ ਕਰ ਕੇ ਬਹਿਸ ਸ਼ੁਰੂ ਕਰ ਦਿੱਤੀ। ਇਸ ਦੌਰਾਨ ਦੂਸਰੀ ਧਿਰ ਤੋਂ ਅਚਾਨਕ ਭੁਪਿੰਦਰ ਸਿੰਘ ਨੇ ਆਪਣਾ ਪਿਸਤੌਲ ਕੱਢ ਕੇ ਸਾਡੇ 'ਤੇ ਗੋਲੀਆਂ ਚਲਾ ਦਿੱਤੀਆਂ, ਜਿਸ ਨਾਲ ਉਸ ਦੇ ਭਰਾ ਗੁਰਜੀਤ ਸਿੰਘ ਦੀ ਮੌਤ ਹੋ ਗਈ, ਜਦ ਕਿ ਪਿਤਾ ਸ਼ਿੰਗਾਰਾ ਸਿੰਘ ਅਤੇ ਅੰਗਰੇਜ਼ ਸਿੰਘ ਜ਼ਖਮੀ ਹੋ ਗਏ। ਡੀ ਐਸ ਪੀ ਪਰਸਨ ਸਿੰਘ ਨੇ ਕਿਹਾ ਕਿ ਮ੍ਰਿਤਕ ਦੇ ਪਰਵਾਰ ਦੇ ਬਿਆਨ 'ਤੇ ਕੇਸ ਦਰਜ ਕਰਨ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਵੱਡੀਆਂ ਤਬਦੀਲੀਆਂ ਨਾਲ ਲਾਗੂ ਹੋਵੇਗਾ ਨਵਾਂ ਸੈਕਸ ਐਜੂਕੇਸ਼ਨ ਸਿਲੇਬਸ : ਸਟੀਵਨ ਲੀਚੇ

...ਪੰਨਾ 1 ਦਾ ਬਾਕੀ

ਉਹ ਖੁਦ ਇਸ ਵਿਸੇ ਬਾਰੇ ਬੱਚਿਆਂ ਨੂੰ ਦੱਸ ਸਕਦੇ ਹਨ। ਉਨ੍ਹਾਂ ਕਿਹਾ ਕਿ ਦੂਜੀ ਵੱਡੀ ਤਬਦੀਲੀ ਅੰਗਾਂ ਤੇ ਸਰੀਰ ਵਿਚ ਆਉਣ ਵਾਲੀ ਤਬਦੀਲੀ ਨੂੰ ਪੜ੍ਹਾਉਣ ਲਈ ਉਮਰ ਵਿਚ ਵਾਧਾ ਕਰ ਦਿੱਤਾ ਗਿਆ ਹੈ। ਜੋ ਗ੍ਰੇਡ 5 ਵਿਚ ਪੜ੍ਹਾਉਣਾ ਸੀ, ਉਸ ਨੂੰ ਗ੍ਰੇਡ 6 ਵਿਚ ਕਰ ਦਿੱਤਾ ਗਿਆ ਹੈ ਤੇ ਜੋ ਗ੍ਰੇਡ 6 ਵਿਚ ਪੜ੍ਹਾਉਣਾ ਸੀ, ਉਸ ਨੂੰ ਗ੍ਰੇਡ 8 ਵਿਚ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਨਵੇਂ ਸਿਲੇਬਸ ਵਿਚ ਮੈਰੂਆਨਾ ਦੇ ਵਿਸ਼ੇ ਬਾਰੇ ਤੇ ਇਸ ਦੇ ਸੇਵਨ ਦੇ ਨੁਕਸਾਨ ਬਾਰੇ ਮਾਨਸਿਕ ਸਿਹਤ, ਖੇਡਾਂ ਦੌਰਾਨ ਸਿਰ ਦੀਆਂ ਸੱਟਾਂ ਬਾਰੇ, ਬੁਲਿੰਗ, ਲਿੰਗਕ ਪਹਿਚਾਣ ਤੇ ਸਹਿਮਤੀ ਬਾਰੇ ਵੱਡੀਆਂ ਤਬਦੀਲੀਆਂ ਕੀਤੀਆਂ ਗਈਆਂ ਹਨ। ਇਸੇ ਤਰ੍ਹਾਂ ਹਿਸਾਬ ਨੂੰ ਇਸ ਸਿਲੇਬਸ ਵਿਚ ਖਾਸ ਜ਼ੋਰ ਦੇ ਕੇ ਪੜ੍ਹਾਉਣ ਦੀ ਗੱਲ ਕਹੀ ਗਈ ਹੈ।

ਉਨ੍ਹਾਂ ਕਿਹਾ ਕਿ ਬਰੈਂਪਟਨ ਸਿਟੀ ਨੂੰ ਵੀ ਸਾਡੇ ਵਲੋਂ ਜੋ ਕਮਿਉਨਿਟੀ ਸੈਂਟਰ ਬਣਾਉਣ ਲਈ ਵੀ ਜੋ ਵੱਡੇ ਐਲਾਨ ਕੀਤੇ ਗਏ ਹਨ, ਉਸ ਦਾ ਫਾਇਦਾ ਲੈ ਕੇ ਬਰੈਂਪਟਨ ਵਿਚ ਜੋ ਕਮਿਉਨਿਟੀ ਸੈਂਟਰ ਘੱਟ ਹਨ, ਉਨ੍ਹਾਂ ਦੀ ਉਸਾਰੀ ਵੱਲ ਧਿਆਨ ਦੇਣਾ ਚਾਹੀਦਾ ਹੈ। ਇਸ ਮੌਕੇ ਐਮਪੀਪੀ ਦੀਪਕ ਆਨੰਦ ਨੇ ਵੀ ਗੱਲ ਜੋਰ ਦੇ ਕੇ ਆਖੀ ਕਿ ਇਹ ਸਾਡੀ ਸਰਕਾਰ ਦੀ ਕਟੌਤੀ ਦਾ ਸਿੱਟਾ ਨਹੀਂ ਪਰ ਇਹ ਸਕੂਲ ਬੋਰਡ ਦੀ ਬਦਨੀਤੀ ਦਾ ਸਿੱਟਾ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਦੀ ਫੰਡਿਗ ਪਬਲਿਕ ਸਕੂਲਾਂ ਨੂੰ ਕੀਤੀ ਜਾਂਦੀ ਹੈ, ਉਸੇ ਤਰ੍ਹਾਂ ਦੀ ਹੀ ਫੰਡਿੰਗ ਕੈਥਲਿਕ ਸਕੂਲਾਂ ਨੂੰ ਕੀਤੀ ਜਾਂਦੀ ਹੈ। ਜੇਕਰ ਕੈਥਲਿਕ ਸਕੂਲਾਂ ਨੇ ਆਪਣੇ ਸਕੂਲ ਦੇ ਕਿਰਾਏ ਉਤੇ ਦਿੱਤੇ ਜਾਣ ਵਾਲੇ ਕਮਰਿਆਂ ਦੇ ਕਿਰਾਏ ਵਿਚ ਕੋਈ ਵਾਧਾ ਨਹੀਂ ਕੀਤਾ ਤਾਂ ਸਾਡੇ ਪਬਲਿਕ ਸਕੂਲ ਬੋਰਡ ਨੂੰ ਇਹ ਵਾਧਾ ਕਰਨ ਦੀ ਕੀ ਲੋੜ ਪੈ ਗਈ। ਐਮਪੀਪੀ ਦੀਪਕ ਆਨੰਦ ਨੇ ਕਿਹਾ ਕਿ ਮੈ ਪੀਲ ਡਿਸਟ੍ਰਿਕ ਸਕੂਲ ਬੋਰਡ ਦੇ ਅਧਿਕਾਰੀਆਂ ਨਾਲ ਇਸ ਵਿਸ਼ੇ ਉਤੇ ਪੈਨਲ ਡਿਸਕਸ਼ਨ ਵੀ ਕਰ ਸਕਦਾ ਹਾਂ ਕਿ ਸਾਨੂੰ ਦੱਸੋ ਕਿ ਅਸੀਂ ਅਜਿਹੀ ਕਿਹੜੀ ਕਟੌਤੀ ਕੀਤੀ ਹੈ ਜਿਸ ਨਾਲ ਤੁਹਾਨੂੰ ਇਕਦਮ ਇਨ੍ਹਾਂ ਸੀਨੀਅਰ ਕਲੱਬਾਂ ਦੇ ਕਿਰਾਏ ਦਸ ਗੁਣਾ ਵਧਾਉਣੇ ਪੈ ਗਏ। ਉਨ੍ਹਾਂ ਵਾਅਦਾ ਕੀਤਾ ਕਿ ਉਹ ਆਉਣ ਵਾਲੇ ਦਿਨਾਂ ਵਿਚ ਰੇਡੀਓ ਖਬਰਸਾਰ ਉਤੇ ਆ ਕੇ ਇਸ ਵਿਸ਼ੇ ਉਤੇ ਹੋਰ ਸਪੱਸ਼ਟ ਗੱਲ ਸਰੋਤਿਆਂ ਨਾਲ ਸਾਂਝੀ ਕਰਨਗੇ।

## ਜਮਾਤ ਵਿਚ ਸੈਲਫੋਨ ਉਤੇ ਲੱਗੇਗੀ ਪਾਬੰਦੀ:

ਮਿਨਿਸਟਰ ਸਟੀਵਨ ਲੀਚੇ ਨੇ ਸਕੂਲਾਂ ਵਿਚ ਸੈਲਫੋਵ ਦੀ ਪਾਬੰਦੀ ਬਾਰੇ ਪੁਛੇ ਸਵਾਲ ਬਾਰੇ ਜਵਾਬ ਦਿੰਦਿਆਂ ਕਿਹਾ ਕਿ ਅਸੀਂ ਆਪਣੀ ਨੀਤੀ ਵੀਰਵਾਰ ਨੂੰ ਬਕਾਇਦਾ ਤੌਰ ਉਤੇ ਐਲਾਨ ਰਹੇ ਹਾਂ। ਉਨ੍ਹਾਂ ਕਿਹਾ ਕਿ ਅਜਿਹੇ ਡਿਵਾਈਸ ਜੋ ਪੜ੍ਹਾਈ ਨਾਲ ਸਿੱਧੇ ਤੌਰ ਉਤੇ ਨਹੀ ਜੁੜੇ ਹੋਏ, ਉਨ੍ਹਾਂ ਨੂੰ ਜਮਾਤ ਵਿਚ ਲਿਜਾਣ ਦੀ ਪਾਬੰਦੀ ਹੋਵੇਗੀ। ਇਸੇ ਤਰ੍ਹਾਂ ਉਨ੍ਹਾਂ ਕਿਹਾ ਕਿ ਜਮਾਤ ਵਿਚ ਵਿਦਿਆਰਥੀਆਂ ਦੀ ਗਿਣਤੀ ਵਿਚ ਕੋਈ ਵੱਡਾ ਵਾਧਾ ਨਹੀ। ਉਨ੍ਹਾਂ ਕਿਹਾ ਕਿ ਜਿਥੇ ਅੱਗੇ 22 ਵਿਦਿਆਰਥੀ ਹੁੰਦੇ ਸਨ, ਉਥੇ ਹੀ ਹੁਣ ਸਾਢੇ 22 ਵਿਦਿਆਰਥੀ ਹੋਣਗੇ। ਉਨ੍ਹਾਂ ਕਿਹਾ ਕਿ ਅਸੀਂ ਅਜਿਹੀ ਕੋਈ ਵੀ ਕਟੌਤੀ ਨਹੀਂ ਕੀਤੀ, ਜਿਸ ਨਾਲ ਅਧਿਆਪਕਾਂ ਦੀਆਂ ਨੌਕਰੀਆਂ ਜਾਣ।

## ਸੀਨੀਅਰ ਕਲੱਬਾਂ ਦੇ ਕਮਰਿਆਂ ਦੇ ਵਧੇ ਕਿਰਾਏ ਬਾਰੇ ਉਠੇ ਸਵਾਲ:

ਬੀਤੇ ਦਿਨੀਂ ਬਰੈਂਪਟਨ ਦੀਆਂ ਕਈ ਸੀਨੀਅਰ ਕਲੱਬਾਂ ਵਲੋਂ ਜੋ ਸਕੂਲਾਂ ਵਿਚ ਕਮਰੇ ਕਿਰਾਏ ਉਤੇ ਲੈ ਕੇ ਬੈਠਦੀਆਂ ਸਨ, ਪੰਜਾਬੀ ਪੋਸਟ ਦੇ ਦਫਤਰ ਆ ਕੇ ਇਨ੍ਹਾਂ ਕਮਰਿਆਂ ਦੇ ਵਧੇ ਹੋਏ ਕਿਰਾਏ ਬਾਰੇ ਜਾਣਕਾਰੀ ਦਿੱਤੀ ਗਈ ਤੇ ਪ੍ਰਸ਼ਾਸਨ ਤੱਕ ਆਵਾਜ ਪਹੁੰਚਾਉਣ ਦੀ ਗੱਲ ਕਹੀ ਗਈ ਸੀ। ਇਸ ਸਬੰਧੀ ਜਦੋ ਮਿਨਿਸਟਰ ਸਟੀਵਨ ਲੀਚੇ ਨੂੰ ਵੇਰਵੇ ਸਹਿਤ ਇਹ ਸਵਾਲ ਪੁੱਛਿਆ ਗਿਆ ਕਿ ਜਿਹੜੀਆ ਸੀਨੀਅਰ ਕਲੱਬਾਂ 339 ਡਾਲਰ ਸਾਲ ਦਾ ਕਿਰਾਇਆ ਦੇ ਕੇ ਕਮਰਾ ਬੁਕ ਕਰਵਾਉਦੀਆਂ ਸਨ, ਉਨ੍ਹਾਂ ਦੇ ਕਿਰਾਏ ਵਿਚ ਵਾਧਾ ਕਰਕੇ 3 ਹਜਾਰ ਡਾਲਰ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਹੋਰ ਬਹੁਤ ਸਾਰੀਆਂ ਸਪੋਰਟਸ ਕਲੱਬਾਂ ਜੋ ਜਿਮਨੇਜੀਅਮ ਰੈਂਟ ਉਤੇ ਕਰਿਆ ਕਰਦੀਆਂ ਸਨ, ਜਿਨ੍ਹਾਂ ਦਾ ਕਿਰਾਇਆ 1000 ਡਾਲਰ ਦੇ ਕਰੀਬ ਸੀ, ਉਸ ਨੂੰ ਵਧਾ ਕੇ 10 ਤੋਂ 11 ਹਜਾਰ ਡਾਲਰ ਕਰ ਦਿੱਤਾ ਗਿਆ ਹੈ। ਸੋ ਅਜਿਹਾ ਹੋਣ ਕਾਰਨ ਸਾਰੀਆਂ ਸੀਨੀਅਰ ਕਲੱਬਾਂ ਤੇ ਨਾਲ ਦੀ ਨਾਲ ਸਪੋਰਟਸ ਕਲੱਬਾਂ ਜੇਕਰ ਸਕੂਲ ਟਰੱਸਟੀ ਕੋਲ ਸ਼ਿਕਾਇਤ ਕਰਦੀਆਂ ਹਨ ਤਾਂ ਸਿੱਧਾ ਉਹ ਫੋਰਡ ਸਰਕਾਰ ਉਤੇ ਪ੍ਰਸਨ ਚਿੰਨ੍ਹ ਖੜ੍ਹਾ ਕਰਦੇ ਹਨ ਕਿ ਉਨ੍ਹਾਂ ਦੇ ਕੱਟ ਕਾਰਨ ਸਾਡਾ ਇਹ ਹਾਲ ਹੋਇਆ। ਇਸ ਦੇ ਜਵਾਬ ਵਿਚ ਮਿਨਿਸਟਰ ਸਟੀਵਨ ਲੀਚੇ ਨੇ ਦੱਸਿਆ ਕਿ ਸਾਨੂੰ ਇਸ ਸਮੱਸਿਆ ਦਾ ਪਤਾ ਹੈ ਤੇ ਇਹ ਜਾਣਬੁਝ ਕੇ ਸਾਡੇ ਉਤੇ ਇਲਜ਼ਾਮ ਲਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਅਸੀਂ ਆਪ੍ਰੇਟਿੰਗ ਬਜਟ ਵਿਚ ਕਟੌਤੀ ਨਹੀਂ ਸਗੋਂ ਵਾਧਾ ਕੀਤਾ ਹੈ। ਇਹ ਹੁਣ ਪੀਲ ਡਿਸਟ੍ਰਿਕਟ ਸਕੂਲ ਬੋਰਡ ਉਤੇ ਨਿਰਭਰ ਕਰਦਾ ਹੈ ਕਿ ਆਪਣੇ ਇਸ ਬਜਟ ਨੂੰ ਉਸ ਨੇ ਕਿਸ ਤਰ੍ਹਾਂ ਵਰਤਣਾ ਹੈ।







# ਸਾਲ 2020 ਲਈ ਮਿਸੀਸਾਗਾ ਸਿਟੀ ਵੱਲੋਂ ਕਲਚਰ ਐਂਡ ਕਮਿਊਨਿਟੀ ਗ੍ਰਾਂਟ ਪ੍ਰੋਗਰਾਮ ਲਾਂਚ

ਮਿਸੀਸਾਗਾ, 27 ਅਗਸਤ (ਪੋਸਟ ਬਿਊਰੋ) : ਸਿਟੀ ਦੇ 2020 ਕਲਚਰ ਐਂਡ ਕਮਿਊਨਿਟੀ ਗ੍ਰਾਂਟਸ ਪ੍ਰੋਗਰਾਮ ਲਈ ਅੱਜ ਤੋਂ ਅਰਜ਼ੀਆਂ ਸਵੀਕਾਰੀਆਂ ਜਾਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਮਿਸੀਸਾਗਾ ਸਥਿਤ ਆਰਟਸ, ਕਲਚਰ ਅਤੇ ਕਮਿਊਨਿਟੀ ਆਰਗੇਨਾਈਜ਼ੇਸ਼ਨਜ਼ ਜਿਨ੍ਹਾਂ ਨੂੰ 2020 ਲਈ ਵਿੱਤੀ ਸਹਾਇਤਾ ਚਾਹੀਦੀ ਹੈ ਉਨ੍ਹਾਂ ਨੂੰ ਅਪਲਾਈ ਕਰਨ ਲਈ ਆਖਿਆ ਜਾ ਰਿਹਾ ਹੈ।

ਅਪਲਾਈ ਕਰਨ ਤੋਂ ਪਹਿਲਾਂ ਆਰਗੇਨਾਈਜ਼ੇਸ਼ਨਜ਼ ਨੂੰ ਕਲਚਰ ਪ੍ਰੋਗਰਾਮ ਦੇ ਦਿਸ਼ਾ ਨਿਰਦੇਸ਼ ਤੇ ਕਮਿਊਨਿਟੀ ਗ੍ਰਾਂਟ ਪ੍ਰੋਗਰਾਮ ਦੇ ਦਿਸ਼ਾ ਨਿਰਦੇਸ਼ਾਂ ਦਾ ਮੁਲਾਂਕਣ ਕਰਨ ਲਈ ਵੀ ਆਖਿਆ ਜਾ ਰਿਹਾ ਹੈ। ਇਸ ਸਬੰਧ ਵਿੱਚ ਸਾਰੀਆਂ ਅਰਜ਼ੀਆਂ 11 ਅਕਤੂਬਰ, 2019 ਤੱਕ ਸ਼ਾਮ ਦੇ 4:30 ਵਜੇ ਤੱਕ mississauga.ca/grantsportal ਉੱਤੇ ਆਨਲਾਈਨ ਜਮ੍ਹਾਂ ਕਰਵਾਈਆਂ ਜਾਣੀਆਂ ਜ਼ਰੂਰੀ ਹਨ।

2020 ਕਲਚਰ ਅਤੇ ਕਮਿਊਨਿਟੀ ਗ੍ਰਾਂਟਸ

| Information Sessions | Date and Time | Location |
|---|---|---|
| **Arts and Culture Grant Information Sessions** *[In person only]* | Wednesday, August 28 from 9 to 11 a.m.<br><br>Wednesday, September 4 from 6 to 8 p.m. | Mississauga Central Library, Noel Ryan Auditorium<br>301 Burnhamthorpe Rd. W.<br>Mississauga, ON<br>[MAP]<br><br>For more information and to register, contact 905-615-3200 ext. 5476 or emailgrantsinfo@mississauga.ca.<br><br>Applications and guidelines are available at mississauga.ca/grants.<br><br>All applications must be submitted online. |
| **Cultural Festivals and Celebrations Grant** *[In person only]* | Thursday, August 29 from 6 to 8 p.m.<br><br>Thursday, September 5 from 9 to 11 a.m. | Mississauga Central Library, Noel Ryan Auditorium<br>301 Burnhamthorpe Rd. W.<br>Mississauga, ON<br>[MAP]<br><br>For more information and to register, contact 905-615-3200 ext. 5476 or emailgrantsinfo@mississauga.ca.<br><br>Applications and guidelines are available at mississauga.ca/grants.<br><br>All applications must be submitted online. |
| **Community Grants Webinar** *[Online only]* | Wednesday, September 11 at 2 p.m. | A link will be provided once registration is complete.<br><br>For more information and to register, contact 905-615-3200 ext. 5476 or emailgrantsinfo@mississauga.ca.<br><br>Guidelines are available atmississauga.ca/communitygroups.<br><br>All applications must be submitted online. |

ਆਰਟਸ ਅਤੇ ਕਲਚਰ ਗ੍ਰਾਂਟ ਪ੍ਰੋਗਰਾਮ

ਇਹ ਪ੍ਰੋਗਰਾਮ ਮਿਸੀਸਾਗਾ ਸਥਿਤ ਗੈਰ ਮੁਨਾਫੇ ਵਾਲੀਆਂ ਕਲਚਰਲ ਆਰਗੇਨਾਈਜ਼ੇਸ਼ਨਜ਼ ਨੂੰ ਫੰਡ ਮੁਹੱਈਆ ਕਰਵਾਉਂਦਾ ਹੈ। ਇਸ ਗ੍ਰਾਂਟ ਨਾਲ ਸੰਸਥਾਵਾਂ ਨੂੰ ਗਿਆਨਭਰਪੂਰ ਪ੍ਰੋਗਰਾਮ ਤਿਆਰ ਕਰਨ ਤੇ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਮਦਦ ਮਿਲਦੀ ਹੈ। ਜਿਸ ਨਾਲ ਮਿਸੀਸਾਗਾ ਵਾਸੀਆਂ ਨੂੰ ਆਪਣੇ ਵਿਰਸੇ ਤੇ ਸੱਭਿਆਚਾਰ ਨਾਲ ਜੁੜਨ, ਉਸ ਨਾਲ ਸਬੰਧਤ ਪ੍ਰੋਗਰਾਮਾਂ ਵਿੱਚ ਸ਼ਮੂਲੀਅਤ ਕਰਨ ਦਾ ਮੌਕਾ ਮਿਲਦਾ ਹੈ।

ਕਲਚਰ ਫੈਸਟੀਵਲਜ਼ ਅਤੇ ਸੈਲੀਬ੍ਰੇਸ਼ਨ ਗ੍ਰਾਂਟ ਪ੍ਰੋਗਰਾਮ

ਇਹ ਪ੍ਰੋਗਰਾਮ ਮਿਸੀਸਾਗਾ ਸਥਿਤ ਸੰਸਥਾਵਾਂ ਨੂੰ ਆਪਣੇ ਕਲਾ, ਵਿਰਸੇ ਤੇ ਸੱਭਿਆਚਾਰ ਨਾਲ ਜੁੜੇ ਫੈਸਟੀਵਲ ਕਰਵਾਉਣ ਲਈ ਸਾਫ ਤੇ ਸੇਫ ਥਾਂਵਾਂ ਮੁਹੱਈਆ ਕਰਵਾਉਣ ਲਈ ਫੰਡ ਮੁਹੱਈਆ ਕਰਵਾਉਂਦਾ ਹੈ।

ਕਲਚਰ ਪ੍ਰੋਜੈਕਟਸ ਗ੍ਰਾਂਟ ਪ੍ਰੋਗਰਾਮ


ਇਹ ਪ੍ਰੋਗਰਾਮ ਪਹਿਲੀ ਜਨਵਰੀ ਤੇ 31 ਦਸੰਬਰ, 2020 ਤੱਕ ਹੋਣ ਵਾਲੇ ਸੱਭਿਆਚਾਰਕ ਈਵੈਂਟਸ, ਪ੍ਰੋਜੈਕਟਸ ਜਾਂ ਗਤੀਵਿਧੀਆਂ ਲਈ ਸਹਾਇਤਾ ਮੁਹੱਈਆ ਕਰਾਵੇਗਾ।

ਕਮਿਊਨਿਟੀ ਗ੍ਰਾਂਟ ਪ੍ਰੋਗਰਾਮ

ਇਹ ਪ੍ਰੋਗਰਾਮ ਮਿਸੀਸਾਗਾ ਸਥਿਤ ਸਰਗਰਮ, ਗੈਰ ਮੁਨਾਫੇ ਵਾਲੇ ਕਮਿਊਨਿਟੀ ਗਰੁੱਪਜ਼ ਦੀ ਸਹਾਇਤਾ ਕਰਦਾ ਹੈ। ਇਸ ਤਹਿਤ ਇੱਕ ਸਾਲ ਲਈ ਆਪਰੇਟਿੰਗ ਤੇ ਪ੍ਰੋਜੈਕਟ ਗ੍ਰਾਂਟਾਂ ਮੁਹੱਈਆ ਕਰਵਾਈਆਂ ਜਾਣਗੀਆਂ। ਇਹ ਗ੍ਰਾਂਟ ਮਨੋਰੰਜਨ ਤੇ ਖੇਡਾਂ, ਪਾਰਕਸ ਤੇ ਫੌਰੈਸਟਰੀ ਤੇ ਐਨਵਾਇਰਮੈਂਟ ਨਾਲ ਜੁੜੇ ਪ੍ਰੋਗਰਾਮਾਂ ਦੇ ਨਾਲ ਨਾਲ ਮਿਸੀਸਾਗਾ ਵਾਸੀਆਂ ਦੀ ਜ਼ਿੰਦਗੀ ਦੇ ਮਿਆਰ ਵਿੱਚ ਸੁਧਾਰ ਕਰਨ ਉੱਤੇ ਕੇਂਦਰਿਤ ਹੈ।

ਜਾਣਕਾਰੀ ਸਬੰਧੀ ਸੈਸ਼ਨਜ਼

ਸਿਟੀ ਦੇ ਗ੍ਰਾਂਟ ਪ੍ਰੋਗਰਾਮਾਂ ਲਈ ਅਪਲਾਈ ਕਰਨ ਵਿੱਚ ਦਿਲਚਸਪੀ ਰੱਖਣ ਵਾਲੀਆਂ ਸੰਸਥਾਵਾਂ ਲਈ ਜਾਣਕਾਰੀ ਸਬੰਧੀ ਸੈਸ਼ਨ ਉਪਲਬਧ ਹਨ। ਪਿਛਲੇ ਦੋ ਸਾਲਾਂ ਵਿੱਚ ਸਿਟੀ ਤੋਂ ਕੋਈ ਫੰਡ ਹਾਸਲ ਨਾ ਕਰਨ ਵਾਲੀਆਂ ਸੰਸਥਾਵਾਂ ਲਈ ਇਹ ਸੈਸ਼ਨ ਲਾਉਣੇ ਜ਼ਰੂਰੀ ਹਨ।







# ਪੋਸਟਰ ਉੱਤੇ ਮੁੱਕਾ ਮਾਰਦੇ ਡਿੱਗ ਪਏ ਸੋਈ ਦੇ ਸਟੂਡੈਂਟ ਆਗੂ ਦੀ ਮੌਤ

ਚੰਡੀਗੜ੍ਹ, 27 ਅਗਸਤ (ਪੋਸਟ ਬਿਊਰੋ)- ਸੋਈ (ਸਟੂਡੈਂਟਸ ਆਫ ਇੰਡੀਆ) ਦੇ ਸਟੂਡੈਂਟ ਲੀਡਰ ਈਸ਼ਾਨ ਸ਼ਰਮਾ ਦੀ ਸ਼ੱਕੀ ਹਾਲਾਤ ਵਿੱਚ ਮੌਤ ਹੋ ਗਈ ਹੈ। ਘਟਨਾ ਦੇਰ ਰਾਤ ਦੀ ਹੈ। ਪੁਲਸ ਨੂੰ ਸੂਚਨਾ ਮਿਲੀ ਸੀ ਕਿ ਯੂ ਆਈ ਡੀ ਕੈਂਪਸ ਦੇ ਨੇੜੇ ਇੱਕ ਨੌਜਵਾਨ ਸ਼ਰਾਬ ਦੇ ਨਸ਼ੇ ਵਿੱਚ ਜ਼ਖਮੀ ਹੈ। ਪੀ ਸੀ ਆਰ ਟੀਮ ਸਮੇਤ ਸੈਕਟਰ 11 ਥਾਣਾ ਦੀ ਪੁਲਸ ਮੌਕੇ 'ਤੇ ਪਹੁੰਚੀ ਅਤੇ ਉਥੇ ਮੌਜੂਦ ਹੋਰਾਂ ਵਿਦਿਆਰਥੀਆਂ ਸਮੇਤ ਲੋਕਾਂ ਦੇ ਬਿਆਨ ਦਰਜ ਕੀਤੇ।

ਪੁਲਸ ਜਾਂਚ ਵਿੱਚ ਪਤਾ ਲੱਗਾ ਕਿ ਮੂਲ ਰੂਪ ਤੋਂ ਬੱਦੀ (ਹਿਮਾਚਲ ਪ੍ਰਦੇਸ਼) ਦਾ ਰਹਿਣ ਵਾਲਾ ਈਸ਼ਾਨ ਸੈਕਟਰ-32 ਸਥਿਤ ਪੀ ਜੀ ਵਿੱਚ ਰਹਿ ਕੇ ਪੰਜਾਬ ਯੂਨੀਵਰਸਿਟੀ ਤੋਂ ਬੀ ਡੀ ਐੱਸ ਇੰਟਰਨਸ਼ਿਪ ਕਰ ਰਿਹਾ ਸੀ। ਉਹ ਦੇਰ ਰਾਤ ਯੂ ਆਈ ਈ ਟੀ ਹੋਸਟਲ ਤੋਂ ਨਿਕਲ ਕੇ ਨਸ਼ੇ ਦੀ ਹਾਲਤ ਵਿੱਚ ਜਾ ਰਿਹਾ ਸੀ। ਈਸ਼ਾਨ ਦੀ ਡ੍ਰਿੰਕ ਵੱਧ ਹੋਣ 'ਤੇ ਉਸ ਦੇ ਇੱਕ ਦੋਸਤ ਨੇ ਉਸ ਨੂੰ ਉਥੋਂ ਜਾਣ ਤੋਂ ਮਨ੍ਹਾ ਕੀਤਾ। ਇਸ ਦੌਰਾਨ ਯੂ ਆਈ ਈ ਟੀ ਕੈਂਪਸ ਸਥਿਤ ਇੱਕ ਹੋਰਡਿੰਗ 'ਤੇ ਲੱਗੇ ਪੋਸਟਰ 'ਤੇ ਈਸ਼ਾਨ ਭੜਕ ਪਿਆ। ਉਸ ਦਾ ਹੱਥ ਓਦੋਂ ਲੋਹੇ ਦੇ ਐਂਗਲ ਵਿੱਚ ਫਸ ਗਿਆ, ਜਦ ਉਸ ਨੇ ਹੱਥ ਨੂੰ ਝਟਕੇ ਨਾਲ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ ਤਾਂ ਉਹ ਇਸ ਦੌਰਾਨ ਜ਼ਮੀਨ 'ਤੇ ਦੂਰ ਜਾ ਡਿੱਗਾ। ਉਸ ਨੂੰ ਫੌਰਨ ਜੀ ਐੱਮ ਐੱਸ ਐੱਚ 16 ਵਿੱਚ ਲਿਜਾਇਆ ਗਿਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ।






# ਸਾਂਝੇ ਪੰਜਾਬ ਦੇ ਵਿੱਸਰੇ ਹੋਏ ਲੋਕ ਨਾਚ

–ਹਰਪ੍ਰੀਤ ਸਿੰਘ ਸਵੈਚ

ਪੰਜਾਂ ਪਾਣੀਆਂ ਦੀ ਧਰਤੀ ਦੇ ਵਾਸੀ ਮੁੱਢ ਤੋਂ ਹੀ ਸਖਤ ਮਿਹਨਤੀ ਅਤੇ ਰੱਜ ਕੇ ਸ਼ੌਕੀਨੀ ਕਰਨ ਵਾਲੇ ਰਹੇ ਹਨ। ਇਸ ਧਰਤੀ ਦੇ ਜਾਇਆਂ ਦੀ ਉਪਜੀਵਕਾ ਦਾ ਮੁੱਖ ਸਾਧਨ ਖੇਤੀਬਾੜੀ ਹੋਣ ਕਰਕੇ ਇਹ ਲੋਕ ਧਰਤੀ ਦੇ ਢਿੱਡੋਂ ਸੋਨਾ ਅਤੇ ਹੀਰੇ ਮੋਤੀ ਕੱਢਣ ਲਈ ਲਗਭਗ ਸਾਰਾ ਸਾਲ ਜੀਅ ਤੋੜ ਮਿਹਨਤ ਕਰਦੇ ਰਹਿੰਦੇ ਹਨ। ਜਦੋਂ ਇਹ ਫਸਲਾਂ ਦੀ ਕਟਾਈ ਤੋਂ ਵਿਹਲੇ ਹੁੰਦੇ ਹਨ ਤਾਂ ਰੱਜ ਕੇ ਆਪਣੀਆਂ ਸ਼ੌਕੀਨੀਆਂ ਪੂਰੀਆਂ ਕਰਦੇ ਹਨ। ਸਾਰਾ ਸਾਲ ਅਣਥੱਕ ਕਮਾਈ ਕਰਨ ਕਰਕੇ ਆਪਣੀ ਸਰੀਰਕ ਤੇ ਦਿਮਾਗੀ ਥਕਾਵਟ ਨੂੰ ਲਾਹੁਣ ਲਈ ਪੰਜਾਬੀ ਹਮੇਸ਼ਾ ਤੋਂ ਲੋਕ ਨਾਚਾਂ ਦਾ ਸਹਾਰਾ ਲੈਂਦੇ ਰਹੇ ਹਨ। ਇਕ ਕਹਾਵਤ ਅਨੁਸਾਰ ਪੰਜਾਬੀਆਂ ਨੂੰ ਨੱਚਣ ਦਾ ਬਹਾਨਾ ਚਾਹੀਦਾ ਹੈ, ਉਹ ਨੱਚਣ ਲਈ ਹਰ ਵੇਲੇ ਤਿਆਰ ਹੀ ਰਹਿੰਦੇ ਹਨ।

1947 ਦੀ ਦੇਸ਼ ਵੰਡ ਅਤੇ 1966 ਦੀ ਸੂਬਾਈ ਵੰਡ ਤੋਂ ਬਾਅਦ ਅਜੋਕੇ ਯੁੱਗ ਦੇ ਛੋਟੇ ਜਿਹੇ ਪੰਜਾਬ ਵਿੱਚ ਮੁੱਖ ਤੌਰ 'ਤੇ ਭੰਗੜੇ ਤੇ ਗਿੱਧੇ ਨੂੰ ਹੀ ਪੰਜਾਬੀ ਲੋਕ ਨਾਚ ਆਖਿਆ ਜਾਂਦਾ ਹੈ। ਜੇ ਆਪਾਂ ਆਪਣੇ ਵਿਰਸੇ ਵੱਲ ਝਾਤੀ ਮਾਰੀਏ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਸਾਡੇ ਸਾਂਝੇ ਪੰਜਾਬ ਵਿੱਚ ਭੰਗੜੇ ਅਤੇ ਗਿੱਧੇ ਤੋਂ ਇਲਾਵਾ ਲੁੱਡੀ, ਝੂਮਰ, ਸਿਆਲਕੋਟੀ ਭੰਗੜਾ, ਸੰਮੀ, ਮਲਵਈ ਗਿੱਧਾ ਆਦਿ ਲੋਕ ਨਾਚ ਬਹੁਤ ਪ੍ਰਸਿੱਧ ਰਹੇ ਹਨ। ਇਨ੍ਹਾਂ ਵਿੱਚੋਂ ਲੁੱਡੀ, ਸਿਆਲਕੋਟੀ ਭੰਗੜਾ, ਝੂਮਰ ਅਤੇ ਸੰਮੀ ਪੱਛਮੀ ਪੰਜਾਬ ਦੇ ਬਹੁਤ ਹੀ ਪ੍ਰਸਿੱਧ ਲੋਕ ਨਾਚ ਹਨ, ਜਿਹੜੇ 1947 ਦੀ ਵੰਡ ਦੌਰਾਨ ਮੁੱਖ ਤੌਰ 'ਤੇ ਪਾਕਿਸਤਾਨੀ ਪੰਜਾਬ (ਪੱਛਮੀ ਪੰਜਾਬ) ਵਿੱਚ ਹੀ ਰਹਿ ਗਏ।

ਮੌਜੂਦਾ ਪੰਜਾਬ ਦੇ ਮਲਵਈ ਇਲਾਕੇ ਵਿੱਚ ਅੱਜ ਵੀ ਲੁੱਡੀ ਪਾਉਣ ਦਾ ਥੋੜ੍ਹਾ ਬਹੁਤਾ ਰਿਵਾਜ ਹੈ। ਇਹ ਇਕ ਤਰ੍ਹਾਂ ਨਾਲ ਜਿੱਤ ਤੇ ਖੁਸ਼ੀ ਵਿੱਚ ਮਸਤੀ ਨਾਲ ਨੱਚਿਆ ਜਾਣ ਵਾਲਾ ਲੋਕ ਨਾਚ ਹੈ। ਇਸ ਵਿੱਚ ਢੋਲ ਮੱਧਮ ਸੁਰ ਵਿੱਚ ਤੇਜ਼ ਗਤੀ ਨਾਲ ਵਜਾਇਆ ਜਾਂਦਾ ਹੈ। ਲੁੱਡੀ ਪਾਉਣ ਵਾਲੇ ਆਪਣੇ ਮੋਢੇ, ਪੈਰ ਤੇ ਗੁੱਟ ਬੜੇ ਹੀ ਲਚਕੀਲੇ ਢੰਗ ਨਾਲ ਹਿਲਾਉਂਦੇ ਹੋਏ ਮਸਤੀ ਦੇ ਆਲਮ ਵਿੱਚ ਪਹੁੰਚ ਜਾਂਦੇ ਹਨ। ਸਾਂਝੇ ਪੰਜਾਬ ਵਿੱਚ ਗੱਭਰੂਆਂ ਵੱਲੋਂ ਪਿੰਡ ਤੋਂ ਬਾਹਰ ਕਿਸੇ ਖੁੱਲ੍ਹੇ ਪਿੜ ਵਿੱਚ ਚਾਨਣੀਆਂ ਰਾਤਾਂ ਨੂੰ ਲੁੱਡੀਆਂ ਪਾਈਆਂ ਜਾਂਦੀਆਂ ਸਨ, ਪਰ ਅਜੋਕੇ ਪੰਜਾਬ ਦੀ ਨੌਜੁਆਨ ਪੀੜੀ ਨੇ ਸ਼ਾਇਦ 'ਲੁੱਡੀ' ਸ਼ਬਦ ਹੀ ਨਾ ਸੁਣਿਆ ਹੋਵੇ।

ਝੂਮਰ ਪਾਕਿਸਤਾਨੀ ਪੰਜਾਬ ਦੇ ਸਾਂਦਲ ਬਾਰ ਇਲਾਕੇ ਦਾ ਲੋਕ ਨਾਚ ਹੈ। ਪੂਰਬੀ ਪੰਜਾਬ ਯਾਨੀ ਕਿ ਸਾਡੇ ਪੰਜਾਬ ਵਿੱਚ ਵੀ ਇਹ ਨਾਚ ਕਾਫੀ ਹਰਮਨ ਪਿਆਰਾ ਹੈ, ਪਰ ਪੱਛਮੀ ਪੰਜਾਬ ਵਿੱਚ ਝੂਮਰ ਇਸ ਵੇਲੇ ਆਪਣੀ ਹੋਂਦ ਬਚਾਉਣ ਲਈ ਸੰਘਰਸ਼ੀਲ ਹੈ। ਝੂਮਰ ਲੋਕ ਨਾਚ ਪਿੱਛੇ ਕਈ ਕਹਾਣੀਆਂ ਪ੍ਰਚੱਲਿਤ ਹਨ, ਜਿਵੇਂ ਇਕ ਕਹਾਣੀ ਅਨੁਸਾਰ ਸ਼ਾਹਪੁਰ ਦਾ ਡਾਕੂ ਤੋਰਾ ਕਿਸੇ ਵੇਲੇ ਝੰਗ ਦੇ ਇਲਾਕੇ ਵਿੱਚ ਆਇਆ ਅਤੇ ਉਸ ਨੂੰ ਉਥੇ ਕਿਸੇ ਜਾਂਗਲੀ ਔਰਤ ਨਾਲ ਪਿਆਰ ਹੋ ਗਿਆ। ਜਦੋਂ ਉਹ ਡਾਕੂ ਚਲਾ ਗਿਆ ਤਾਂ ਪਿੱਛੋਂ ਜਾਂਗਲੀ ਔਰਤ ਦੇ ਮਨੋਭਾਵਾਂ ਨੇ ਬੋਲੀਆਂ ਦਾ ਰੂਪ ਧਾਰਨ ਕਰ ਲਿਆ, ਜਿਹੜੀਆਂ ਝੂਮਰ ਪਾਉਣ ਵੇਲੇ ਗਾਈਆਂ ਜਾਣ ਲੱਗੀਆਂ। ਝੂਮਰ ਢੋਲ ਦੇ ਡਗੇ 'ਤੇ ਨੱਚਿਆ ਜਾਣ ਵਾਲਾ ਨਾਚ ਹੈ, ਜੋ ਆਮ ਤੌਰ 'ਤੇ ਤਿੰਨ ਤਾਲਾਂ ਵਿੱਚ ਪਾਇਆ ਜਾਂਦਾ ਹੈ।



ਸੰਮੀ ਪਾਕਿਸਤਾਨੀ ਪੰਜਾਬ ਦੇ ਸਾਂਦਲ ਬਾਰ ਇਲਾਕੇ ਵਿੱਚ ਇਸਤਰੀਆਂ ਦਾ ਹਰਮਨ ਪਿਆਰਾ ਲੋਕ ਨਾਚ ਹੈ। ਪੱਛਮੀ ਪੰਜਾਬ ਵਿੱਚ ਅੱਜ ਵੀ ਕੁੜੀਆਂ ਇਕੱਠੀਆਂ ਹੋ ਕੇ ਸੰਮੀ ਪਾਉਂਦੀਆਂ ਹਨ। ਇਹ ਕੁੜੀਆਂ ਦਾ ਮਨਭਾਉਂਦਾ ਨਾਚ ਹੈ। ਪੂਰਬੀ ਪੰਜਾਬ ਵਿੱਚ ਕੇਵਲ ਟੀ ਵੀ ਅਤੇ ਫਿਲਮਾਂ ਵਿੱਚ ਇਹ ਨਾਚ ਜਿਉਂਦਾ ਹੈ। ਇਸ ਪਿੱਛੇ ਵੀ ਕਹਾਣੀ ਪ੍ਰਚੱਲਿਤ ਹੈ ਕਿ ਸੰਮੀ ਨਾਂ ਦੀ ਕੁੜੀ ਦਾ ਪਤੀ/ ਪ੍ਰੇਮੀ ਉਸ ਨੂੰ ਛੱਡ ਕੇ ਦੂਰ ਚਲਾ ਗਿਆ ਸੀ, ਜਿਸ ਦੇ ਵਿਯੋਗ ਵਿੱਚ ਉਸ ਦੇ ਦਿਲੋਂ ਨਿਕਲੇ ਬੋਲਾਂ ਨੇ ਸੰਮੀ ਨਾਚ ਦੀਆਂ ਬੋਲੀਆਂ ਦਾ ਰੂਪ ਧਾਰ ਲਿਆ। ਜਿਵੇਂ:

ਕੋਠੇ ਉਤੇ ਕੋਠੜਾ ਨੀ ਸੰਮੀਏ
ਕੋਠੇ ਤਪੇ ਤੰਦੂਰ ਨੀ ਸੰਮੀਏ
ਗਿਣ-ਗਿਣ ਲਾਵਾਂ ਪੂਰ ਨੀ ਸੰਮੀਏ
ਖਾਵਣ ਵਾਲਾ ਦੂਰ ਨੀ ਸੰਮੀਏ
ਸੰਮੀ ਮੇਰੀ ਵਾਰ ਮੈਂ ਵਾਰੀ
ਮੈਂ ਵਾਰੀ ਮੇਰੀ ਸੰਮੀਏ

ਇਸ ਨਾਚ ਵਿੱਚ ਕੁੜੀਆਂ ਬਾਹਾਂ ਵਿੱਚ ਬਾਹਾਂ ਪਾ ਕੇ ਇਕ ਪੈਰ ਨਾਲ ਤਾਲ ਦਿੰਦੀਆਂ ਤੇ ਨਾਲੋ ਨਾਲ ਇਕ ਚੱਕਰ ਦੀ ਸ਼ਕਲ ਵਿੱਚ ਘੁੰਮਣਾ ਸ਼ੁਰੂ ਕਰਦੀਆਂ ਹਨ। ਆਮ ਤੌਰ 'ਤੇ ਸੰਮੀ ਲਈ ਢੋਲਕੀ ਨੂੰ ਸਾਜ਼ ਵਜੋਂ ਵਰਤਿਆ ਜਾਂਦਾ ਹੈ।

ਸਿਆਲਕੋਟੀ ਭੰਗੜੇ ਦੇ ਨਾਂ ਤੋਂ ਹੀ ਪਤਾ ਲੱਗਦਾ ਹੈ ਕਿ ਇਹ ਨਾਚ ਪਾਕਿਸਤਾਨੀ ਪੰਜਾਬ ਦੇ ਸਿਆਲਕੋਟ ਇਲਾਕੇ ਨਾਲ ਸਬੰਧਤ ਹੈ। 1947 ਦੀ ਪੰਜਾਬ ਵੰਡ ਤੋਂ ਬਾਅਦ ਇਹ ਨਾਚ ਵੀ ਉਧਰ ਰਹਿ ਗਿਆ। ਇਹ ਬੜਾ ਰੌਚਕ ਤੇ ਦਮਦਾਰ ਨਾਚ ਹੈ। ਇਸ ਨੂੰ ਕਈ ਵਾਰ ਭਲਵਾਨਾਂ ਵਾਂਗ ਲੰਗੋਟ ਲਾ ਕੇ ਨੱਚਿਆ ਜਾਂਦਾ ਹੈ। ਇਸ ਵਿੱਚ ਭਲਵਾਨਾਂ ਵਾਂਗ ਕਮਾਏ ਹੋਏ ਜੁੱਸਿਆਂ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ। ਸ਼ਾਇਦ ਇਸੇ ਲਈ ਪਹਿਲਾਂ ਇਸ ਨੂੰ ਭੰਗੜਾ ਪਾਉਣ ਦੀ ਥਾਂ ਭੰਗੜਾ ਮਾਰਨਾ ਕਿਹਾ ਜਾਂਦਾ ਸੀ। ਪੂਰਬੀ ਪੰਜਾਬ ਵਿੱਚ ਇਹ ਨਾਚ ਕਿਤੇ ਦੇਖਣ ਨੂੰ ਹੀ ਨਹੀਂ ਮਿਲਦਾ।

ਅਜੋਕੀ ਨੌਜੁਆਨ ਪੀੜ੍ਹੀ ਨੂੰ ਸਾਡੇ ਵਿਰਾਸਤੀ ਲੋਕ ਨਾਚਾਂ ਬਾਰੇ ਜਾਣੂ ਕਰਾਉਣਾ ਸਮੇਂ ਦੀ ਮੁੱਖ ਲੋੜ ਹੈ। ਇਹ ਲੋਕ ਨਾਚ ਜਿਥੇ ਮਨਪ੍ਰਚਾਵੇ ਦਾ ਸਾਧਨ ਬਣਦੇ ਹਨ, ਉਥੇ ਇਕ ਤੰਦਰੁਸਤ ਸਰੀਰ ਦਾ ਨਿਰਮਾਣ ਕਰਨ ਵਿੱਚ ਵੀ ਸਹਾਈ ਹੁੰਦੇ ਹਨ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਨਾਲ-ਨਾਲ ਪਿੰਡ ਪੱਧਰ 'ਤੇ ਪੰਚਾਇਤਾਂ ਵੱਲੋਂ ਵੀ ਇਨ੍ਹਾਂ ਵਿਰਾਸਤੀ ਲੋਕ ਨਾਚਾਂ ਦੇ ਵੱਡੇ ਪੱਧਰ 'ਤੇ ਮੁਕਾਬਲੇ ਕਰਵਾ ਕੇ ਨੌਜੁਆਨ ਪੀੜ੍ਹੀ ਨੂੰ ਆਪਣੀਆਂ ਜੜਾਂ ਨਾਲ ਜੋੜਨ ਦੇ ਨਾਲ-ਨਾਲ ਨਸ਼ਿਆਂ ਤੋਂ ਵੀ ਦੂਰ ਕਰਨ ਦਾ ਉਪਰਾਲਾ ਕੀਤਾ ਜਾਣਾ ਚਾਹੀਦਾ ਹੈ।

# "ਖੂਬਸੂਰਤ ਸ਼ਖਸੀਅਤ ਤੇ ਮਿੱਠੀ ਆਵਾਜ ਦਾ ਸੁਮੇਲ ਮੁਹੰਮਦ ਰਫੀ"



ਮੁਹੰਮਦ ਅੱਬਾਸ ਧਾਲੀਵਾਲ

ਰੱਬ ਨੇ ਇਸ ਕਾਇਨਾਤ ਵਿਚ ਮਨੁੱਖ ਨੂੰ ਆਪਣਾ ਨਾਇਬ ਬਣਾ ਕੇ ਭੇਜਿਆ ਹੈ ਤੇ ਨਾਲ ਹੀ ਇਨਸਾਨ ਨੂੰ ਸਰਵੋਤਮ ਕਰਾਰ ਦਿੰਦੇ ਹੋਏ ਅਸ਼ਰਫ - ਉਲ - ਮਖਲੂਕਾਤ ਦਾ ਦਰਜਾ ਦਿੱਤਾ ਤੇ ਫਿਰ ਇਹਨਾਂ ਮਨੁੱਖਾਂ ਚੋਂ ਹੀ ਕੁੱਝ ਅਜਿਹੇ ਵਿਅਕਤੀ ਪੈਦਾ ਕੀਤੇ ਜੋ ਓਸ ਰਬ ਦੀ ਬਖ਼ਸ਼ੀ ਹੋਈ ਦਾਦ ਸਦਕਾ ਸੰਸਾਰ ਚ ਅਪਣੀ ਇਕ ਵਿਲੱਖਣ ਪਛਾਣ ਬਣਾ ਕੇ ਹਮੇਸ਼ਾ ਹਮੇਸ਼ ਲਈ ਅਮਰ ਹੋ ਗਏ।

ਇਸੇ ਪ੍ਰਕਾਰ ਅੱਜ ਜਦੋਂ ਵੀ ਦੁਨੀਆ ਚ ਆਵਾਜ਼ ਦੇ ਜਾਦੂਗਰਾਂ ਦੀ ਗੱਲ ਚੱਲਦੀ ਹੈ ਤਾਂ ਬਿਨਾਂ ਸ਼ੱਕ ਇਕ ਨਾਮ ਅਪਣੇ ਆਪ ਸਾਹਮਣੇ ਆ ਖਲੋਂਦਾ ਹੈ ਉਹ ਨਾਂ ਹੈ ਬੋਲੀਵੂਡ ਦੇ ਪ੍ਰਸਿੱਧ ਪਿਠਵਰਤੀ ਮਹਾਨ ਗਾਇਕ ਮੁਹੰਮਦ ਰਫੀ ਸਾਹਿਬ ਜੀ ਦਾ।

ਗੀਤ ਹੋਵੇ ਚਾਹੇ ਕੋਈ ਗਜਲ ਜਾਂ ਫਿਰ ਕੋਈ ਕੱਵਾਲੀ ਹੋਵੇ ਯਾ ਫਿਰ ਨਾਅਤ ਜਾਂ ਸ਼ਬਦ, ਭਜਨ ਰਫੀ ਸਾਹਿਬ ਨੇ ਹਰ ਤਰ੍ਹਾਂ ਦੀ ਗਾਇਕੀ ਚ ਅਪਣਾ ਲੋਹਾ ਮਨਵਾਇਆ।

ਅੱਜ ਭਾਵੇਂ ਰਫੀ ਸਾਹਿਬ ਨੂੰ ਸਾਥੋਂ ਵਿਛੜਿਆਂ ਲਗਭਗ ਚਾਰ ਦਹਾਕੇ ਬੀਤ ਚੁੱਕੇ ਹਨ ਫਿਰ ਵੀ ਰਫੀ ਸਾਹਿਬ ਦੀ ਆਵਾਜ ਦਾ ਜਾਦੂ ਸਰੋਤਿਆਂ ਦੇ ਸਿਰ ਚੜ੍ਹ ਕੇ ਉਸੇ ਤਰ੍ਹਾਂ ਬੋਲਦਾ ਹੈ ਜਿਸ ਪ੍ਰਕਾਰ ਕਰੀਬ ਸੱਤ ਦਹਾਕੇ ਪਹਿਲਾਂ ਬੋਲਦਾ ਸੀ। ਅੱਜ ਵੀ ਉਹਨਾਂ ਦੀ ਆਵਾਜ ਜਦੋਂ ਕਦੀ ਰੇਡੀਓ ਤੋਂ ਸੁਣਾਈ ਦਿੰਦੀ ਹੈ ਤਾਂ ਬਿਨਾਂ ਸ਼ੱਕ ਕੰਨਾਂ ਵਿਚ ਇਕ ਪ੍ਰਕਾਰ ਦਾ ਸ਼ਹਿਦ ਘੋਲਦੀ ਮਹਿਸੂਸ ਹੁੰਦੀ ਹੈ ਅਤੇ ਨਾਲ ਹੀ ਰੂਹ ਨੂੰ ਇੱਕ ਤਰੋ ਤਾਜਗੀ ਮੁਹੱਈਆ ਕਰਵਾਉਂਦੀ ਜਾਪਦੀ ਹੈ।

ਮੁਹੰਮਦ ਰਫੀ ਜਿਹਨਾਂ ਦਾ ਜਨਮ ਅੰਮ੍ਰਿਤਸਰ ਦੇ ਲਾਗੇ ਪਿੰਡ ਕੋਟਲਾ ਸੁਲਤਾਨ ਸਿੰਘ ਵਿਖੇ 24 ਦਸੰਬਰ 1924 ਨੂੰ ਇਕ ਸਾਧਾਰਨ ਪਰਿਵਾਰ ਵਿਚ ਹੋਇਆ। ਆਪ ਦੇ ਪਿਤਾ ਹਾਜੀ ਅਲੀ ਮੁਹੰਮਦ ਇੱਕ ਬਹੁਤ ਹੀ ਨੇਕ ਤੇ ਧਾਰਮਿਕ ਵਿਰਤੀ ਵਾਲੇ ਇਨਸਾਨ ਸਨ।

ਮੁਹੰਮਦ ਰਫੀ ਛੇ ਭਰਾਵਾਂ ਵਿੱਚੋਂ ਦੂਸਰੇ ਨੰਬਰ 'ਤੇ ਸੀ। ਮੁਹੰਮਦ ਰਫ਼ੀ, ਜਿਸਦਾ ਦਾ ਕੱਚਾ-ਨਾਂਅ "ਫੀਕੂ" ਸੀ ਨੇ ਆਪਣੀ ਮੁਢਲੀ ਵਿਦਿਆ ਘਰ ਵਿਚ ਹੀ ਪ੍ਰਾਪਤ ਕੀਤੀ। ਆਪ ਨੂੰ ਬਚਪਨ ਤੋਂ ਹੀ ਗਾਉਣ ਦਾ ਸ਼ੌਕ ਸੀ। ਇਸ ਲਈ ਪਿੰਡ ਦੇ ਸਕੂਲ ਵਿਚ ਦੂਜੀ ਜਮਾਤ ਤੱਕ ਹੀ ਪੜ੍ਹਾਈ ਕਰ ਸਕੇ।

ਰਫੀ ਸਾਹਿਬ ਨੇ ਅਪਣੇ ਗਾਉਣ ਦੀ ਪ੍ਰੇਰਣਾ ਦਾ ਖੁਲਾਸਾ ਕਰਦੇ ਹੋਏ ਇਕ ਇੰਟਰਵਿਊ ਦੌਰਾਨ ਕਿਹਾ ਕਿ ਉਹ ਦਸ - ਬਾਰਾਂ ਸਾਲ ਦੇ ਸਨ ਕੇ ਉਹਨਾਂ ਦੇ ਮੁਹੱਲੇ ਵਿੱਚ ਇੱਕ ਫਕੀਰ ਗੀਤ "ਜੱਗ ਵਾਲਾ ਮੇਲਾ ਯਾਰੋ ਥੋੜੀ ਦੇਰ ਦਾ" ਗਾ ਕੇ ਭੀਖ ਮੰਗਿਆ ਕਰਦਾ ਸੀ ਉਸੇ ਦੀ ਦੀ ਨਕਲ ਕਰਦਿਆਂ ਆਪ ਵੀ ਇਸ ਗੀਤ ਨੂੰ ਬਹੁਤ ਸ਼ੌਕ ਨਾਲ ਗਾਇਆ ਕਰਦੇ ਸਨ ਤੇ ਕਈ ਵਾਰ ਉਸ ਫਕੀਰ ਦਾ ਪਿੱਛਾ ਕਰਦੇ ਹੋਏ ਬਹੁਤ ਦੂਰ ਨਿਕਲ ਜਾਂਦੇ ਸਨ।

ਇਸੇ ਵਿਚਕਾਰ ਰਫ਼ੀ ਦੇ ਪਿਤਾ 1935 ਵਿਚ ਲਾਹੌਰ ਚਲੇ ਗਏ, ਜਿੱਥੇ ਉਹਨਾਂ ਨੇ ਭੱਟੀ ਗੇਟ ਵਿੱਚ ਨੂਰ ਮਹਿਲਾਂ ਵਿੱਚ ਇੱਕ ਪੁਰਸ਼ਾਂ ਦਾ ਸੈਲੂਨ ਸ਼ੁਰੂ ਕਰ ਦਿਤਾ।

ਰਫ਼ੀ ਦੇ ਵੱਡੇ ਭਰਾ ਮੁਹੰਮਦ ਦੀਨ ਦੇ ਇੱਕ ਦੋਸਤ ਅਬਦੁਲ ਹਮੀਦ ਨੇ ਲਾਹੌਰ ਵਿਚ ਰਫ਼ੀ ਦੀ ਪ੍ਰਤਿਭਾ ਨੂੰ ਪਛਾਣਦਿਆਂ ਉਸ ਨੂੰ ਗਾਇਕੀ ਵੱਲ ਉਤਸ਼ਾਹਿਤ ਕੀਤਾ । ਅਬਦੁਲ ਹਮੀਦ ਨੇ ਹੀ ਬਾਅਦ ਵਿੱਚ ਰਫ਼ੀ ਦੇ ਪਰਿਵਾਰ ਦੇ ਬਜ਼ੁਰਗਾਂ ਨੂੰ, ਰਫ਼ੀ ਨੂੰ ਮੁੰਬਈ ਭੇਜਣ ਵਾਸਤੇ ਮਨਾਇਆ । ਉਹਨਾਂ ਨੂੰ ਪਹਿਲੀ ਵਾਰ 13 ਸਾਲ ਦੀ ਉਮਰ ਵਿੱਚ ਕੇ.ਐੱਲ ਸਹਿਗਲ ਦੀ ਮੌਜੂਦਗੀ ਵਿੱਚ ਲਾਹੌਰ ਵਿਖੇ ਉਦੋਂ ਗਾਉਣ ਦਾ ਮੌਕਾ ਮਿਲਿਆ ਜਦ ਲਾਈਟ ਚਲੀ ਜਾਣ ਕਾਰਨ ਸਹਿਗਲ ਨੇ ਗਾਉਣ ਤੋਂ ਇਨਕਾਰ ਕਰ ਦਿੱਤਾ ਤੇ ਪੰਡਾਲ ਵਿਚ ਵਿੱਚ ਹੰਗਾਮਾ ਮਚ ਗਿਆ, ਇਸੇ ਵਿਚਕਾਰ ਮੁਹੰਮਦ ਰਫੀ ਨੂੰ ਦਰਸ਼ਕਾਂ ਦੇ ਰੂ ਬਾ ਰੂ ਕੀਤਾ ਗਿਆ, ਜਿਵੇਂ ਹੀ 13 ਸਾਲਾ ਰਫੀ ਨੇ ਗਾਉਣਾ ਸ਼ੁਰੂ ਕੀਤਾ ਤਾਂ ਪੰਡਾਲ ਵਿਚ ਉਨ੍ਹਾਂ ਦੀ ਉਚੀ ਤੇ ਸੁਰੀਲੀ ਆਵਾਜ ਸੁਣ ਕੇ ਦਰਸ਼ਕਾਂ ਚ ਜਿਵੇਂ ਕਬਰਾਂ ਵਰਗੀ ਚੁੱਪ ਛਾ ਗਈ।

ਇਸ ਉਪਰੰਤ 1941 ਵਿੱਚ ਰਫ਼ੀ ਨੇ ਸ਼ਿਆਮ ਸੁੰਦਰ ਦੇ ਅਧੀਨ ਜੋੜੀ ਵਿੱਚ ਗਾਣਾ ਗਾਇਆ। ਇਹ ਗਾਣਾ ਸੀ "ਸੋਹਣੀਏ ਨੀਂ, ਹੀਰੀਏ ਨੀਂ" ਜੋ ਕਿ ਜੀਨਤ ਬੇਗਮ ਨਾਲ ਲਾਹੌਰ 'ਚ ਪੰਜਾਬੀ ਫਿਲਮ ਗੁਲ ਬਲੋਚ ਵਾਸਤੇ ਗਾਇਆ ਗਿਆ ਸੀ। ਇਸ ਦੇ ਨਾਲ ਹੀ ਉਹਨਾਂ ਦੀ ਗਾਇਕ ਦੇ ਤੌਰ 'ਤੇ ਸ਼ੁਰੂਆਤ ਹੋ ਗਈ। ਇਸ ਦੌਰਾਨ ਮੁਹੰਮਦ ਰਫ਼ੀ ਨੂੰ ਆਲ ਇੰਡੀਆ ਰੇਡੀਓ ਲਾਹੌਰ ਸਟੇਸ਼ਨ ਨੇ ਆਪਣੇ ਵਾਸਤੇ ਗਾਉਣ ਲਈ ਸੱਦਾ ਦਿੱਤਾ ਗਿਆ।

1944 ਵਿੱਚ, ਰਫ਼ੀ ਸਾਹਿਬ ਮੁੰਬਈ ਚਲੇ ਗਏ। ਉਹਨਾਂ ਨੇ ਅਬਦੁਲ ਹਮੀਦ ਸਹਿਤ ਮੁੰਬਈ ਦੇ ਭੀੜ-ਭਰੇ ਭਿੰਡੀ ਬਾਜ਼ਾਰ ਵਿੱਚ ਇੱਕ ਕਮਰਾ ਕਿਰਾਏ 'ਤੇ ਲੈ ਕੇ ਰਹਿਣਾ ਸ਼ੁਰੂ ਕੀਤਾ। ਕਵੀ ਤਨਵੀਰ ਨਕਵੀ ਨੇ ਮੁਹੰਮਦ ਰਫ਼ੀ ਨੂੰ ਫਿਲਮ ਪ੍ਰੋਡੀਊਸਰ ਅਬਦੁਰ ਰਸ਼ੀਦ ਨਿਰਦੇਸ਼ਕ ਮਹਿਬੂਬ ਖਾਨ ਅਤੇ ਅਭਿਨੇਤਾਨਿਰਦੇਸ਼ਕ (ਡਾਇਰੈਕਟਰ) ਨਜ਼ੀਰ ਆਦਿ ਨਾਲ ਮਿਲਵਾਇਆ।

ਮੁਹੰਮਦ ਰਫ਼ੀ ਜੋ ਕਿ ਆਪਣੇ ਅਲੱਗ-ਅਲੱਗ ਦੇ ਗਾਣਿਆਂ ਦੇ ਅੰਦਾਜ ਵਾਸਤੇ ਜਾਣੇ ਜਾਂਦੇ ਸੀ, ਉਹਨਾਂ ਨੇ ਸ਼ਾਸਤਰੀ ਗੀਤਾਂ ਤੋਂ ਲੈ ਕੇ ਦੇਸ਼ ਭਗਤੀ ਦੇ ਗੀਤ, ਉਦਾਸ ਵਿਰਲਾਪ ਤੋਂ ਲੈ ਕੇ ਰੁਮਾਂਸਵਾਦੀ ਗੀਤ, ਗ਼ਜ਼ਲ, ਭਜਨ ਅਤੇ ਕੱਵਾਲੀ ਤੱਕ ਹੱਦਬੰਦੀ ਕੀਤੀ ਸੀ। ਉਹਨਾਂ ਨੂੰ ਫਿਲਮ ਦੇ ਅਦਾਕਾਰਾ ਦੀ ਆਵਾਜ਼ ਨਾਲ ਮਿਲਦੀ ਅਵਾਜ਼ ਵਿੱਚ ਗਾਉਣ ਦੀ ਵਿਲਖਣ ਯੋਗਤਾ ਕਰਕੇ ਜਾਣਿਆ ਜਾਂਦਾ ਸੀ।

ਅਪਣੀ ਜਾਦੂਈ ਆਵਾਜ ਦੇ ਚਲਦਿਆਂ 1950 ਅਤੇ 1970 ਦੇ ਵਿਚਕਾਰ, ਰਫ਼ੀ ਹਿੰਦੀ ਫਿਲਮ ਉਦਯੋਗ ਵਿਚ ਸਭ ਤੋ ਵੱਧ ਮੰਗ ਵਾਲੇ ਗਾਇਕ ਸਨ। ਦਲੀਪ ਕੁਮਾਰ ਤੋਂ ਲੈ ਕੇ ਅਮਿਤਾਭ ਬੱਚਨ ਤੱਕ ਹਰ ਛੋਟੇ ਬੜੇ ਅਦਾਕਾਰ ਲਈ ਰਫੀ ਨੇ ਆਪਣੀ ਪਿਠਵਰਤੀ ਆਵਾਜ਼ ਮੁਹੱਈਆ ਕਰਵਾਈ। ਇਹੋ ਕਾਰਨ ਹੈ ਕਿ ਰਫੀ ਦੀ ਮੌਤ ਉਪਰੰਤ ਇਕ ਵਾਰ ਯਾ-ਹੂ ਅਦਾਕਾਰ ਸ਼ਮੀ ਕਪੂਰ ਨੇ ਕਿਹਾ ਸੀ ਕਿ ਅੱਜ ਉਨ੍ਹਾਂ ਦੀ ਆਵਾਜ ਚਲੀ ਗਈ ਹੈ ਅਤੇ ਉਹ ਗੂੰਗੇ ਹੋ ਗਏ ਹਨ।



ਮੁਹੰਮਦ ਰਫ਼ੀ ਆਮ ਤੌਰ 'ਤੇ ਹਿੰਦੀ ਵਿੱਚ ਗਾਣੇ ਗਾਉਣ ਵਾਸਤੇ ਜਾਣੇ ਜਾਂਦੇ ਸੀ, ਜਿਸ ਉਪਰ ਉਹਨਾਂ ਨੂੰ ਬਹੁਤ ਮੁਹਾਰਤ ਸੀ। ਉਹਨਾਂ ਨੇ ਕਈ ਭਾਸ਼ਾਵਾਂ ਵਿੱਚ ਗਾਣੇ ਗਾਏ ਜਿਸ ਵਿੱਚ ਆਸਾਮੀ, ਕੋਂਕਣੀ , ਭੋਜਪੁਰੀ , ਉੜੀਆ , ਪੰਜਾਬੀ, ਬੰਗਾਲੀ, ਮਰਾਠੀ, ਸਿੰਧੀ, ਕੰਨੜ, ਗੁਜਰਾਤੀ, ਤੇਲਗੂ, ਮਗਾਹੀ, ਮੈਥਲੀ ਅਤੇ ਉਰਦੂ ਸ਼ਾਮਿਲ ਹਨ। ਭਾਰਤੀ ਭਾਸ਼ਾ ਤੋਂ ਇਲਾਵਾ ਉਹਨਾਂ ਨੇ ਅੰਗਰੇਜ਼ੀ, ਫਾਰਸੀ, ਅਰਬੀ, ਹੈਤੀਆਈ, ਅਤੇ ਡੱਚ ਭਾਸ਼ਾਵਾਂ ਵਿੱਚ ਵੀ ਗਾਣੇ ਗਾਏ ਸਨ। ਇਕ ਵਾਰ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਉਹ ਦੂਜੀਆਂ ਭਾਸ਼ਾਵਾਂ ਵਿਚ ਇਨ੍ਹੀਂ ਨਿਪੁੰਨਤਾ ਨਾਲ ਕਿਵੇਂ ਗਾ ਲੈਂਦੇ ਹਨ ਤਾਂ ਉਨ੍ਹਾਂ ਕਿਹਾ ਕਿ ਉਹ ਪਹਿਲਾਂ ਦੂਜੀ ਭਾਸ਼ਾ ਦੇ ਗੀਤਾਂ ਨੂੰ ਉਰਦੂ ਵਿਚ ਲਿਖ ਲੈਂਦੇ ਹਨ ਉਸ ਉਪਰੰਤ ਪੂਰੀ ਤਰ੍ਹਾਂ ਰਿਹਰਸਲ ਕਰਦੇ ਹਨ ਫਿਰ ਉਸ ਗੀਤ ਨੂੰ ਗਾਉਂਦੇ ਹਨ।

ਅਪਣੇ ਪੈਂਤੀ ਸਾਲਾਂ ਦੇ ਗਾਇਕੀ ਦੇ ਕੈਰੀਅਰ ਦੋਰਾਨ ਰਫੀ ਸਾਹਿਬ ਨੇ ਲੱਗਭਗ 26000 ਹਜਾਰ ਗਾਣੇ ਗਾਏ।

ਇਕ ਵਾਰ ਇਕ ਅਖਬਾਰ ਚ ਖਬਰ ਛਪੀ ਕਿ ਕਿਸੇ ਸ਼ਹਿਰ ਵਿਚ ਇਕ ਫਾਂਸੀ ਦੇ ਮੁਜਰਿਮ ਤੋਂ ਜਦੋਂ ਉਸਦੀ ਆਖਰੀ ਖਾਹਿਸ਼ ਪੁੱਛੀ ਗਈ ਤਾਂ ਉਸ ਨੇ ਕੋਈ ਵੀ ਇੱਛਾ ਜਾਹਿਰ ਨਹੀਂ ਕੀਤੀ ਜਦੋਂ ਉਸ ਤੋਂ ਦੁਬਾਰਾ ਤਿਬਾਰਾ ਪੁਛਿਆ ਗਿਆ ਤਾਂ ਉਸ ਨੇ ਮੁਹੰਮਦ ਰਫੀ ਦੇ ਇਕ ਗੀਤ

"ਓ ਦੁਨੀਆ ਕੇ ਰੱਖਵਾਲੇ, ਸੁਣ ਦਰਦ ਭਰੇ ਮੇਰੇ ਨਾਲੇ।
ਜੀਵਨ ਆਪਣਾ ਵਾਪਸ ਲੇ ਲੇ, ਜੀਵਨ ਦੇਣੇ ਵਾਲੇ।"

ਸੁਣਨ ਦੀ ਤਮੰਨਾ ਜਾਹਿਰ ਕੀਤੀ। ਤਾਂ ਇਸ ਉਪਰੰਤ ਜੇਲ ਵਿਚ ਟੇਪ ਰਿਕ-ਾਰਡ ਦਾ ਪ੍ਰਬੰਧ ਕੀਤਾ ਗਿਆ ਤੇ ਮੁਹੰਮਦ ਰਫੀ ਦਾ ਉਕਤ ਰਾਗ ਦਰਬਾਰੀ ਚ ਗਾਇਆ ਗੀਤ ਸੁਣਾ ਕੇ ਮੁਜਰਿਮ ਦੀ ਆਖਰੀ ਇੱਛਾ ਪੂਰੀ ਕਰਨ ਉਪਰੰਤ ਸਜ਼ਾ ਦੇ ਹੁਕਮ ਦੀ ਤਾਮੀਲ ਕੀਤੀ ਗਈ।

ਰਫੀ ਸਾਹਿਬ ਦੀ ਸ਼ਖਸੀਅਤ ਵਿਚ ਕਿਸ ਕਦਰ ਸਾਦਗੀ ਸੀ ਇਸ ਦਾ ਅੰਦਾਜ਼ਾ ਅਸੀਂ ਇਸ ਗੱਲ ਤੋਂ ਹੀ ਲਗਾ ਸਕਦੇ ਹਾਂ ਕਿ ਫਿਲਮ ਨਸੀਬ ਦੇ ਗੀਤ "ਚਲ ਚਲ ਮੇਰੇ ਭਾਈ "ਦੀ ਰਿਕ-ਾਰਡਿੰਗ ਉਪਰੰਤ ਉਨ੍ਹਾਂ ਅਪਣੇ ਘਰ ਆ ਕੇ ਬੇਟੇ ਸ਼ਾਹਿਦ ਰਫੀ ਨੂੰ ਬਹੁਤ ਹੀ ਪੁਰ ਜੋਸ਼ ਅੰਦਾਜ਼ ਵਿਚ ਕਿਹਾ ਕਿ ਬੇਟਾ ਤੈਨੂੰ ਪਤਾ ਹੈ ਕਿ ਅੱਜ ਮੈਂ ਆਪਣਾ ਇਕ ਗੀਤ ਅਮਿਤਾਭ ਬੱਚਨ ਨਾਲ ਰਿਕਾਰਡ ਕਰਵਾ ਕੇ ਆਇਆ ਹਾਂ। ਹਾਲਾਂਕਿ ਅਸੀਂ ਸੱਭ ਜਾਣਦੇ ਹਾਂ ਕਿ ਰਫੀ ਸਾਹਿਬ ਅਪਣੇ ਆਪ ਵਿੱਚ ਇੱਕ ਮਹਾਨ ਕਲਾਕਾਰ ਸਨ। ਪਰ ਇਸ ਦੇ ਬਾਵਜੂਦ ਉਨ੍ਹਾਂ ਦੇ ਦਿਲ ਵਿਚ ਅਮਿਤਾਭ ਬੱਚਨ ਦੀ ਬੇਹੱਦ ਕਦਰ ਸੀ। ਰਫੀ ਸਾਹਿਬ ਦੀ ਸ਼ਖਸੀਅਤ ਵਿਚ ਕਿਸ ਕਦਰ ਸਾਦਗੀ ਸੀ ਇਸ ਦਾ ਅੰਦਾਜ਼ਾ ਅਸੀਂ ਇਸ ਗੱਲ ਤੋਂ ਹੀ ਲਗਾ ਸਕਦੇ ਹਾਂ ਕਿ ਫਿਲਮ ਨਸੀਬ ਦੇ ਗੀਤ "ਚਲ ਚਲ ਮੇਰੇ ਭਾਈ "ਦੀ ਰਿਕ-ਾਰਡਿੰਗ ਉਪਰੰਤ ਉਨ੍ਹਾਂ ਅਪਣੇ ਘਰ ਆ ਕੇ ਬੇਟੇ ਸ਼ਾਹਿਦ ਰਫੀ ਨੂੰ ਬਹੁਤ ਹੀ ਪੁਰ ਜੋਸ਼ ਅੰਦਾਜ਼ ਵਿਚ ਕਿਹਾ ਕਿ ਬੇਟਾ ਤੈਨੂੰ ਪਤਾ ਹੈ ਕਿ ਅੱਜ ਮੈਂ ਆਪਣਾ ਇਕ ਗੀਤ ਅਮਿਤਾਭ ਬੱਚਨ ਨਾਲ ਰਿਕਾਰਡ ਕਰਵਾ ਕੇ ਆਇਆ ਹਾਂ। ਹਾਲਾਂਕਿ ਅਸੀਂ ਸੱਭ ਜਾਣਦੇ ਹਾਂ ਕਿ ਰਫੀ ਸਾਹਿਬ ਅਪਣੇ ਆਪ ਵਿੱਚ ਇੱਕ ਮਹਾਨ ਕਲਾਕਾਰ ਸਨ। ਪਰ ਇਸ ਦੇ ਬਾਵਜੂਦ ਉਨ੍ਹਾਂ ਦੇ ਦਿਲ ਵਿਚ ਅਮਿਤਾਭ ਬੱਚਨ ਦੀ ਬੇਹੱਦ ਕਦਰ ਸੀ। ਆਪ ਬਹੁਤ ਘੱਟ ਬੋਲਦੇ ਸਨ ਸੁਭਾਅ ਦੇ ਬਹੁਤ ਨਰਮ ਸਨ ਅਪਣੇ ਬੱਚਿਆਂ ਨੂੰ ਕਦੀ ਵੀ ਡਾਂਟਦੇ ਨਹੀਂ ਸਨ। ਜੇਕਰ ਬੱਚਿਆਂ ਦੇ ਵਿਅਕਤੀਤਵ ਵਿਚ ਕੋਈ ਘਾਟ ਜਾਂ ਕਮੀ ਵੇਖਦੇ ਤਾਂ ਅਪਣੀ ਪਤਨੀ ਰਾਹੀਂ ਉਸ ਨੂੰ ਦੂਰ ਕਰਵਾ ਦਿੰਦੇ । ਖਾਣੇ ਵਿੱਚ ਰਫੀ ਸਾਹਿਬ ਨੂੰ ਆਲੂ ਗੋਸ਼ਤ, ਪਾਲਕ ਗੋਸ਼ਤ, ਦਾਲ ਗੋਸ਼ਤ ਅਤੇ ਮਿੱਠਾ ਬਹੁਤ ਜਿਆਦਾ ਪਸੰਦ ਸੀ।

ਰਫੀ ਸਾਹਿਬ ਦੇ ਹਿੱਟ ਗੀਤਾਂ ਵਿੱਚੋਂ ਕੁੱਝ ਕੁ ਇਸ ਪ੍ਰਕਾਰ ਹਨ ਜਿਵੇਂ ਕਿ ' ਯੇ ਦੁਨੀਆ ਯੇ ਮਹਿਫਲ ਮੇਰੇ ਕਾਮ ਕੀ ਨਹੀਂ", 'ਕਿਆ ਹੂਆ ਤੇਰਾ ਵਾਅਦਾ, ਵੋ ਕਸਮ ਵੋ ਇਰਾਦਾ ', 'ਓ ਦੁਨੀਆਂ ਕੇ ਰਖਵਾਲੇ','ਦਿਲ ਦੀਯਾ ਦਰਦ ਲੀਆ', ਲਿਖੇ ਜੋ ਖਤ ਤੁਝੇ ', ਐ ਮੁਹੱਬਤ ਜਿੰਦਾਬਾਦ' ਚਾਹੂੰਗਾ ਮੈਂ ਤੁਝੇ', 'ਆਦਮੀ ਮੁਸਾਫਿਰ ਹੈ', ਮੇਰੇ ਦੁਸ਼ਮਣ ਤੂ ਮੇਰੀ ਦੋਸਤੀ ਕੋ ਤਰਸੇ', ਯੇ ਜੁਲਫ ਅਗਰ ਖਿਲ ਕੇ', 'ਜਾਣ ਜਾਨੀ ਜਨਾਧਨ', 'ਨਫਰਤ ਕੀ ਦੁਨੀਆ ਕੋ ਛੋੜ ਕਰ', ਮੈਂ ਜੱਟ ਯਮਲਾ ਪਗਲਾ ਦੀਵਾਨਾ' , ' ਪੱਥਰ ਕੇ ਸਨਮ' , ' ਬਾਬੁਲ ਕੀ ਦੁਆਏਂ ਲੇਤੀ ਜਾ' , ' ਚੌਧਵੀਂ ਕਾ ਚਾਂਦ ਹੋ' , 'ਵਕਤ ਸੇ ਦਿਨ ਔਰ ਰਾਤ', ਪੰਜਾਬੀ ਗੀਤ 'ਜੱਗ ਵਾਲਾ ਮੇਲਾ ਯਾਰੋ ਥੋੜ੍ਹੀ ਦੇਰ ਦਾ' , ' ਚਿੱਟੇ ਦੰਦ ਹੱਸਣੋਂ ਨੀਓ ਰਹਿੰਦੇ' , 'ਦਾਣਾ ਪਾਣੀ ਖਿੱਚ ਲਿਆਉਂਦਾ' ਤੇ ਧਾਰਮਿਕ ਸ਼ਬਦ ' ਮਿੱਤਰ ਪਿਆਰੇ ਨੂੰ ਹਾਲ ਮੁਰੀਦਾ ਦਾ ਕਹਿਣਾ' , 'ਨਾਨਕ ਨਾਮ ਜ਼ਹਾਜ ਹੈ' , 'ਦੁੱਖ ਭੰਜਨ ਤੇਰਾ ਨਾਮ ਜੀ' , 'ਜਿਸ ਕੇ ਸਿਰ ਉਪਰ ਤੂੰ ਸੁਆਮੀ' , "ਮੈਂ ਤੇਰੇ ਦਰ ਪੇ ਆਇਆ ਹੂੰ ", ਯਾ ਖੁਦਾ ਸੋਈ ਕਿਸਮਤ ਜਗ੍ਹਾ ਦੇ, ਹਰ ਮੁਸਲਮਾਂ ਕੋ ਹਾਜੀ ਬਣਾ ਦੇ ' ਆਦਿ ਸਾਰੇ ਹੀ ਜ਼ਬਰਦਸਤ ਹਿੱਟ ਰਹੇ।

ਉਹਨਾਂ ਨੇ ਛੇ ਫਿਲਮਫੇਅਰ ਅਵਾਰਡ ਅਤੇ ਇੱਕ ਨੈਸ਼ਨਲ ਫਿਲਮ ਅਵਾਰਡ ਪ੍ਰਾਪਤ ਕੀਤਾ ਸੀ। 1967 ਵਿੱਚ, ਉਸ ਨੂੰ ਭਾਰਤ ਸਰਕਾਰ ਦੁਆਰਾ ਪਦਮ-ਸ਼੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ।

ਆਖਿਰ ਕਾਰ ਆਵਾਜ ਦੀ ਦੁਨੀਆ ਦਾ ਇਹ ਮਹਾਨ ਸਿਤਾਰਾ (ਹਾਜੀ ਮੁਹੰਮਦ ਰਫੀ) 31 ਜੁਲਾਈ 1980 ਨੂੰ ਹਾਰਟ ਅਟੈਕ ਆਉਣ ਕਾਰਨ ਮੁੰਬਈ ਦੇ ਹਸਪਤਾਲ ਵਿੱਚ ਰਾਤੀ 10. 20 ਮਿੰਟ ਤੇ ਇਸ ਫਾਨੀ ਦੁਨੀਆ ਨੂੰ ਹਮੇਸ਼ਾਂ ਹਮੇਸ਼ ਲਈ ਅਲਵਿਦਾ ਕਹਿ ਗਿਆ ਅਤੇ ਗਾਇਕੀ ਦੀ ਦੁਨੀਆਂ ਵਿੱਚ ਇੱਕ ਅਜਿਹੀ ਖਲਾਅ ਪੈਦਾ ਕਰ ਗਿਆ ਜਿਸ ਦੀ ਪੂਰਤੀ ਹੋਣੀ ਮੁਮਕਿਨ ਨਹੀਂ। ਬਿਨਾਂ ਸ਼ੱਕ ਕਲਾ ਤੇ ਸੰਗੀਤ ਪ੍ਰੇਮੀਆਂ ਨੂੰ ਉਨ੍ਹਾਂ ਦੀ ਕਮੀ ਹਮੇਸ਼ਾਂ ਖਲਦੀ ਰਹੇਗੀ। ਪਰ ਆਪਣੇ ਬੇ-ਮਿਸਾਲ ਗੀਤਾਂ ਤੇ ਲਾ-ਜਵਾਬ ਹੱਸ ਮੁੱਖ ਤੇ ਮਿਲਣ ਸਾਰ ਸ਼ਖਸੀਅਤ ਦੇ ਕਾਰਨ ਉਹ ਹਮੇਸ਼ਾਂ ਰਹਿੰਦੀ ਦੁਨੀਆਂ ਤੱਕ ਆਪਣੇ ਚਾਹੁਣ ਵਾਲਿਆਂ ਦੇ ਦਿਲਾਂ ਵਿਚ ਜਿੰਦਾ ਰਹਿਣਗੇ। ਸ਼ਾਇਦ ਇਸੇ ਲਈ ਮੁਹੰਮਦ ਰਫੀ ਨੇ ਅਪਣੇ ਗਾਏ ਗੀਤ ਚ ਕਿਹਾ ਸੀ ਕਿ

"ਤੁਮ ਮੁਝੇ ਯੂ ਭੁਲਾ ਨਾ ਪਾਓਗੇ,
ਜਬ ਕਭੀ ਭੀ ਸੁਣੋਗੇ ਗੀਤ ਮੇਰੇ,
ਸੰਗ- ਸੰਗ ਤੁਮ ਭੀ ਗੁਣ-ਗੁਣਾਓਗੇ"


## ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

**Sant Rampal Ji Maharaj Spiritual Discourse in Brampton on Sunday, September 1, 2019 from 10 am to 12pm**

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com | 647-739-4641
satsahibusa@gmail.com | 346-714-0224



## GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

**Jagdish Grewal**
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348

ਗੱਲ ਸਹੇ ਦੀ ਨਹੀਂ ਪਹੇ ਦੀ

# ਪੰਜਾਬ ਯੂਨੀਅਨ ਟੈਰੇਟਰੀ ਬਣਨ ਲਈ ਤਿਆਰ ਰਹੇ



-ਪ੍ਰਿੰ. ਸਰਵਣ ਸਿੰਘ-

ਪੰਜਾਬ ਹੁਣ ਬੇਹੱਦ ਨਾਜ਼ਕ ਦੌਰ ਵਿਚੋਂ ਗੁਜ਼ਰ ਰਿਹੈ। ਐਤਕੀਂ ਭਾਖੜਾ ਡੈਮਮਈ ਤਕ ਹੀ ਭਰਪੂਰ ਹੋ ਗਿਆ ਸੀ। ਜੂਨ ਜੁਲਾਈ ਦੇ ਦਿਨੀਂ ਇਸ ਨੂੰ ਖ਼ਤਰੇ ਦੇ ਨਿਸ਼ਾਨ ਤਕ ਪੁੱਜਣ ਲਈ ਪੂਰਾ ਭਰੀ ਰੱਖਿਆ ਗਿਆ। ਨਹਿਰਾਂ ਤੇ ਦਰਿਆਵਾਂ ਵਿਚ ਹਿਸਾਬ ਕਿਤਾਬ ਨਾਲ ਪਾਣੀ ਨਾ ਛੱਡਿਆ ਗਿਆ। ਉਦੋਂ ਵਾਧੂ ਪਾਣੀ ਖੇਤਾਂ ਤਕ ਪੁਚ-ਾਇਆ ਜਾ ਸਕਦਾ ਸੀ ਜੋ ਫਸਲਾਂ ਪਾਲਦਾ। ਦਰਿਆਵਾਂ ਵਿਚ ਛੱਡੇ ਪਾਣੀ ਦਾ ਕਾਫੀ ਹਿੱਸਾ ਧਰਤੀ ਵਿਚ ਜੀਰਿਆ ਜਾਂਦਾ। ਪਰ ਡੈਮ ਨੂੰ ਕੰਢਿਆਂ ਤੱਕ ਭਰੀ ਗਏ। ਅਗੱਸਤ ਦੀਆਂ ਬਾਰਸ਼ਾਂ ਵਿਚ ਜਦੋਂ ਪਾਣੀ ਖ਼ਤਰੇ ਦੇ ਨਿਸ਼ਾਨ ਤਕ ਪੁੱਜਣ ਲੱਗਾ ਤਾਂ ਅਚਾਨਕ ਫਲੱਡ ਗੇਟ ਖੋਲ੍ਹ ਦਿੱਤੇ ਗਏ ਜਿਸ ਨਾਲ ਸੈਂਕੜੇ ਪਿੰਡ, ਹਜ਼ਾਰਾਂ ਪਰਿਵਾਰ ਤੇ ਲੱਖਾਂ ਏਕੜ ਫਸਲਾਂ ਡੋਬ ਦਿੱਤੀਆਂ ਗਈਆਂ। ਮੁੱਢਲੇ ਅਨੁਮਾਨ ਅਨੁਸਾਰ ਜਾਨ ਮਾਲ ਦੇ ਨਾਲ ਸਤਾਰਾਂ ਕਰੋੜ ਦਾ ਮਾਲੀ ਨੁਕਸਾਨ ਹੋਇਆ। ਬਿਮਾਰੀਆਂ ਤੇ ਵਬਾਵਾਂ ਦੇ ਇਲਾਜ ਅਤੇ ਮੁੜ ਵਸੇਬੇ ਤਕ ਜੋ ਜਦੋਜਹਿਦ ਕਰਨੀ ਪੈਣੀ ਹੈ, ਉਹਦਾ ਹਿਸਾਬ ਲਾਉਣਾ ਅਜੇ ਬਾਕੀ ਹੈ। ਬਾਰਸ਼ ਪੰਜਾਬ ਵਿਚ ਬਹੁਤੀ ਨਹੀਂ ਪਈ। ਇਹ ਨੁਕਸਾਨ ਭਾਖੜੇ ਦੇ ਫਲੱਡ ਗੇਟ ਖੋਲ੍ਹਣ ਕਰਕੇ ਹੀ ਹੋਇਆ ਹੈ। ਕੇਂਦਰ ਸਰਕਾਰ ਨੇ ਪੰਜਾਬ ਦੀ ਵਿਸ਼ੇਸ਼ ਮਦਦ ਕਰਨ ਲਈ ਅਜੇ ਤਕ ਹਾਮੀਨਹੀਂ ਭਰੀ। ਏਡੀ ਵੱਡੀ ਅਣਗਹਿਲੀ ਦੀ ਪੂਰੀ ਪੜਤਾਲ ਹੋਣੀ ਚਾਹੀਦੀ ਹੈ ਕਿ ਪੰਜਾਬ ਦੀ ਤਬਾਹੀ ਦਾ ਕੌਣ ਤੇ ਕਿੰਨਾ ਜ਼ਿੰਮੇਵਾਰ ਹੈ?

ਕੇਂਦਰ ਸਰਕਾਰ ਨੇ ਜੇਕਰ ਹੁਣ ਵੀ ਬਹੱਤਰ ਸਾਲ ਪੁਰਾਣੀ ਪੰਜਾਬ ਵਿਰੋਧੀ ਨੀਤੀ ਨਾ ਬਦਲੀ ਤਾਂ ਕੁਝ ਵੀ ਹੋ ਸਕਦੈ। ਦੇਸ਼ ਦੀ ਆਜ਼ਾਦੀ ਲਈਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਸਨ। ਉਨ੍ਹਾਂ ਨੇ ਅੰਗਰੇਜ਼ ਹਾਕਮਾਂ ਦੀਆਂਗੋਲੀਆਂ ਖਾਧੀਆਂ, ਫਾਂਸੀ ਚੜ੍ਹੇ, ਕਾਲੇ ਪਾਣੀ ਗਏ ਅਤੇ ਜਾਇਦਾਦਾਂ ਕੁਰਕ ਕਰਾਈਆਂ। ਪਰ ਆਜ਼ਾਦੀ ਆਉਣ ਸਮੇਂ ਪੰਜਾਬ ਦਾ ਧੜਦੂਫਾੜ ਕਰ ਦਿੱਤਾ ਗਿਆ। ਦਸ ਲੱਖ ਲੋਕ ਨਿਹੱਕੇ ਮਾਰੇ ਗਏ। ਅਣਗਿਣਤ ਔਰਤਾਂ ਦੀ ਪੱਤ ਲੁੱਟੀ ਗਈ। ਕਰੋੜ ਤੋਂ ਵੱਧ ਪੰਜਾਬੀਆਂ ਦਾ ਉਜਾੜਾ ਹੋਇਆ। ਦੇਸ਼ ਦੀ ਆਜ਼ਾਦੀ ਲਈ ਦਿੱਤੀਆਂ ਕੁਰਬਾਨੀਆਂ ਖ਼ਾਤਰ ਪੰਜਾਬੀਆਂ ਨੂੰ ਮਾਣ ਸਨਮਾਨ ਤਾਂ ਕੀ ਦੇਣਾ ਸੀ ਉਲਟਾ ਕੇਂਦਰੀ ਹਾਕਮਾਂ ਨੇ ਪੰਜਾਬ ਨੂੰ ਹਰੇਕ ਖੇਤਰ ਵਿਚ ਪਿੱਛੇ ਸੁੱਟਿਆ। ਇਸ ਕੁਕਰਮ ਵਿਚ ਖ਼ੁਦ ਪੰਜਾਬ ਦੇ ਕਈ ਹਾਕਮ ਵੀ ਕੇਂਦਰੀ ਸਰਕਾਰਾਂ ਨਾਲ ਰਲਦੇ ਰਹੇ!

ਇਹ ਗੱਲ ਜੱਗ ਜ਼ਾਹਿਰ ਹੈ ਕਿ ਜਦੋਂ ਕਦੇ ਵੀ ਭਾਰਤ-ਪਾਕਿ ਵਿਚਕਾਰ ਤਣਾਅ ਵੱਧਦੈ, ਲੜਾਈ ਜਾਂ ਜੰਗ ਹੁੰਦੀ ਹੈ ਤਾਂ ਸਭ ਤੋਂ ਵੱਧ ਨੁਕਸਾਨ ਪੰਜਾਬੀਆਂ ਦਾ ਹੁੰਦੈ। ਸਰਹੱਦੀ ਸੂਬਾ ਹੋਣ ਕਰਕੇ ਪੰਜਾਬ ਨੂੰ ਕਿਸੇ ਕੇਂਦਰੀ ਸਰਕਾਰ ਨੇਕਦੇਂ ਕੋਈ ਵਿਸ਼ੇਸ਼ ਆਰਥਿਕ ਪੈਕਜ ਨਹੀਂ ਦਿੱਤਾ। ਕੇਂਦਰ ਵੱਲੋਂ ਪੰਜਾਬ ਨਾਲ ਕੀਤੇ ਜਾ ਰਹੇ ਵਿਤਕਰੇ ਵਿਰੁੱਧ ਜੇ ਕਦੇ ਬਦਅਮਨੀ ਫੈਲੀ ਤਾਂ ਕੇਂਦਰ ਨੇ ਬਦਅਮਨੀ ਦਬਾਉਣ ਦੇ ਨਾਂ ਉਤੇ ਭੇਜੇ ਗਏ ਸੁਰੱਖਿਆ ਦਲਾਂ ਦਾ ਖਰਚਾ ਵੀ ਪੰਜਾਬ ਸਿਰ ਹੀ ਪਾਇਆ। ਦੇਸ਼ ਦੇ ਕਮਾਊ ਪੁੱਤ ਪੰਜਾਬ ਸਿਰ ਐਵੇਂ ਨਹੀਂ ਤਿੰਨ ਲੱਖ ਕਰੋੜ ਦਾ ਕਰਜ਼ਾ ਚੜ੍ਹਿਆ। ਪੰਜਾਬੀਆਂ ਨੇ ਸਰਹੱਦਾਂ ਦੀ ਰਾਖੀ ਲਈ ਹਿੱਕਾਂ ਤਾਣ ਕੇ ਜਾਨਾਂ ਵਾਰੀਆਂ ਅਤੇ ਭੁੱਖੇ ਮਰਦੇ ਦੇਸ਼ ਦਾ ਢਿੱਡ ਭਰਿਆ। ਇਨਾਮ ਮਿਲਿਆ ਪੰਜਾਬੀਆਂ ਸਿਰ ਕਰਜ਼ਾ, ਭੁੱਖ-ਨੰਗ ਤੇ ਵਿਦੇਸ਼ਾਂ ਵੱਲ ਦੇਸ਼ ਨਿਕਾਲਾ!ਮਜਬੂਰੀਵੱਸ ਪੰਜਾਬੀ ਹੁਣ ਵਾਹੋਦਾਹੀ ਦੇਸੋਂ ਭੱਜੇ ਜਾ ਰਹੇ ਹਨ। ਹਾਲਾਤ ਅਜਿਹੇ ਬਣਾਏ ਜਾ ਰਹੇ ਹਨ ਕਿ ਉਹ ਮੁੜ ਕੇ ਪੰਜਾਬ ਵੱਲ ਮੂੰਹ ਨਾ ਕਰਨ।

ਕੇਂਦਰੀ ਸਰਕਾਰਾਂ ਦੀ ਨੀਤੀ ਵੇਖੋ!ਪੰਜਾਬ ਦੀਆਂ ਨਹਿਰਾਂ, ਕੱਸੀਆਂ ਤੇ ਸੂਏ ਭਾਵੇਂ ਦਰਿਆਈ ਪਾਣੀਆਂ ਨੂੰ ਤਰਸਦੇ ਰਹਿਣ, ਧਰਤੀ ਹੇਠਲਾ ਪਾਣੀ ਭਾਵੇਂ ਡੂੰਘੇ ਪਤਾਲ 'ਚ ਚਲਾ ਜਾਵੇ ਪਰ ਪੰਜਾਬ ਦਾ ਦਰਿਆਈ ਪਾਣੀ ਰਾਜਸਥਾਨ, ਹਰਿਆਣੇ ਤੇ ਦਿੱਲੀ ਨੂੰ ਦੇਣਾ ਹੀ ਦੇਣਾ ਹੈ। ਕਦੇ ਕਿਸੇ ਨੇ ਕਿਹਾ ਕਿ ਜਮਨਾ ਦਾ ਪਾਣੀ ਦੇਸ਼ ਲਈ ਮਰ ਮਿਟਣ ਵਾਲੇ ਪੰਜਾਬ ਨੂੰ ਵੀ ਦੇ ਦਿੱਤਾ ਜਾਵੇ?

ਦੁਨੀਆ ਭਰ 'ਚ ਰੀਪੇਰੀਅਨ ਸਿਧਾਂਤ, ਅਧਿਕਾਰ ਤੇ ਕਾਨੂੰਨ ਲਾਗੂ ਹੈ ਕਿ ਕੁਦਰਤੀ ਨਦੀਆਂ ਤੇ ਦਰਿਆ ਉਨ੍ਹਾਂ ਦੇ ਹੁੰਦੇ ਹਨ ਜਿਨ੍ਹਾਂ ਦੀ ਜ਼ਮੀਨ 'ਤੇ ਉਹ ਵਗਦੇ ਹਨ। ਪੰਜਾਬ ਦੇ ਦਰਿਆਵਾਂ ਨੇ ਪੰਜਾਬੀਆਂ ਦੀ ਜ਼ਮੀਨ ਮੱਲੀ ਤੇ ਘੇਰੀ ਹੋਈ ਹੈ ਜੋ ਅਰਬਾਂ ਖਰਬਾਂ ਦੀ ਹੈ। ਜਿਹੜੇ ਲੋਕ ਦਰਿਆਵਾਂ ਕੰਢੇ ਰਹਿੰਦੇ ਹਨ,ਜੇ ਉਹ ਦਰਿਆਵਾਂ ਦਾ ਸੁਖ ਮਾਣਦੇ ਹਨ ਤਾਂ ਹੜ੍ਹ ਆਉਣ 'ਤੇ ਉਹੀ ਦਰਿਆਵਾਂ ਦਾ ਦੁੱਖ ਵੀ ਜਰਦੇ ਹਨ। ਜਿਨ੍ਹਾਂ ਸੂਬਿਆਂ ਨੇ ਮੁਫ਼ਤ ਵਿਚ ਪੰਜਾਬ ਦੇ ਦਰਿਆਵਾਂ ਦਾ ਪਾਣੀ ਵਰਤਿਆ, ਕੀ ਉਨ੍ਹਾਂ ਦੀ ਜ਼ਿੰਮੇਵਾਰੀ ਨਹੀਂ ਬਣਦੀ ਕਿ ਔਖੇ ਵੇਲੇ ਪੰਜਾਬ ਦੀ ਮਦਦ ਕਰਨ? ਰਾਜਸਥਾਨ ਵਿਚ ਪੰਜਾਬ ਦੇ ਕਿਸਾਨਾਂ ਨੂੰ ਜ਼ਮੀਨ ਖਰੀਦਣ ਦੀ ਮਨਾਹੀ ਹੈ। ਉਹਉਥੋਂ ਦੀ ਮਿੱਟੀ ਭਾਵ ਪੱਥਰ ਮਹਿੰਗਾ ਮੁੱਲ ਤਾਰ ਕੇ ਖਰੀਦਦੇਹਨ। ਫਿਰ ਪੱਥਰ ਵਾਂਗ ਪੰਜਾਬ ਦੇ ਪਾਣੀ ਦਾ ਮੁੱਲ ਉਹ ਕਿਉਂ ਨਹੀਂ ਤਾਰਦੇ? ਹੈ ਕੋਈ ਨਿਆਂ? ਇਹ ਕਿਹੋ ਜਿਹਾ 'ਰਾਸ਼ਟਰਵਾਦ' ਹੈ?

ਪੰਜਾਬ ਸਿਰ ਚੜ੍ਹਿਆ ਅਰਬਾਂ ਖਰਬਾਂ ਦਾ ਕਰਜ਼ਾ ਨਿਰੀਆਂ ਫੈਲਸੂਫੀਆਂ ਦਾ ਨਹੀਂ, 1947 ਤੋਂ ਕੇਂਦਰ ਵੱਲੋਂ ਕੀਤੇ ਜਾ ਰਹੇ ਵਿਤਕਰੇ ਕਾਰਨ ਵੀ ਹੈ। ਇਹ ਵਿਤਕਰਾ ਸ਼ਰੇਆਮ ਦਿਸੀ ਜਾ ਰਿਹੈ। ਬਿਨਾਂ ਸ਼ੱਕ ਇਸ ਨੂੰ ਪੰਜਾਬ ਦੇ ਕੁਝ ਹਾਕਮਾਂ ਦਾ ਹੁੰਗਾਰਾ ਵੀ ਮਿਲਦਾ ਰਿਹਾ।ਸੂਬਿਆਂ ਵੱਲੋਂ ਸੰਵਿਧਾਨ ਵਿਚ ਦਰਜ ਫੈਡਰਲ ਢਾਂਚੇ ਦੀ ਮੰਗ ਸੰਵਿਧਾਨਕ ਹੈ। ਸੂਬਿਆਂ ਲਈ ਹੋਰ ਅਧਿਕਾਰ ਮੰਗਣੇ ਸੰਵਿਧਾਨਕ ਹਨ ਜੋ ਦੇਣ ਦੀ ਥਾਂ ਉਲਟਾ ਖੋਹੇ ਜਾ ਰਹੇ ਹਨ। ਪੰਜਾਬ ਵਿਚ ਹੁਣ ਤਕ ਕੋਈ ਵੱਡੀ ਇੰਡਸਟਰੀ ਇਸ ਬਹਾਨੇ ਨਹੀਂ ਦਿੱਤੀ ਗਈ ਕਿ ਇਹ ਸੂਬਾ ਪਾਕਿ-ਸਤਾਨ ਦੀ ਸਰਹੱਦ ਨਾਲ ਲੱਗਦੈ। ਖ਼ਦਸ਼ਾ ਪ੍ਰਗਟਾਇਆ ਜਾਂਦੈ ਕਿ ਇੰਡਸਟਰੀ ਉਜੜ ਸਕਦੀ ਹੈ। ਪੰਜਾਬ ਪਾਸ ਜੋ ਮਾੜੀ ਮੋਟੀ ਇੰਡਸਟਰੀ ਸੀ ਉਹ ਪੰਜਾਬ ਦੇ ਗੁਆਂਢੀ ਸੂਬਿਆਂ ਨੂੰ ਰਿਆਇਤਾਂ ਦੇ ਕੇ ਪੰਜਾਬ ਤੋਂ ਬਾਹਰ ਤੋਰ ਦਿੱਤੀ ਗਈ ਹੈ।

ਪੰਜਾਬ ਕੋਲ ਆਮਦਨ ਦਾ ਵਸੀਲਾ ਲੈ ਦੇ ਕੇ ਖੇਤਾਂ ਦੀ ਉਪਜ ਹੀ ਹੈ ਜੋ ਪਾਣੀ ਉਤੇ ਨਿਰਭਰ ਹੈ। ਦਰਿਆਈ ਪਾਣੀ ਦੀ ਘਾਟ ਕਾਰਨ ਪੰਜਾਬੀਆਂ ਨੂੰ 15 ਲੱਖ ਟਿਊਵੈੱਲ ਖੇਤਾਂ ਵਿਚ ਤੇ ਓਦੂੰ ਵੱਧ ਪਿੰਡਾਂ ਸ਼ਹਿਰਾਂ ਵਿਚ ਲਾਉਣੇ ਪਏ ਹਨ। ਹਰ ਸਾਲ ਟਿਊਵੈੱਲ ਡੂੰਘੇ ਤੋਂ ਡੂੰਘੇ ਕਰਦਿਆਂ ਅਰਬਾਂ ਰੁਪਏ ਖਰਚ ਹੋਏ ਹਨ ਤੇ ਸੈਂਕੜੇ ਫੁੱਟ ਡੂੰਘੇ ਪਾਣੀ ਖਿੱਚਣ ਲਈ ਮੋਟਰਾਂ ਦੀ ਹਾਰਸ ਪਾਵਰ ਵਧਾ ਕੇ ਅਰਬਾਂ ਖਰਬਾਂ ਦੀ ਬਿਜਲੀ ਫੂਕਣੀ ਪਈ ਹੈ। ਪੰਜਾਬ ਦਿਨੋ ਦਿਨ ਮਾਰੂਥਲ ਹੋਣ ਵੱਲ ਵਧ ਰਿਹੈ। ਬੇਰੁਜ਼ਗਾਰ ਜੁਆਨੀ ਵਿਦੇਸ਼ਾਂ ਨੂੰ ਉਡੀ ਜਾ ਰਹੀ ਹੈ ਤੇ ਜਿਹੜੇ ਉੱਡ ਨਹੀਂ ਸਕਦੇ ਉਹ ਨਸ਼ੇ ਪੱਤੇ 'ਚ ਗ਼ਲਤਾਨ ਹੋ ਕੇ ਮਰੀ ਖਪੀ ਜਾ ਰਹੇ ਹਨ। ਪੰਜਾਬ ਦੀ ਸਥਿਤੀ ਹੁਣ ਉਹੋ ਜਿਹੀ ਬਣੀ ਹੋਈ ਹੈ ਅਖੇ ਜਦੋਂ ਰੋਮ ਸੜ ਰਿਹਾ ਸੀ ਤਾਂਉਹਦਾ ਹਾਕਮ ਨੀਰੋ ਬੰਸਰੀ ਵਜਾ ਰਿਹਾ ਸੀ। ਸਾਡੇ ਹਾਕਮ ਵੀ ਨੀਰੋ ਬਣੇ ਹੋਏ ਹਨ।

ਪੰਜਾਬ ਦੇ ਪਿੰਡ ਕਪੂਰੀ ਦੀ ਜੂਹ ਵਿਚ ਐੱਸ ਵਾਈ ਐੱਲ ਨਹਿਰ ਦਾ ਜੋ ਟੱਕਕਾਂਗਰਸੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਲਾਇਆ ਸੀ ਉਹ ਪੰਜਾਬ ਦੀ ਸ਼ਾਹਰਗ ਉਤੇ ਟੱਕ ਸਾਬਤ ਹੋਇਆ ਸੀ। ਉਸ ਨਾਲ ਕਈ ਵਰ੍ਹੇ ਪੰਜਾਬੀਆਂ ਦਾ ਖ਼ੂਨ ਵਹਿੰਦਾ ਰਿਹਾ। ਹੁਣ ਫਿਰ ਐਸ ਵਾਈ ਐਲ ਦੀ ਪੰਜਾਬ ਦੀ ਧੌਣ ਉਤੇ ਤਲਵਾਰ ਤਣੀ ਹੋਈ ਹੈ। ਵੇਖਦੇ ਹਾਂ ਭਾਜਪਾ ਦਾ ਪ੍ਰਧਾਨ ਮੰਤਰੀ ਕੀ ਕਰਦੈ? ਬਾਦਲ ਤੇ ਕੈਪਟਨ ਲਾਣਾ ਉਸ ਤੋਂ ਕੀ ਕਰਵਾਉਂਦੈ?

ਇਕ ਪਾਸੇ ਤਾਂ ਆਪਣੇ ਹੀ ਦਰਿਆਈ ਪਾਣੀ ਬਿਨਾਂ ਪੰਜਾਬ ਦੀਆਂ ਫਸਲਾਂ ਤਿਹਾਈਆਂ ਮਰ ਰਹੀਆਂ ਹਨ। ਦੂਜੇ ਪਾਸੇ ਦੂਸਰੇ ਸੂਬਿਆਂ ਦੀਆਂ ਫਸਲਾਂ ਸਾਰਾ ਸਾਲ ਪਾਲਣ ਤੇ ਸਾਰਾ ਸਾਲ ਬਿਜਲੀ ਦੀਆਂ ਸਹੂਲਤਾਂ ਦੇਣ ਲਈ ਭਾਖੜਾ ਬੰਨ੍ਹ ਕੰਢਿਆਂ ਤਕ ਭਰੀ ਰੱਖਣ ਅਤੇ ਜਦੋਂ ਪਾਣੀ ਉਤੋਂ ਦੀ ਹੋ ਜਾਵੇ ਤਾਂ ਫਲੱਡ ਗੇਟ ਖੋਲ੍ਹ ਕੇ ਪੰਜਾਬ ਨੂੰ ਡੋਬਣ ਦੀ ਨੀਤੀ ਜਾਰੀ ਹੈ। ਜੇਕਰ ਜੂਨ ਜੁਲਾਈ ਵਿਚ ਬਾਰਸ਼ਾਂ ਸ਼ੁਰੂ ਹੋਣ ਤੋਂ ਪਹਿਲਾਂ ਹੀ ਪੰਜਾਬ ਦੇ ਦਰਿਆਵਾਂ ਵਿਚ ਹਿਸਾਬ ਕਿਤਾਬ ਦਾ ਪਾਣੀ ਛੱਡਿਆ ਜਾਂਦਾ ਰਹਿੰਦਾ ਤਾਂ ਉਸ ਪਾਣੀ ਦਾ ਕਾਫੀ ਹਿੱਸਾ ਪੰਜਾਬ ਦੀ ਧਰਤੀ ਵਿਚ ਹੀ ਸਮਾ ਜਾਣਾ ਸੀ ਜੋ ਬਾਅਦ ਵਿਚ ਕੰਮ ਆਉਂਦਾ। ਫਿਰ ਨਾ ਹੜ੍ਹ ਆਉਂਦਾ, ਨਾ ਲੋਕਾਂ 'ਤੇ ਆਫ਼ਤ ਆਉਂਦੀ। ਪੰਜਾਬ ਤਾਂ ਪਹਿਲਾਂ ਹੀ ਕਰਜ਼ੇ ਦੀ ਮਾਰ ਹੇਠ ਹੈ। ਕੀ ਕੇਂਦਰ ਅਤੇ ਜਿਹੜੇ ਪ੍ਰਾਂਤ ਪੰਜਾਬ ਦੇ ਦਰਿਆਈ ਪਾਣੀਆਂ ਦਾ ਲਾਭ ਲੈ ਰਹੇ ਹਨ ਉਹ ਇਸ ਨੁਕਸਾਨ ਦੀ ਪੂਰਤੀ ਕਰਨਗੇ?

ਆਉਂਦੇ ਦਿਨਾਂ ਵਿਚ ਹਰਿਆਣਾ ਵਿਧਾਨ ਸਭਾ ਦੀਆਂ ਚੋਣਾਂ ਹੋਣ ਵਾਲੀਆਂ ਹਨ। ਜਿਵੇਂ ਕਿ ਚੋਣਾਂ ਮੌਕੇ ਅਕਸਰ ਹੁੰਦਾ ਆਇਐ, ਐੱਸ ਵਾਈ ਐੱਲ ਦਾ ਮੁੱਦਾ ਮੁੜ ਭਖ ਪਿਆ ਹੈ। ਪੰਜਾਬ ਪਹਿਲਾਂ ਹੀ ਸੋਕੇ/ਡੋਬੇ ਦਾ ਮਾਰਿਆ ਪਿਆ ਹੈ। ਪੌਣੀ ਸਦੀ ਪਹਿਲਾਂ ਦਾ ਨਹੀਂ, 2018-19 ਵਿਚ ਵਗਦੇ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਮਾਪੇ ਮਿਣੇ ਬਿਨਾਂ ਜੇਕਰ ਫੈਸਲਾ ਹਰਿਆਣੇ ਨੂੰ ਹੋਰ ਪਾਣੀ ਦੇਣ ਦਾ ਆ ਗਿਆ ਤਾਂ ਸਿਆਪੇ ਪੈਣਗੇ ਹੀ ਪੈਣਗੇ। ਹਾਲੇ ਤਾਂ ਭਗਤ ਰਵਿਦਾਸ ਜੀ ਦੇ ਮੰਦਰ ਨੂੰ ਢੁਹਾਉਣ ਦਾ ਮਸਲਾ ਹੀ ਹੱਲ ਨਹੀਂ ਹੋ ਰਿਹਾ।

ਕਦੇ ਇਹ ਗੱਲ ਕਿਸੇ ਦੇ ਖ਼ਾਬ ਖ਼ਿਆਲ ਵਿਚ ਵੀ ਨਹੀਂ ਸੀ। ਹੁਣ ਦੇ ਹਾਲਾਤ ਸੰਭਾਵਨਾ ਬਣਾ ਰਹੇ ਲੱਗਦੇ ਹਨ ਕਿ ਸਾਰੇ ਪੰਜਾਬ ਨੂੰ ਹੀਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਾਂਗ ਯੂਨੀਅਨ ਟੈਰੇਟਰੀ ਬਣਾ ਦਿੱਤਾ ਜਾਵੇ। ਜੰਮੂ ਕਸ਼ਮੀਰ ਤੋਂ ਸ਼ੁਭ ਆਰੰਭ ਹੋ ਚੁੱਕੈ। ਮਾਝੇ, ਮਾਲਵੇ ਤੇ ਦੁਆਬੇ ਦੀਆਂ ਯੂਨੀਅਨ ਟੈਰੇਟਰੀਆਂ ਬਣਾ ਕੇ ਉਪ ਰਾਜਪਾਲ ਲਾਏ ਜਾਣ ਦੀਆਂ ਸੰਭਾਵਨਾਵਾਂ ਬਣਾਈਆਂਜਾ ਸਕਦੀਆਂ ਹਨ। ਲੋੜ ਪੈਣ 'ਤੇ ਉਨ੍ਹਾਂ ਨੂੰ ਇਕ ਦੂਜੇ ਨਾਲ ਉਲਝਾਇਆ ਜਾ ਸਕਦੈ। ਐਸ ਵਾਈ ਐਲ ਨਹਿਰ ਖ਼ੈਰ ਸੁੱਖ ਨਾਲ ਤਾਂ ਬਣਨੀ ਨਹੀਂ, ਫੌਜ ਲਾ ਕੇਹੀ ਬਣਾਉਣੀ ਪਵੇਗੀ। ਬਦਅਮਨੀ ਫੈਲਣ ਉਤੇ ਹੋਰ ਫੌਜ ਲਾ ਕੇ ਪੰਜਾਬ ਰਾਜ ਦਾ ਦਰਜਾ ਪਹਿਲਾਂ ਮੁਲਤਵੀ ਤੇ ਫਿਰ ਖ਼ਤਮ ਕਰ ਦੇਣ ਦਾਸੁਨਹਿਰੀ ਮੌਕਾ ਹੋਵੇਗਾ। ਹਿੰਦੂਤਵ ਦੇ ਅਜੰਡੇ ਵਾਲੇ ਅਖੰਡ ਭਾਰਤ ਦਾ ਆਰ ਐਸ ਐਸ ਦਾ ਸੁਹਾਗਾ ਫਿਰਨਾ ਸ਼ੁਰੂ ਹੋ ਗਿਆ ਹੈ। ਵੇਖਦੇ ਹਾਂ ਪੰਜਾਬ ਹੋਰ ਕਦੋਂ ਤਕ ਸੁੱਖ ਮਨਾਉਂਦੈ?

## ਮਾਂ ਹੀ ਉਹ ਨਖਰੇ ਅਤੇ ਅੜੀਆਂ ਪੁਗਾ ਸਕਦੀ ਸੀ

-ਪ੍ਰਿੰਸੀਪਲ ਵਿਜੈ ਕੁਮਾਰ-

ਬਚਪਨ ਦੀਆਂ ਯਾਦਾਂ ਦੇ ਇਤਿਹਾਸ ਉਤੇ ਝਾਤ ਮਾਰਦਿਆਂ ਮਾਂ ਨਾਲ ਕੀਤੇ ਨਖਰੇ ਤੇ ਅੜੀਆਂ ਨੂੰ ਯਾਦ ਕਰ ਕੇ ਸੋਚਣ ਲੱਗ ਜਾਂਦੇ ਹਾਂ ਕਿ ਮਾਂ ਇਹ ਸਾਰਾ ਕੁਝ ਕਿਵੇਂ ਸਹਾਰ ਲੈਂਦੀ ਸੀ। ਉਸ ਦਾ ਕਿੰਨਾ ਵੱਡਾ ਜਿਗਰਾ ਸੀ। ਅੱਜ ਜਦੋਂ ਸਾਡੀ ਆਪਣੀ ਔਲਾਦ ਸਾਡੇ ਕੋਲੋਂ ਆਪਣੀ ਜ਼ਿਦ ਪੁਗਾਉਣ ਦੀ ਕੋਸ਼ਿਸ਼ ਕਰਦੀ ਹੈ ਤਾਂ ਸਾਡੀ ਮਾਨਸਿਕ ਸਥਿਤੀ ਕਿੱਦਾਂ ਦੀ ਹੋ ਜਾਂਦੀ ਹੈ, ਇਸ ਬਾਰੇ ਅਸੀਂ ਸਾਰੇ ਭਲੀਭਾਂਤ ਜਾਣੂ ਹਾਂ। ਬਚਪਨ ਵਿਚ ਨੀਂਦ ਬਹੁਤ ਪਿਆਰੀ ਹੁੰਦੀ ਸੀ। ਜਦੋਂ ਅਸੀਂ ਸਕੂਲ ਜਾਣਾ ਹੁੰਦਾ ਸੀ ਤਾਂ ਮੰਜੇ ਤੋਂ ਉਠਾ ਕੇ ਸਾਨੂੰ ਸਮੇਂ ਸਿਰ ਤਿਆਰ ਕਰਨ ਦਾ ਫਿਕਰ ਸਿਰਫ ਮਾਂ ਨੂੰ ਹੁੰਦਾ ਸੀ। ਮੰਜੇ ਤੋਂ ਨਾ ਉਠਣਾ, ਮੰਜੇ ਉਤੇ ਪਿਸ਼ਾਬ ਕਰ ਦੇਣਾ, ਪਖਾਨੇ ਵਿੱਚ ਸੁੱਤੇ ਰਹਿਣਾ, ਮਾਂ ਦੀਆਂ ਹਾਕਾਂ ਪੈਣੀਆਂ, ਇਹ ਸਾਰਾ ਕੁਝ ਮਾਂ ਉਤੇ ਆਪਣਾ ਅਧਿਕਾਰ ਸਮਝ ਕੇ ਕਰਦੇ ਹੁੰਦੇ ਸੀ।

ਕੀ ਖਾਣਾ, ਕੀ ਨਹੀਂ ਖਾਣਾ, ਸਕੂਲ ਨੂੰ ਜਾਣ ਲੱਗਿਆਂ ਦੇਰ ਹੋਣ ਲਈ ਮਾਂ ਨੂੰ ਜ਼ਿੰਮੇਵਾਰ ਠਹਿਰਾਉਣਾ, ਸਕੂਲ ਦੇ ਬਸਤੇ ਦਾ ਨਾ ਲੱਭਣਾ, ਮਾਂ ਦਾ ਸਕੂਲ ਨੂੰ ਨਹਾ ਕੇ ਭੇਜਣ ਦੀ ਜ਼ਿਦ ਕਰਨਾ, ਇਹ ਸਾਰਾ ਕੁਝ ਮਾਂ ਨੂੰ ਸਹਾਰਨਾ ਪੈਂਦਾ ਸੀ। ਸਕੂਲ ਦੀ ਵਰਦੀ, ਸਿਆਹੀ ਦਵਾਤ ਕਲਮ, ਕਿਤਾਬਾਂ ਕਾਪੀਆਂ ਦਾ ਧਿਆਨ ਰੱਖਣ ਲਈ ਮਾਂ ਤੇ ਇੰਝ ਰੋਹਬ ਪਾਈਦਾ ਸੀ ਕਿ ਜਿਵੇਂ ਅਸੀਂ ਨਹੀਂ, ਉਹ ਸਕੂਲ ਪੜ੍ਹਨ ਜਾਂਦੀ ਹੋਵੇ।

ਮਾਂ ਇਹ ਸਭ ਕੁਝ ਸਹਿ ਕੇ ਵੀ ਸਾਨੂੰ ਚੁੰਮਦੀ ਸਾਹ ਨਹੀਂ ਸੀ ਲੈਂਦੀ। ਉਸ ਦੇ ਮੂੰਹੋਂ ਨਿਕਲੇ ਸ਼ਬਦ ਅੱਜ ਵੀ ਯਾਦ ਆਉਂਦੇ ਹਨ, 'ਮੇਰਾ ਕਾਮਾ ਪੁੱਤਰ, ਮੇਰਾ ਲਾਡਲਾ, ਲੱਡੂ, ਰਾਜਾ, ਮੇਰਾ ਸੋਹਣਾ।' ਉਸ ਦੀ ਗੋਦੀ ਵਿੱਚ ਬੈਠ ਆਪਣੀ ਗੱਲ ਮਨਾਉਣ ਲਈ ਉਸ ਦੇ ਵਾਲ ਪੁੱਟ ਦੇਂਦੇ ਸੀ, ਉਸ ਨੂੰ ਕੁੱਟ ਸੁਟਦੇ ਸੀ। ਸਾਡੀ ਇਸ ਗੁਸਤਾਖੀ ਉਤੇ ਉਸ ਨੂੰ ਗੁੱਸਾ ਨਹੀਂ ਸਗੋਂ ਪਿਆਰ ਆਉਂਦਾ ਸੀ। ਉਹ ਅੱਗੋਂ ਆਖਦੀ ਹੁੰਦੀ ਸੀ, 'ਨਾ ਮੇਰਾ ਸ਼ੇਰ ਪੁੱਤਰ, ਏਦਾਂ ਨਹੀਂ ਕਰੀਦਾ, ਜੇ ਮਾਂ ਮਰ ਗਈ ਤਾਂ ਕਿੱਥੋਂ ਲਵੇਂਗਾ?' ਉਹ ਸਾਡੇ ਨਾਲ ਰੁੱਸਣ ਥਾਂ ਬਜਾਏ ਸਾਨੂੰ ਘੁੱਟ ਘੁੱਟ ਜੱਫੀਆਂ ਪਾਉਂਦੀ ਸੀ। ਰੋਟੀ ਨਾਲ ਸਾਨੂੰ ਕਿਹੜੀ ਸਬਜ਼ੀ ਪਸੰਦ ਹੈ ਤੇ ਕਿਹੜੀ ਪਸੰਦ ਨਹੀਂ, ਇਸ ਦਾ ਫਿਕਰ ਵੀ ਉਸ ਨੂੰ ਕਰਨਾ ਹੁੰਦੀ ਸੀ। ਜੇ ਸਾਡੇ ਪਸੰਦ ਦੀ ਸਬਜ਼ੀ ਨਾ ਬਣੀ ਹੋਣੀ ਤਾਂ ਅਸੀਂ ਰੁੱਸ ਰੁੱਸ ਬੈਠ ਜਾਂਦੇ ਸੀ। ਭੁੱਖੇ ਸੌਂ ਜਾਈਦਾ ਸੀ। ਮਾਂ ਉਠਾ ਉਠਾ ਕੇ ਰੋਟੀ ਖੁਆਉਂਦੀ ਸੀ। ਅਸੀਂ ਭਾਂਡੇ ਭੰਨ ਸੁਟਦੇ। ਸਾਰੇ ਦਿਨ ਦੇ ਥੱਕੇ ਹਾਰੇ ਜੇ ਸੁਵਖਤੇ ਸੌਂ ਜਾਣਾ ਤਾਂ ਉਠਾ ਕੇ ਸਾਨੂੰ ਰੋਟੀ ਖੁਆਉਣ ਦੀ ਜ਼ਿੰਮੇਵਾਰੀ ਵੀ ਮਾਂ ਦੀ ਹੁੰਦੀ ਸੀ। ਦੁੱਧ ਪਿਲਾਉਣ ਲਈ ਸੁੱਤਿਆਂ ਨੂੰ ਉਠਾਉਣ ਦਾ ਕੰਮ ਮਾਂ ਦਾ ਹੁੰਦਾ ਸੀ। ਅੜੀ ਜਾਂ ਜ਼ਿੱਦ ਪੁਗਾਉਣ ਲਈ ਜਦੋਂ ਅਸੀਂ ਉਚੀ ਉਚੀ ਰੋਣਾ, ਧਰਤੀ ਤੇ ਲਿਟਣਾ ਤਾਂ ਪਿਤਾ ਜੀ ਨੇ ਗੁੱਸੇ ਵਿੱਚ ਕਹਿਣਾ, "ਇਸ ਨੂੰ ਮੇਰੇ ਕੋਲ ਲਿਆ ਫੜ ਕੇ, ਇਸ ਦਾ ਦਿਮਾਗ ਲਿਆਵਾਂ ਟਿਕਾਣੇ ਉੱਤੇ।" ਮਾਂ ਮਨਾਉਣ ਲਈ ਹਾੜੇ ਕੱਢਦੀ ਹੁੰਦੀ ਸੀ। ਰੋਂਦੇ ਹੋਏ ਨੂੰ ਛਾਤੀ ਨਾਲ ਲਗਾ ਲੈਂਦੀ ਸੀ। ਕੰਨ ਵਿੱਚ ਕਹਿੰਦੀ ਹੁੰਦੀ ਸੀ, "ਚੁੱਪ ਕਰ, ਤੂੰ ਮੇਰਾ ਸੋਹਣਾ ਪੁੱਤਰਾ ਹੈਂ।" ਪਿਤਾ ਜੀ ਅੱਗੋਂ ਕਹਿੰਦੇ ਹੁੰਦੇ ਸੀ, "ਇਹ ਐਵੇਂ ਸਿਰ ਚੜ੍ਹਾਇਆ ਹੋਇਐ।"

ਜਿਸ ਦਿਨ ਸਕੂਲੋਂ ਛੁੱਟੀ ਹੋਣੀ, ਸੂਰਜ ਸਿਰ ਉੱਤੇ ਚੜ੍ਹ ਆਉਂਦਾ ਸੀ, ਪਰ ਸੁੱਤੇ ਨਹੀਂ ਸੀ ਉਠਦੇ, ਬਿਨਾਂ ਨਹਾਏ ਧੋਏ ਰੋਟੀ ਮੰਗਣੀ। ਸਾਰੇ ਭੈਣ ਭਰਾਵਾਂ ਨੇ ਆਪਸ ਵਿਚ ਲੜਾਈ ਝਗੜਾ ਕਰਨਾ, ਘਰ ਸਿਰ ਉੱਤੇ ਚੁੱਕ ਲੈਣਾ ਅਤੇ ਖੇਡਣ ਗਿਆਂ ਘਰ ਨਹੀਂ ਵੜਨਾ। ਇਹ ਸਾਰਾ ਕੁਝ ਸਹਿਣਾ ਮਾਂ ਦੇ ਵੱਸ ਦੀ ਗੱਲ ਹੁੰਦੀ ਸੀ। ਮਾਂ ਦੀਆਂ ਝਿੜਕਾਂ ਅਤੇ ਮਾਰ ਵਿੱਚ ਵੀ ਉਸ ਦਾ ਲਾਡ ਹੁੰਦਾ ਸੀ। ਗਲੀ ਮੁਹੱਲੇ ਵਿੱਚ ਬੱਚਿਆਂ ਨਾਲ ਲੜਾਈ ਕਰਨ, ਉਨ੍ਹਾਂ ਨੂੰ ਮਾਰਨ ਕੁੱਟਣ ਦੇ ਉਲਾਂਭੇ ਵੀ ਮਾਂ ਨੂੰ ਝਲਣੇ ਪੈਂਦੇ ਸਨ। ਅਸੀਂ ਕਸੂਰਵਾਰ ਹੁੰਦੇ ਹੋਏ ਵੀ ਉਸ ਨੂੰ ਦੋਸ਼ੀ ਨਹੀਂ ਲੱਗਦੇ ਸਾਂ। ਕਮਾਲ ਦੀ ਸਹਿਣ ਸ਼ਕਤੀ ਸੀ ਉਸ ਮਾਂ ਦੀ। ਉਹ ਖੁਦ ਟਾਕੀਆਂ ਵਾਲੇ ਸੂਟ ਪਾਉਂਦੀ ਸੀ, ਪਰ ਸਾਡੇ ਮਨਪਸੰਦ ਦੀਆਂ ਪੋਸ਼ਾਕਾਂ ਪੁਆਉਣ ਲਈ ਉਹ ਪੈਸੇ ਜੋੜ ਜੋੜ ਕੇ ਰੱਖਦੀ ਸੀ। ਬਹੁਤ ਯਾਦ ਆਉਂਦੀ ਹੈ, ਉਸ ਮਾਂ ਨਾਲ ਕੀਤੀਆਂ ਅੜੀਆਂ ਅਤੇ ਨਖਰਿਆਂ ਦੀ। ਬਾਹਰ ਭਾਵੇਂ ਸਾਰਾ ਦਿਨ ਭੁੱਖੇ ਖੇਡੀ ਜਾਣਾ, ਗਲੀ ਮੁਹੱਲਿਆਂ ਵਿੱਚ ਘੁੰਮੀ ਜਾਣਾ, ਪਰ ਜੇ ਮਾਂ ਨੇ ਰੋਟੀ ਲਈ ਥੋੜ੍ਹੀ ਜਿਹੀ ਦੇਰੀ ਕਰ ਦਿੱਤੀ ਤਾਂ ਧਰਤੀ ਅਸਮਾਨ ਇੱਕ ਕਰ ਦੇਣਾ। ਘਰ ਦੇ ਭਾਂਡੇ ਭੰਨ੍ਹ ਸੁੱਟਣੇ।

ਸਾਡੀ ਥੋੜ੍ਹੀ ਜਿਹੀ ਤਕਲੀਫ ਉਸ ਨੂੰ ਬੇਚੈਨ ਕਰ ਦਿੰਦੀ ਸੀ। ਉਸ ਦੀ ਭੁੱਖ, ਪਿਆਸ ਮੁੱਕ ਜਾਂਦੀ ਸੀ। ਸਾਡੇ ਖਾਣ ਪੀਣ, ਪਹਿਨਣ ਤੇ ਰਹਿਣ ਸਹਿਣ ਨੂੰ ਲੈ ਕੇ ਸਾਡੇ ਨਖਰਿਆਂ ਤੇ ਜ਼ਿਦ ਨੂੰ ਕੇਵਲ ਉਹੀ ਪੁਗਾ ਸਕਦੀ ਸੀ। ਅੱਜ ਅਸੀਂ ਖੁਦ ਮਾਂ ਬਾਪ ਹਾਂ। ਅਸੀਂ ਦੋ ਬੱਚਿਆਂ ਦੀ ਜ਼ਿਦ ਨਾਲ ਅੱਕ ਜਾਂਦੇ ਹਾਂ, ਪਰ ਮਾਂ ਸਾਡੇ ਛੇ ਭੈਣ-ਭਰਾਵਾਂ ਦਾ ਸਭ ਕੁਝ ਸਹਿੰਦੀ ਸੀ। ਬਰਸਾਤਾਂ ਵਿੱਚ ਸਕੂਲੋਂ ਆਉਂਦਿਆਂ ਨੇ ਕੱਪੜੇ ਭਿਉਂ ਲੈਣੇ। ਟੋਭੇ ਵਿੱਚ ਨਹਾਉਣਾ, ਬਿਮਾਰ ਹੋ ਕੇ ਪੈ ਜਾਣਾ। ਮਾਂ ਅੱਗੇ ਧੋਣ ਵਾਲੇ ਕੱਪੜਿਆਂ ਦਾ ਢੇਰ ਲਗਾ ਦੇਣਾ। ਇਸ ਸਭ ਕੁਝ ਨੂੰ ਸਿਰਫ ਮਾਂ ਹੀ ਸਹਾਰ ਸਕਦੀ ਸੀ, ਕਿਉਂਕਿ ਉਹ ਮਾਂ ਸੀ।

## ਪਰਵਾਸ ਜਰਨਾ ਤੇ ਜਿਊਣਾ ਸਹਿਜ ਨਹੀਂ

-ਪ੍ਰੋਫੈਸਰ ਕੁਲਵੰਤ ਸਿੰਘ ਔਜਲਾ

ਪਰਵਾਸ ਦੁਨਿਆਵੀ ਲੋੜਾਂ, ਲਾਲਚਾਂ, ਲਾਲਸਾਵਾਂ ਤੇ ਲੱਭਤਾਂ ਦੀ ਭਾਲ ਤੇ ਭਟਕਣ ਦਾ ਪ੍ਰਤੀਫਲ ਹੈ। ਇਹ ਖਬਤੀ, ਖੁਆਬਸ਼ੀਲ ਤੇ ਖਤਰਨਾਕ ਹੁੰਦਾ ਹੈ। ਇਹ ਮਿੱਟੀਆਂ ਦੇ ਮੋਹਹੀਣ, ਸੰਘਰਸ਼ ਦੇ ਸਾਹਹੀਣ ਤੇ ਸੰਵੇਦਨਾ ਦੇ ਸੁਰਹੀਣ ਹੋਣ ਦੀਆਂ ਮਜਬੂਰੀਆਂ ਤੇ ਮਹਾਂਮਾਰੀਆਂ ਤੋਂ ਪੈਦਾ ਹੁੰਦਾ ਹੈ। ਪਰਵਾਸ ਜੜ੍ਹਾਂ, ਜ਼ਿੰਦਗੀਆਂ ਤੇ ਜਵਾਨੀਆਂ ਦੇ ਖੋਖਲੇ ਹੋ ਜਾਣ ਦਾ ਵਿਵੇਕ ਤੇ ਵੈਰਾਗ ਹੈ। ਇਹ ਵਸੀਲਿਆਂ, ਵਿਚਾਰਾਂ ਤੇ ਵਿਚਾਰਧਾਰਾਵਾਂ ਦੇ ਸੰਕਟ, ਸੰਤਾਪ ਤੇ ਸੀਮਿਤ ਹੋ ਜਾਣ ਦੀ ਵੇਦਨਾ ਤੇ ਵਿਥਿਆ ਹੈ। ਪਰਵਾਸ ਬਿਹਤਰੀ ਦਾ ਬਦਲ ਹੈ। ਪਰਵਾਸ ਜਰਨਾ ਤੇ ਜਿਊਣਾ ਸਰਲ ਤੇ ਸਹਿਜ ਨਹੀਂ। ਇਹ ਨਿਜ਼ਾਮ ਦੀ ਮਾੜੀ ਨੀਤ ਤੇ ਮਾਰੂ ਨੀਤੀਆਂ ਦੀ ਦਰਦਨਾਕ ਦਾਰਸ਼ਨਿਕਤਾ ਹੈ। ਕਮਾਉਣ ਲਈ ਸਹੇੜੇ ਪਰਵਾਸ ਨਾਲ ਬਹੁਤ ਕੁਝ ਗੁਆਉਣਾ ਪੈਂਦਾ ਹੈ। ਪੰਜਾਬੀਆਂ ਨੂੰ ਪਰਵਾਸ ਨਾਲ ਖੂਬ ਪਿਆਰ ਹੈ। ਇਹ ਕਮਾਉਣ ਦੀ ਗੱਲ ਪਹਿਲਾਂ ਸੋਚਦੇ ਨੇ ਅਤੇ ਜਦੋਂ ਬਹੁਤ ਕੁਝ ਗੁਆਚ ਜਾਂਦਾ ਹੈ, ਫਿਰ ਝੂਰਦੇ ਹਨ। ਫੋਕੀਆਂ ਤੇ ਫਿੱਕੀਆਂ ਵਡਿਆਈਆਂ ਪੰਜਾਬੀਆਂ ਦੀ ਖ਼ੁਰਾਕ ਹੈ। ਪੰਜਾਬ ਇਸ ਵੇਲੇ ਬੌਧਿਕ, ਰਾਜਨੀਤਕ, ਸਮਾਜਕ ਤੇ ਸਭਿਆਚਾਰਕ ਕੰਗਾਲੀ ਭੋਗ ਰਿਹਾ ਹੈ। ਪੰਜਾਬੀ ਮਨ ਇਸ ਮਾਹੌਲ ਤੋਂ ਤੰਗ ਆ ਗਿਆ ਹੈ। ਇਸ ਲਈ ਹਰ ਪੰਜਾਬੀ ਵਿਦੇਸ਼ ਜਾਣ ਲਈ ਉਤਾਵਲਾ ਤੇ ਉਤੇਜਿਤ ਹੈ। ਪੰਜਾਬੀ ਲੋਕ ਹਰ ਹੀਲੇ ਪਰਵਾਸ ਮੁੱਲ ਲੈਣ ਨੂੰ ਕਾਹਲੇ ਹਨ। ਪੰਜਾਬ ਅੱਜ ਪੰਜਾਬੀਆਂ ਨੂੰ ਚੰਗਾ ਲੱਗਣੋਂ ਹਟ ਗਿਆ ਹੈ। ਹਰ ਦੂਜਾ ਬੰਦਾ ਪਰਵਾਸ ਦੀਆਂ ਸਹੂਲਤਾਂ, ਪ੍ਰਬੰਧ ਤੇ ਸੁਤੰਤਰਤਾ ਦੇ ਗੁਣ ਗਾਉਂਦਾ ਨਜ਼ਰ ਆਉਂਦਾ ਹੈ। ਮੇਰਾ ਇੱਕ ਮਰਹੂਮ ਮਿੱਤਰ ਕਹਿੰਦਾ ਹੁੰਦਾ ਸੀ ਕਿ ਪੰਜਾਬੀਆਂ ਨੇ ਆਉਣ ਵਾਲੇ ਸਮੇਂ ਵਿਚ ਆਪਣੇ ਮੱਖਣਾਂ ਨਾਲ ਪਾਲੇ ਪੁੱਤਰ ਧੀਆਂ ਵਿਦੇਸ਼ ਭੇਜ ਦੇਣੇ ਹਨ। ਕੀ ਪੰਜਾਬ ਏਨਾ ਨਿਰਲੱਜ ਤੇ ਨਿਹੁੰ-ਹੀਣ ਹੋ ਗਿਆ? ਕੀ ਪੰਜਾਬ ਕੋਲ ਕੋਈ ਹਰਿਆ ਬੂਟ ਬਚਿਆ ਹੀ ਨਹੀਂ?

ਪਿੱਛੇ ਜਿਹੇ ਯੂਨੀਵਰਸਿਟੀ ਪੜ੍ਹਦੇ ਮੇਰੇ ਦੋ ਭਤੀਜੇ ਵੈਨਕੂਵਰ ਤੋਂ ਪਰਦੇਸੀ ਪੰਜਾਬ ਨੂੰ ਮਿਲਣ ਆਏ। ਵੱਡੇ ਵੱਡੇ ਦੋ ਘਰ, ਪਰ ਘਰਾਂ ਵਿੱਚ ਜੀਅ ਇੱਕ ਵੀ ਨਹੀਂ। ਜ਼ਮੀਨ, ਇਮਾਰਤਾਂ ਤੇ ਰੇਤ ਹੋ ਰਹੇ ਰਿਸ਼ਤਿਆਂ ਨੂੰ ਮਿਲ-ਮਿਲਾ ਕੇ ਚਲੇ ਗਏ। ਮੈਂ ਸਵਾਲ ਕੀਤਾ, ਜੇ ਕੈਨੇਡਾ ਵਿੱਚ ਸਭ ਕੁਝ ਹੈ ਤਾਂ ਤੁਸੀਂ ਲੋਕ ਪੰਜਾਬ ਕੀ ਲੱਭਣ ਆਉਂਦੇ ਹੋ? ਉਨ੍ਹਾਂ ਕੋਲ ਇਸ ਸਵਾਲ ਦਾ ਕੋਈ ਜਵਾਬ ਨਹੀਂ ਸੀ, ਪਰ ਉਨ੍ਹਾਂ ਏਨਾ ਜ਼ਰੂਰ ਦੱਸਿਆ ਕਿ ਕੈਨੇਡਾ ਵਿੱਚ ਨਸ਼ੇ ਤੇ ਗੈਂਗਵਾਦ ਪੰਜਾਬ ਤੋਂ ਵੱਧ ਹੈ। ਉਥੋਂ ਦੀ ਜਵਾਨੀ ਨੂੰ ਪੱਛਮੀ ਤਰਜ ਦੀਆਂ ਤਰਜੀਹਾਂ ਅਤੇ ਤਰਬਾਂ ਨੇ ਬੁਰੀ ਤਰ੍ਹਾਂ ਗ੍ਰਸ ਲਿਆ ਹੈ। ਰਿਸ਼ਤੇ ਜਿਸਮਾਨੀ ਖੇਡ ਤੇ ਖੁੱਲ੍ਹ ਦੇ ਗੁਲਾਮ ਹੋ ਗਏ ਹਨ। ਵਿਰਲੇ ਘਰਾਂ ਵਿੱਚ ਘਰੇਲੂ ਤੇ ਘਰ ਵਾਲਾ ਮਾਹੌਲ ਹੈ। ਰੁਟੀਨ ਦੇ ਬੰਧਨ ਤੇ ਡਾਲਰਾਂ ਦੀ ਬੰਦਗੀ ਨੇ ਸੁਫਨਿਆਂ ਵਰਗਾ ਕੁਝ ਰਹਿਣ ਨਹੀਂ ਦਿੱਤਾ। ਮਾਵਾਂ ਰੋਟੀ ਬਣਾਉਣ ਤੋਂ ਅਤੇ ਬੱਚੇ ਵਿਆਹ ਕਰਵਾਉਣ ਤੋਂ ਮੁਨਕਰ ਹੋ ਰਹੇ ਹਨ। ਪਰਵਾਸ ਦੀ ਕੈਦ ਤੇ ਕੰਗਾਲੀ ਏਨੀ ਜ਼ਬਰਦਸਤ ਤੇ ਜ਼ਾਲਮ ਹੈ ਕਿ ਉਹ ਪੰਜਾਬ ਆਉਣ ਲਈ ਬੰਦੇ ਨੂੰ ਫੁਰਸਤ ਹੀ ਨਹੀਂ ਦਿੰਦੀ। ਮੇਰਾ ਇੱਕ ਰਿਸ਼ਤੇਦਾਰ ਪੰਦਰਾਂ ਸਾਲ ਤੋਂ ਪਿੰਡ ਨਹੀਂ ਆਇਆ। ਮੋਬਾਈਲ, ਫੇਸਬੁਕ ਤੇ ਵਟਸਐਪ ਦੇ ਸਹਾਰੇ ਦਿਲ ਦੀਆਂ ਬਾਤਾਂ ਪਾਈਆਂ ਜਾਂਦੀਆਂ ਹਨ। ਕੀ ਇਕੱਲ ਭੋਗਦੇ ਬਾਪੂ ਜਾਂ ਹਸਪਤਾਲ ਵਿੱਚ ਮੌਤ ਦੀ ਲੜਾਈ ਲੜਦੀ ਮਾਂ ਦਾ ਦਰਦ ਇਨ੍ਹਾਂ ਸੰਦਾਂ ਨਾਲ ਮਹਿਸੂਸ ਕੀਤਾ ਜਾ ਸਕਦਾ ਹੈ? ਪਰਵਾਸ ਪੰਜਾਬੀਆਂ ਲਈ ਸੁਰੱਖਿਅਤ ਜ਼ੋਨ ਹੈ। ਗੁਰਬਾਣੀ ਦੀ ਮੱਤ ਤੋਂ ਨਾਨਕ ਨਾਮਲੇਵਾ ਬੜੇ ਉਚੇ ਹੋ ਗਏ ਹਨ। ਧਾਰਮਿਕ ਰਹਿਬਰਾਂ, ਨੇਤਾਵਾਂ, ਬੁੱਧੀਜੀਵੀਆਂ, ਕਾਮਰੇਡਾਂ ਤੇ ਕਵੀਆਂ ਨੇ ਆਪੋ ਆਪਣੇ ਬੱਚੇ ਵਿਦੇਸ਼ ਦੇ ਸੁਰੱਖਿਅਤ ਜ਼ੋਨ ਵਿੱਚ ਭੇਜ ਕੇ ਇਥੋਂ ਦੇ ਬੇਅਸਰ, ਬਦ-ਇਖਲਾਕ, ਬੇਈਮਾਨ ਤੇ ਬੇਅਦਬ ਨਿਜ਼ਾਮ ਦੀ ਨਿੰਦਿਆ ਤੇ ਨਿਸ਼ਾਨਦੇਹੀ ਕਰਨ ਦਾ ਧੰਦਾ ਤੇ ਧਰਮ ਅਪਣਾਇਆ ਹੋਇਆ ਹੈ। ਵਿਦੇਸ਼ ਵਿੱਚ ਥੋੜ੍ਹੇ-ਮੋਟੇ ਜੋ ਰੱਜੇ ਪੁੱਜੇ ਹਨ, ਉਨ੍ਹਾਂ ਨੇ ਢਾਈ-ਆਬੇ ਪੰਜਾਬ ਦੀ ਥਾਂ ਇੱਕ ਕਲਪਿਤ ਪੰਜਾਬ ਦਾ ਨਕਸ਼ਾ ਤੇ ਨਾਅਰਾ ਬੁਲੰਦ ਕੀਤਾ ਪਿਆ ਹੈ। ਅਜਿਹੇ ਅਸੰਤੁਸ਼ਟ ਤੇ ਅਤਿ-ਉਤਸ਼ਾਹੀ ਲੋਕਾਂ ਦਾ ਇੱਕ ਨੁਮਾਇੰਦਾ ਪੰਜਾਬ ਦੇ ਇੱਕ ਸੈਮੀਨਾਰ ਵਿੱਚ ਕਹਿਣ ਲੱਗਾ, "ਅਸੀਂ ਸਾਰੇ ਪੰਜਾਬ ਨੂੰ ਕੈਨੇਡਾ ਲੈ ਜਾਣਾ ਹੈ।" ਮੈਂ ਪੁੱਛਿਆ, ਇਹ ਕਿਵੇਂ ਹੋਵੇਗਾ। ਉਸ ਆਖਿਆ, ਜਦ ਪੰਜਾਬ ਬੰਜਰ ਹੋ ਜਾਏਗਾ ਤਾਂ ਇਥੇ ਰਹਿਣ ਲਈ ਬਚੇਗਾ ਹੀ ਕੀ? ਇਥੋਂ ਦੇ ਸਿਆਸਤਦਾਨਾਂ, ਸ਼ੋਹਦਿਆਂ, ਸੱਤਾਧਾਰੀਆਂ ਤੇ ਸਰਮਾਏਦਾਰਾਂ ਨੇ ਪੰਜਾਬ ਨੂੰ ਰਹਿਣਯੋਗ ਰਹਿਣ ਨਹੀਂ ਦੇਣਾ।

ਅਜਿਹੇ ਸਵਾਲਾਂ ਨਾਲ ਸੰਵਾਦ ਕਰਿਦਆਂ ਮੈਂ ਇੱਕ ਵੇਰ ਲਿਖਿਆ ਸੀ :

ਕੋਈ ਗੁਰੂ ਵੰਨਾ, ਕੋਈ ਹੀਰ ਵੰਨਾ  
ਪੰਜਾਬ ਭਾਲਦਾ  
ਕਿਸ ਨੂੰ ਸੁਣਾਈਏ ਦਰਦ ਮੁਰੀਦਾਂ  
ਦੇ ਹਾਲ ਦਾ  
ਸੀਸ ਤਲੀ 'ਤੇ ਧਰਨ ਵਾਲੇ  
ਸੱਤਾਧਾਰੀ ਹੋ ਗਏ  
ਰੰਗ ਫਿੱਕਾ ਪੈ ਗਿਆ ਗਦਰੀ  
ਮਸ਼ਾਲ ਦਾ।

ਪਰਵਾਸੀ ਪੰਜਾਬੀਆਂ ਨੇ ਬਹੁਤ ਤਰੱਕੀਆਂ ਕੀਤੀਆਂ ਹਨ। ਰੱਜ ਕੇ ਪੈਸਾ ਕਮਾਇਆ ਅਤੇ ਇਸ ਪੈਸੇ ਦੇ ਬਲਬੂਤੇ ਇਧਰਲੇ ਪੰਜਾਬ ਨੂੰ ਵਿਗਾੜਨ ਵਿੱਚ ਵੱਡਾ ਰੋਲ ਅਦਾ ਕੀਤਾ। ਪਰਵਾਸੀਆਂ ਦੀ ਟੌਹਰ ਅਤੇ ਟੁਣਕਾਰ ਨੇ ਪੰਜਾਬ ਨੂੰ ਭਰਮਾਇਆ ਤੇ ਵਰਗਲਾਇਆ। ਵੱਡੀਆਂ ਕਾਰਾਂ, ਸੁੰਦਰ ਕੱਪੜੇ, ਗਹਿਣੇ, ਸ਼ੋਪਿੰਗ ਤੇ ਸ਼ੋਹਰਤ। ਪਰਵਾਸੀ ਲੋਕਾਂ ਨੇ ਮੈਰਿਜ ਪੈਲੇਸਾਂ, ਮਾਲਜ਼ ਤੇ ਪਾਰਲਰਾਂ ਦਾ ਰਿਵਾਜ ਪ੍ਰਚੱਲਿਤ ਕੀਤਾ। ਪੰਜਾਬ ਇਨ੍ਹਾਂ ਰਿਵਾਜਾਂ ਤੇ ਰੀਸਾਂ ਨਾਲ ਕਰਜ਼ਾਈ ਹੋ ਗਿਆ। ਨਸ਼ਿਆਂ ਦਾ ਛੇਵਾਂ ਦਰਿਆ ਤੇ ਖੁਦਕੁਸ਼ੀਆਂ ਪੰਜਾਬ ਦਾ ਹਸ਼ਰ ਤੇ ਹਾਸਲ ਬਣੀਆਂ। ਵਿਗੜੇ, ਵਿਚਲਿਤ ਤੇ ਵਿਚਾਰੇ ਪੰਜਾਬ ਕੋਲ ਆਖਰੀ ਬਦਲ ਤੇ ਬਾਦਸ਼ਾਹਤ ਸ਼ਾਇਦ ਪਰਵਾਸ ਹੀ ਬਚੀ ਹੈ :

ਮੇਰੇ ਪਿੰਡ 'ਚ ਪਾੜ੍ਹਿਆਂ ਦਾ ਘਰ  
ਰਹਿ ਗਿਆ ਵਿਰਲਾ ਟਾਵਾਂ,  
ਨਵ ਜੰਮਿਆਂ ਨੂੰ ਗੁੜ-ਅੱਖਰਾਂ ਦੀ  
ਹੁਣ ਨਾ ਗੁੜ੍ਹਤੀ ਦਿੰਦੀਆਂ ਮਾਵਾਂ  
ਹੱਥ ਜੋੜ ਕੇ ਅਰਜ਼ ਕਰਾਂ ਤੇ ਇਹੋ  
ਹੀ ਬੱਸ, ਚਾਹਵਾਂ  
ਐ ਰੱਬਾ ਪਰਦੇਸ ਪਹੁੰਚ ਕੇ ਯੂਰੋ  
ਡਾਲਰ ਪੌਂਡ ਕਮਾਵਾਂ।

ਪਰਵਾਸ ਲਈ ਪੰਜਾਬੀਆਂ ਨੇ ਹਰ ਖਤਰਨਾਕ ਖੇਡ ਖੇਡੀ ਹੈ। ਪਰਵਾਸ ਨੇ ਇਥੋਂ ਦੀਆਂ ਸਥਾਪਤ ਧਿਰਾਂ ਖਿਲਾਫ ਆਵਾਜ਼ ਬੁਲੰਦ ਕਰਨ ਵਾਲੇ ਸੁਆਰਥੀ ਸਿਆਸਤਦਾਨਾਂ ਤੇ ਅਖੌਤੀ ਬਾਬਿਆਂ ਨੂੰ ਖੂਬ ਰਜਾ ਦਿੱਤਾ ਹੈ। ਬਾਬਿਆਂ ਨੇ ਅੱਧੇ ਡੇਰੇ ਪਰਵਾਸ ਵਿੱਚ ਸਥਾਪਤ ਕਰ ਲਏ ਹਨ। ਕਮਾਲ ਇਹ ਹੈ ਕਿ ਆਪਣੇ ਬੱਚੇ, ਘਰ, ਬੋਲੀ ਤੇ ਸਭਿਆਚਾਰ ਨੂੰ ਸੰਭਾਲਣ ਦੀ ਥਾਂ ਪਰਵਾਸੀ ਲੋਕ ਇਧਰਲੇ ਪੰਜਾਬ ਨੂੰ ਬਚਾਉਣ ਅਤੇ ਸੰਭਾਲਣ ਦਾ ਹੋਕਾ ਦਿੰਦੇ ਹਨ। ਪਰਵਾਸ ਦੇ ਗੁਰੂਧਾਮਾਂ ਵਿੱਚ ਇਧਰਲੇ ਪੰਜਾਬ ਵਾਲੀਆਂ ਸਾਰੀਆਂ ਬਦੀਆਂ, ਬੇਈਮਾਨੀਆਂ ਤੇ ਬਦਇੰਤਜ਼ਾਮੀਆਂ ਮੌਜੂਦ ਹਨ। ਬੱਚੇ ਮਾਂ ਬੋਲੀ ਪੰਜਾਬੀ ਤੋਂ ਮੁਨਕਰ ਹੋ ਗਏ ਹਨ। ਧਰਮ ਦੇ ਸਹਾਰੇ ਮਾਂ ਬੋਲੀ ਤੇ ਸਭਿਆਚਾਰ ਬਚਾਉਣ ਵਾਲਾ ਸੰਦ ਤੇ ਸਹਾਰਾ ਵੀ ਬਹੁਤ ਰਾਸ ਆਉਂਦਾ ਨਜ਼ਰ ਨਹੀਂ ਆਉਂਦਾ। ਡਾਲਰਾਂ ਦੀ ਭੁੱਖ ਰੂਹ, ਰਮਜ਼, ਰਹਿਤਲ ਤੇ ਰਿਜ਼ਕ ਨੂੰ ਰਾਹਤ ਤੇ ਰਹਾਓ ਨਹੀਂ ਦੇ ਸਕਦੀ। ਰਾਹਤ ਤੇ ਰਹਾਓ ਲਈ ਕਿਤਾਬ ਜ਼ਰੂਰੀ ਹੈ, ਜੋ ਕਿਤੇ ਵੀ ਨਹੀਂ। ਡਾਲਰਾਂ ਨਾਲ ਸਹੂਲਤਾਂ ਤੇ ਸੰਦ ਖਰੀਦੇ ਜਾ ਸਕਦੇ ਹਨ, ਕਾਵਿਕਤਾ, ਕਰਮ, ਕਿਰਦਾਰ ਤੇ ਕਿਰਤ ਨਹੀਂ ਖਰੀਦੀ ਜਾ ਸਕਦੀ। ਪੰਜਾਬੀ ਇਧਰੋਂ ਪੈਸੇ ਭੇਜ ਕੇ ਬੱਚਿਆਂ ਨੂੰ ਉਧਰ ਸੈਟਲ ਕਰ ਰਹੇ ਹਨ। ਪੰਦਰਾਂ ਸਾਲ ਪਹਿਲਾਂ ਮੈਂ ਕਵਿਤਾ ਲਿਖੀ 'ਡਾਲਰ ਨਾਲ ਵਿਆਹ ਦਿੱਤੇ ਮੇਰੇ ਕਵਿਤਾ ਜੇਹੇ ਖਿਆਲ ਵੇ ਧਰਮੀ ਬਾਬਲਾ।' ਇਹ ਪੜ੍ਹ ਕੇ ਮੇਰਾ ਇੱਕ ਦੋਸਤ ਬਹੁਤ ਤਿਲਮਿਲਾਇਆ, ਪਰ ਜਦੋਂ ਉਸ ਦੀ ਧੀ ਅਮਰੀਕਾ ਵਿੱਚ ਪਹਿਲਾ ਵਿਆਹ ਟੁੱਟਣ ਉਪਰੰਤ ਭਟਕ ਰਹੀ ਹੈ ਤਾਂ ਇੱਕ ਦਿਨ ਕਹਿਣ ਲੱਗਾ, "ਕੋਈ ਰਿਸ਼ਤਾ ਲੱਭ ਯਾਰ ਭਾਵੇਂ ਕਿਸੇ ਵੀ ਜਾਤ ਦਾ ਹੋਵੇ।" ਪੱਕੇ ਹੋਣ ਲਈ ਪੰਜਾਬੀਆਂ ਨੇ ਵੰਸ਼, ਕੌਮ, ਨਸਲ, ਧਰਮ ਅਤੇ ਜਾਤ ਦੀ ਦੀਵਾਰ ਤੋੜ ਕੇ ਅੰਤਰਜਾਤੀ ਵਿਆਹ ਦੇ ਅਸਫਲ ਪ੍ਰਯੋਗ ਨੂੰ ਅੰਤਰਦੇਸੀ ਪ੍ਰਯੋਗ ਵਜੋਂ ਸਫਲ ਬਣਾ ਦਿੱਤਾ ਹੈ। ਪਰਵਾਸ ਨੇ ਹਾਲੇ ਪੰਜਾਬੀ ਮਨ ਮਸਤਕ ਹੋਰ ਤੋੜਨਾ ਹੈ। ਇਸ ਦੀ ਮਹਾਂਕਾਵਿਕ ਬਾਤ ਇਥੇ ਮੁੱਕਦੀ ਨਹੀਂ। ਪੰਜਾਬੀਆਂ ਨੇ ਹਰ ਹਸ਼ਰ ਤੇ ਹਾਸਲ ਨੂੰ ਪ੍ਰਵਾਨ ਕਰਨਾ ਸਿੱਖ ਲਿਆ ਹੈ। ਪਰਵਾਸੀ ਧੜੱਲੇਦਾਰੀ ਨਾਲ ਜੋ ਪਰਦੇਸਾਂ ਵਿੱਚ ਦੇਸ ਵਸਾ ਲੈਂਦੇ ਹਨ।

## ਮਿੰਨੀ ਕਹਾਣੀਆਂ

### ਢੱਠੇ ਖੂਹ ਵਿਚ

-ਅੰਜਨਾ ਮੈਨਨ

'ਮੰਮੀ! ਮੰਮੀ! ਅੱਜ ਮੇਰੇ ਸਾਰੇ ਦੋਸਤਾਂ ਨੇ ਰੱਖੜੀ ਬੰਨ੍ਹੀ ਏ। ਰਾਹੁਲ ਦੇ ਬੈਟਰੀ ਵਾਲੀ, ਦੀਪਕ ਦੇ ਸਪਾਈਡਰ ਮੈਨ ਵਾਲੀ, ਅਰਮਾਨ ਦੇ ਟੈਡੀ ਬੀਅਰ ਵਾਲੀ ਤੇ ਨੂਰ ਦੀ ਤਾਂ ਸਾਰੀ ਬਾਂਹ ਭਰੀ ਪਈ ਏ..ਪਰ ਮੇਰੇ ਰੱਖੜੀ ਕਿਉਂ ਨਹੀਂ ਬੰਨ੍ਹੀ? ਮੇਰੀ ਬਾਂਹ ਕਿਉਂ ਸੁੰਨੀ ਏ? ਮੇਰੇ ਵੀ ਰੱਖੜੀ ਬੰਨ੍ਹੋ! ਮੈਂ ਵੀ ਰੱਖੜੀ ਬੰਨ੍ਹਾਉਣੀ ਐ..।' ਰੋਣਹਾਕਾ ਹੋਇਆ ਯੁਵਰਾਜ ਆਪਣੀ ਮੰਮੀ ਅੱਗੇ ਰੱਖੜੀ ਬੰਨ੍ਹਣ ਦੀ ਜ਼ਿਦ ਕਰਨ ਲੱਗਾ।

'ਲਿਆ ਮੈਂ ਬੰਨ੍ਹ ਦੇਵਾਂ ਮੇਰੇ ਸੋਹਣੇ ਪੁੱਤ ਦੇ ਰੱਖੜੀ,' ਹਰਮਨ ਲਾਡ ਨਾਲ ਬੋਲੀ।

'ਨਹੀਂ! ਨਹੀਂ! ਨਹੀਂ! ਰੱਖੜੀ ਤਾਂ ਭੈਣ ਬੰਨ੍ਹਦੀ ਹੁੰਦੀ ਏ। ਮੈਂ ਵੀ ਭੈਣ ਤੋਂ ਹੀ ਬੰਨ੍ਹਾਊਗਾ।' ਯੁਵਰਾਜ ਨੇ ਪੈਰ ਪਟਕਦਿਆਂ ਕਿਹਾ।

'ਪਰ.. ਤੇਰੇ ਤਾਂ ਕੋਈ ਭੈਣ ਹੀ ਨਹੀਂ। ਅੱਗੇ ਵੀ ਮੈਂ ਹੀ ਬੰਨ੍ਹਦੀ ਹਾਂ। ਇਸ ਵਾਰ ਤੈਨੂੰ ਕੀ ਹੋ ਗਿਆ?'

'ਨਹੀਂ! ਨਹੀਂ! ਨਹੀਂ! ਮੇਰੀ ਕੋਈ ਭੈਣ ਕਿਉਂ ਨਹੀਂ ਹੈ? ਕਿੱਥੇ ਗਈ ਮੇਰੀ ਭੈਣ?' ਯੁਵਰਾਜ ਦੀ ਜ਼ਿਦ ਮੁੱਕਣ ਵਿੱਚ ਨਹੀਂ ਆ ਰਹੀ ਸੀ।

ਹਰਮਨ ਖਿਝ ਗਈ, ਪਰ ਉਸ ਨੂੰ ਆਪਣੀ ਉਹ ਧੀ ਯਾਦ ਆਈ, ਜਦੋਂ ਯੁਵਰਾਜ ਤੋਂ ਬਾਅਦ ਉਹ ਦੁਬਾਰਾ ਗਰਭਵਤੀ ਹੋਈ ਸੀ ਤਾਂ ਯੁਵਰਾਜ ਦੀ ਦਾਦੀ ਨੇ ਜ਼ਬਰਦਸਤੀ ਪੋਤਿਆਂ ਦੀ ਜੋੜੀ ਦੀ ਇੱਛਾ ਲਈ ਕੁੱਖ ਵਿੱਚ ਹੀ ਉਸ ਅਣਜੰਮੀ ਧੀ ਨੂੰ ਖਤਮ ਕਰਵਾ ਦਿੱਤਾ ਸੀ। ਅਚਾਨਕ ਯੁਵਰਾਜ ਦੇ ਰੌਲੇ ਨੇ ਉਸ ਦਾ ਧਿਆਨ ਤੋੜ ਦਿੱਤਾ।

ਉਹ ਹੁਣ ਜ਼ਮੀਨ ਉਤੇ ਲਿਟਿਆ ਉਚੀ-ਉਚੀ ਰੋਂਦਾ ਬੋਲਦਾ ਜਾ ਰਿਹਾ ਸੀ, 'ਕਿੱਥੇ ਗਈ ਮੇਰੀ ਭੈਣ? ਦੱਸੋ, ਮੈਨੂੰ ਮੰਮੀ! ਦੱਸੋ ਵੀ।'

'ਢੱਠੇ ਖੂਹ ਵਿੱਚ!' ਗੁੱਸੇ ਵਿੱਚ ਸੁਤੇ ਸਿੱਧ ਹੀ ਹਰਮਨ ਦੇ ਮੂੰਹੋਂ ਉਹ ਸੱਚ ਨਿਕਲ ਗਿਆ, ਜਿਸ ਨੂੰ ਉਹ ਏਨੇ ਸਾਲਾਂ ਤੋਂ ਲੁਕਾ ਰਹੀ ਸੀ। ਉਸ ਦੀਆਂ ਅੱਖਾਂ 'ਚੋਂ ਤਿਪ-ਤਿਪ ਹੰਝੂ ਵਹਿ ਤੁਰੇ। ਪਾਪ ਦੀ ਭਾਗੀਦਾਰ ਬਣੀ ਉਹ ਉਸ ਪਲ ਨੂੰ ਕੋਸ ਰਹੀ ਸੀ ਅਤੇ ਯੁਵਰਾਜ ਮਾਂ ਨੂੰ ਰੋਂਦਿਆਂ ਹੈਰਾਨੀ ਨਾਲ ਵੇਖ ਰਿਹਾ ਸੀ।

### ਕਸੂਰ

-ਮਨਿੰਦਰ ਕੰਬੋਜ

"ਦੀਦੀ ਸੈਮੀਨਾਰ ਹਾਲ ਕਿੱਥੇ ਹੈ।" ਦੀਪੂ ਨੇ ਮੁਸਕਰਾਉਂਦਿਆਂ ਹੋਇਆਂ ਆਪਣੀ ਇੱਕ ਸੀਨੀਅਰ ਨੂੰ ਪੁੱਛਿਆ। ਕਿਉਂਕਿ ਦੀਪੂ ਦਾ ਕਾਲਜ 'ਚ ਪਹਿਲਾ ਦਿਨ ਸੀ। ਉਸ ਕੁੜੀ ਨੇ ਦੀਪੂ ਨੂੰ ਕਿਹਾ, "ਅੱਜ ਮੇਰਾ ਵੀ ਸੈਮੀਨਾਰ ਹੈ, ਤੁਸੀਂ ਮੇਰੇ ਨਾਲ ਆ ਜਾਓ।" ਦੀਪੂ ਉਸ ਨਾਲ ਚਲੀ ਗਈ, ਦੀਪੂ ਨੂੰ ਉਹ ਕੁੜੀ ਬੜੀ ਸਾਧਾਨ ਤੇ ਮਾਸੂਮ ਲੱਗੀ। ਸੈਮੀਨਾਰ ਸ਼ੁਰੂ ਹੋਣ ਤੋਂ ਬਾਅਦ ਉਸ ਕੁੜੀ ਨੇ ਦੀਪੂ ਕੋਲੋਂ ਫੋਨ ਮੰਗਿਆ ਤੇ ਕਿਹਾ ਕਿ ਮੇਰਾ ਫੋਨ ਘਰ ਰਹਿ ਗਿਆ ਹੈ, ਮੈਂ ਆਪਣੀ ਮੰਮੀ ਨੂੰ ਫੋਨ ਕਰਨਾ ਹੈ। ਦੀਪੂ ਨੇ ਫੋਨ ਦੇ ਦਿੱਤਾ। ਉਸ ਕੁੜੀ ਨੇ ਸੈਮੀਨਾਰ ਹਾਲ ਤੋਂ ਬਾਹਰ ਜਾ ਕੇ ਗੱਲ ਕੀਤੀ। ਸੈਮੀਨਾਰ ਦੀ ਸਮਾਪਤੀ ਤੋਂ ਬਾਅਦ ਦੀਪੂ ਘਰ ਪੁੱਜ ਗਈ ਤੇ ਦੂਸਰੇ ਦਿਨ ਕਾਲਜ ਦੇ ਪ੍ਰਿੰਸੀਪਲ ਦਾ ਫੋਨ ਆਇਆ, "ਦੀਪੂ ਬੇਟਾ ਜਿਹੜੀ ਕੁੜੀ ਕੱਲ੍ਹ ਤੁਹਾਡੇ ਨਾਲ ਸੀ ਉਹ ਘਰ ਨਹੀਂ ਗਈ। ਉਸ ਦੇ ਘਰਦਿਆਂ ਨੂੰ ਸ਼ੱਕ ਹੈ ਕਿ ਉਸ ਦੀ ਕਿਸੇ ਨਾਲ ਗੱਲ ਸੀ, ਉਹ ਉਸ ਨਾਲ ਚਲੀ ਗਈ ਹੈ। ਸੀ ਸੀ ਟੀ ਵੀ ਕੈਮਰੇ ਤੋਂ ਪਤਾ ਲੱਗਾ ਹੈ ਕਿ ਉਸ ਨੇ ਤੁਹਾਡੇ ਤੋਂ ਫੋਨ ਲੈ ਕੇ ਕੀਤਾ ਹੈ। ਉਸ ਦੇ ਘਰਦਿਆਂ ਦਾ ਕਹਿਣਾ ਹੈ ਕਿ ਜੇ ਤੁਸੀਂ ਉਨ੍ਹਾਂ ਨੂੰ ਉਹ ਨੰਬਰ ਨਾ ਦਿੱਤਾ ਤਾਂ ਥਾਣੇ ਰਿਪੋਰਟ ਕਰ ਦੇਣਗੇ।"

ਦੀਪੂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ, ਉਸ ਨੇ ਜਲਦੀ ਫੋਨ ਚੈੱਕ ਕੀਤਾ, ਪਰ ਉਹ ਨੰਬਰ ਡਿਲੀਟ ਸੀ, ਜਿਸ ਤੋਂ ਉਸ ਕੁੜੀ ਨੇ ਫੋਨ ਕੀਤਾ ਸੀ। ਦੀਪੂ ਦੀਆਂ ਅੱਖਾਂ ਅੱਗੇ ਉਸ ਦੀ ਮਾਂ ਦੇ ਸੁਫਨੇ, ਰੀਝਾਂ ਅਤੇ ਇੱਜ਼ਤ ਬਰਬਾਦ ਹੋਈ ਜਾਪਣ ਲੱਗੀ। ਉਹ ਉਚੀ ਉਚੀ ਰੋਣ ਲੱਗ ਪਈ, ਉਸ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਕਸੂਰ ਕਿਸਦਾ ਹੈ ਭਰੋਸੇ ਦਾ, ਮਾਸੂਮੀਅਤ ਦਾ ਜਾਂ ਫਿਰ ਇਸ ਫੋਨ ਦਾ।




# ਸਾਬਕਾ ਮੰਤਰੀ ਦੇ ਬੇਟੇ ਉਤੇ ਕੇਸ ਦਰਜ, ਪਰ ਰੁਲ ਗਿਆ



ਚੰਡੀਗੜ੍ਹ, 27 ਅਗਸਤ (ਪੋਸਟ ਬਿਊਰੋ)- ਪਟਿਆਲਾ ਦੇ ਇੱਕ ਬਿਜ਼ਨਸਮੈਨ ਨੂੰ ਕਿਡਨੈਪ ਕਰ ਕੇ ਕੁੱਟਮਾਰ ਤੇ ਧਮਕੀ ਦੇਣ ਦੇ ਦੋਸ਼ ਵਿੱਚ ਪੁਲਸ ਨੇ ਪੰਜਾਬ ਦੇ ਸਾਬਕਾ ਮੰਤਰੀ ਇੰਦਰਜੀਤ ਸਿੰਘ ਜ਼ੀਰਾ ਦੇ ਬੇਟੇ ਉੱਤੇ ਇੱਕ ਸਾਲ ਪਹਿਲਾਂ ਕੇਸ ਦਰਜ ਕੀਤਾ ਸੀ, ਪਰ ਉਸ ਨੂੰ ਗ੍ਰਿਫਤਾਰ ਕਰਨ ਦੀ ਥਾਂ ਇੱਕ ਸਾਲ ਬਾਅਦ ਰਿਪੋਰਟ ਭੇਜ ਦਿੱਤੀ ਕਿ ਉਨ੍ਹਾਂ ਨੂੰ ਜ਼ੀਰਾ ਦੇ ਬੇਟੇ ਪ੍ਰਭਜੀਤ ਸਿੰਘ ਦੇ ਖਿਲਾਫ ਕੋਈ ਸਬੂਤ ਨਹੀਂ ਮਿਲੇ, ਇਸ ਲਈ ਇਹ ਕੇਸ ਨਹੀਂ ਬਣਦਾ।

ਇੰਡਸਟਰੀਅਲ ਏਰੀਆ ਥਾਣੇ ਦੇ ਐੱਸ ਐੱਚ ਓ ਨੇ ਸਾਬਕਾ ਮੰਤਰੀ ਦੇ ਪੁੱਤਰ ਪ੍ਰਭਜੀਤ ਸਿੰਘ ਉੱਤੇ ਦਰਜ ਕੇਸ ਰੱਦ ਕਰਨ ਦੀ ਰਿਪੋਰਟ ਤਿਆਰ ਕਰ ਲਈ ਹੈ, ਜਿਹੜੀ ਕੋਰਟ ਵਿੱਚ ਪੇਸ਼ ਕੀਤੀ ਜਾਵੇਗੀ। ਪ੍ਰਭਜੀਤ ਉਤੇ ਪਟਿਆਲਾ ਦੇ ਬਿਜ਼ਨਸਮੈਨ ਹਰਜਿੰਦਰ ਸਿੰਘ ਅਰੋੜਾ ਨੂੰ ਕਿਡਨੈਪ ਕਰਨ ਦੇ ਦੋਸ਼ ਹਨ। ਪਹਿਲਾਂ ਪੁਲਸ ਨੇ ਪ੍ਰਭਜੀਤ 'ਤੇ ਕੇਸ ਵੀ ਦਰਜ ਨਹੀਂ ਕੀਤਾ ਸੀ। ਫਿਰ ਅਰੋੜਾ ਨੇ ਕੋਰਟ ਵਿੱਚ ਅਰਜ਼ੀ ਦਿੱਤੀ ਤਾਂ ਜੁਡੀਸ਼ਲ ਮੈਜਿਸਟਰੇਟ ਨੇ ਪਿਛਲੇ ਸਾਲ ਪ੍ਰਭਜੀਤ ਦੇ ਖਿਲਾਫ ਕੇਸ ਦਰਜ ਕਰਨ ਦੇ ਆਰਡਰ ਕੀਤੇ ਸਨ। ਹਰਜਿੰਦਰ ਸਿੰਘ ਅਰੋੜਾ ਨੇ ਦੱਸਿਆ ਕਿ ਦੋਸ਼ੀ ਦਾ ਪਿਤਾ ਸਾਬਕਾ ਮੰਤਰੀ ਅਤੇ ਭਰਾ ਕੁਲਬੀਰ ਸਿੰਘ ਇਸ ਸਮੇਂ ਵਿਧਾਇਕ ਹੈ, ਇਸ ਲਈ ਪੁਲਸ ਰਾਜਸੀ ਦਬਾਅ ਕਾਰਨ ਕੋਈ ਕਾਰਵਾਈ ਨਹੀਂ ਕਰ ਰਹੀ। ਉਸ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਕਿਹਾ ਕਿ ਪ੍ਰਭਜੀਤ ਨੇ ਉਨ੍ਹਾਂ ਨੂੰ ਉਨ੍ਹਾਂ ਦੀ ਪ੍ਰਾਪਰਟੀ ਦੇ ਕੁਝ ਪੇਪਰ ਮੋੜਨ ਲਈ ਅਲਾਂਤੇ ਮਾਲ ਦੇ ਨੇੜੇ ਬੁਲ-ਾਇਆ ਸੀ ਤੇ ਜਦ ਅਰੋੜਾ ਉਥੇ ਪਹੁੰਚੇ ਤਾਂ ਪ੍ਰਭਜੀਤ ਨੇ ਉਨ੍ਹਾਂ ਨੂੰ ਆਪਣੀ ਗੱਡੀ ਵਿੱਚ ਬਿਠਾ ਲਿਆ, ਜਿਸ ਵਿੱਚ ਉਸ ਦੇ ਸਾਥੀ ਪਹਿਲਾਂ ਤੋਂ ਬੈਠੇ ਸਨ। ਉਨ੍ਹਾਂ ਨੇ ਉਥੇ ਹਰ-ਜਿੰਦਰ ਨੂੰ ਕੁੱਟਿਆ ਅਤੇ ਡਰਾਇਆ ਧਮਕਾਇਆ ਅਤੇ ਬਲੈਂਕ ਪੇਪਰਾਂ ਉਤੇ ਸਾਈਨ ਕਰਵਾ ਲਏ। ਇਹੀ ਨਹੀਂ, ਪ੍ਰਭਜੀਤ ਅਤੇ ਉਸ ਦੇ ਸਾਥੀਆਂ ਨੇ ਹਰਜਿੰਦਰ ਦੀ ਸੋਨੇ ਦੀ ਚੇਨ ਅਤੇ 14 ਹਜ਼ਾਰ 600 ਰੁਪਏ ਵੀ ਖੋਹ ਲਏ। ਉਨ੍ਹਾਂ ਨੇ ਅਰੋੜਾ ਨੂੰ ਪੁਲਸ ਨੂੰ ਸ਼ਿਕਾਇਤ ਨਾ ਕਰਨ ਦੇ ਲਈ ਧਮਕਾਇਆ ਵੀ। ਸ਼ਿਕਾਇਤ ਕਰਤਾ ਹਰਜਿੰਦਰ ਸਿੰਘ ਅਰੋੜਾ ਦਾ ਕਹਿਣਾ ਹੈ ਕਿ ਅਸੀਂ ਇੱਕ ਸਾਲ ਤੋਂ ਧੱਕੇ ਖਾ ਰਹੇ ਹਾਂ, ਪ੍ਰੰਤੂ ਪੁਲਸ ਕੋਈ ਕਾਰਵਾਈ ਨਹੀਂ ਕਰ ਰਹੀ। ਅਸੀਂ ਕਈ ਸਬੂਤ ਪੁਲਸ ਨੂੰ ਦਿੱਤੇ, ਪ੍ਰੰਤੂ ਦੋਸ਼ੀਆਂ ਨੇ ਜੋ ਪੁਲਸ ਨੂੰ ਕਿਹਾ, ਉਨ੍ਹਾਂ ਨੇ ਸੱਚ ਮੰਨ ਲਿਆ। ਅਸੀਂ ਐੱਸ ਐੱਸ ਪੀ ਨੂੰ ਸ਼ਿਕਾਇਤ ਦਿੱਤੀ, ਪਰ ਕਾਰਵਾਈ ਨਹੀਂ ਹੋਈ। ਮੈਂ ਚਾਹੁੰਦਾ ਹਾਂ ਕਿ ਇਸ ਕੇਸ ਬਾਰੇ ਪੰਜਾਬ ਤੋਂ ਬਾਹਰ ਦੇ ਪੁਲਸ ਅਫਸਰ ਤੋਂ ਜਾਂਚ ਕਰਾਈ ਜਾਏ।

# 6500 ਕਰੋੜ ਰੁਪਏ ਪੰਜਾਬ ਸਰਕਾਰ ਕੋਲ ਮੌਜੂਦ, ਪਰ ਖਰਚਣ ਦੀ ਆਗਿਆ ਨਹੀਂ

ਚੰਡੀਗੜ੍ਹ, 27 ਅਗਸਤ (ਪੋਸਟ ਬਿਊਰੋ)- ਪੰਜਾਬ ਵਿੱਚ ਆਏ ਹੜ੍ਹਾਂ ਬਾਰੇ ਅੱਜ ਕੱਲ੍ਹ ਇਕ ਦੂਜੇ 'ਤੇ ਦੋਸ਼ ਲਾਉਣ ਦਾ ਸਿਲਸਿਲਾ ਚੱਲ ਰਿਹਾ ਹੈ। ਲੋਕ ਮਾੜੇ ਹਾਲਾਤ ਤੋਂ ਗੁਜ਼ਰ ਰਹੇ ਹਨ, ਉਨਾਂ ਨੂੰ ਰਾਹਤ ਦੇਣ ਲਈ ਸਰਕਾਰ ਕੋਲ 6500 ਕਰੋੜ ਰੁਪਏ ਦਾ ਫੰਡ ਪਿਆ ਹੈ, ਪਰ ਇਹ ਵਰਤਿਆ ਨਹੀਂ ਜਾ ਸਕਦਾ, ਕਿਉਂਕਿ ਜਿਹੜੇ ਆਫਤ ਪ੍ਰਬੰਧ ਦਾ ਇਹ ਫੰਡ ਪਿਆ ਹੈ, ਉਸ ਵਿੱਚ ਕਈ ਨੁਕਸਾਨ ਇਸ ਫੰਡ ਹੇਠ ਨਹੀਂ ਆਉਂਦੇ। ਇਸ ਵਿੱਚੋਂ ਰਾਹਤ ਲਈ ਕੇਂਦਰ ਸਰਕਾਰ ਦੀ ਕਮੇਟੀ ਨੁਕਸਾਨ ਦਾ ਮੁਲਾਂਕਣ ਕਰੇਗੀ, ਉਸ ਤੋਂ ਬਾਅਦ ਇਨ੍ਹਾਂ ਪੈਸਿਆਂ ਨੂੰ ਖਰਚਿਆ ਜਾ ਸਕਦਾ ਹੈ।

ਵਰਨਣ ਯੋਗ ਹੈ ਕਿ ਆਫਤ ਪ੍ਰਬੰਧ ਲਈ ਵਿੱਤ ਕਮਿਸ਼ਨ ਆਪਣੀ ਰਿਪੋਰਟ 'ਚ ਹੀ ਸਿਫਾਰਸ਼ ਕਰਦਾ ਹੈ ਕਿ ਕਿਸ ਸੂਬੇ ਨੂੰ ਕਿੰਨਾ ਪੈਸਾ ਮਿਲੇਗਾ। ਖਰਚ ਨਾ ਹੋਣ ਉਤੇ ਇਹ ਰਕਮ ਅਗਲੇ ਸਾਲ 'ਚ ਜਮ੍ਹਾਂ ਹੋ ਜਾਂਦੀ ਹੈ। ਪੰਜਾਬ ਨੂੰ ਹਰ ਸਾਲ 600 ਕਰੋੜ ਰੁਪਏ ਦੀ ਰਕਮ ਮਿਲਦੀ ਹੈ। ਪਿਛਲੇ ਸਾਲਾਂ ਦੇ ਬਚੇ ਪੈਸੇ 6500 ਕਰੋੜ 'ਤੇ ਪਹੁੰਚ ਗਏ ਹਨ। ਇਸ ਰਕਮ 'ਚੋਂ ਪੰਜਾਬ ਸਰਕਾਰ ਨੇ ਪਿਛਲੇ 11 ਸਾਲਾਂ ਵਿੱਚ ਕੇਵਲ ਦੋ ਵਾਰ ਪੈਸੇ ਵਰਤੇ ਸਨ। ਪਹਿਲਾਂ 2008 'ਚ ਆਏ ਹੜ੍ਹਾਂ ਮੌਕੇ ਅਤੇ ਉਸ ਤੋਂ ਬਾਅਦ 2015 ਵਿੱਚ ਚਿੱਟੀ ਮੱਖੀ ਵੱਲੋਂ ਕਪਾਹ ਦੀ ਫਸਲ ਨੂੰ



ਤਬਾਹ ਕਰਨ ਮੌਕੇ। ਤੀਸਰੀ ਵਾਰ ਪਿਛਲੇ ਹਫਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 100 ਕਰੋੜ ਰੁਪਏ ਇਸੇ ਆਫਤ ਪ੍ਰਬੰਧ ਦੀ ਰਕਮ ਤੋਂ ਜਾਰੀ ਕੀਤੇ ਹਨ। ਇਸ ਬਾਰੇ ਕੈਬਨਿਟ ਸਕੱਤਰ ਵੱਲੋਂ ਕੀਤੀ ਮੀਟਿੰਗ 'ਚ ਪੰਜਾਬ ਸਰਕਾਰ ਨੇ 1700 ਕਰੋੜ ਰੁਪਏ ਦਾ ਨੁਕਸਾਨ ਹੋਣ ਦਾ ਡਰ ਪ੍ਰਗਟ ਕੀਤਾ ਹੈ। ਇਸ ਵਿੱਚੋਂ 100 ਕਰੋੜ ਰੁਪਏ ਰਿਲੀਜ਼ ਕੀਤੇ ਗਏ ਹਨ, ਪਰ ਜਦ ਤੱਕ ਪਾਣੀ ਨਹੀਂ ਉਤਰਦਾ ਤੇ ਨਵੇਂ ਸਿਰੇ ਤੋਂ ਸਰਵੇ ਰਿਪੋਰਟ ਬਣਦੀ, ਉਦੋਂ ਤੱਕ ਨੁਕਸਾਨ ਦਾ ਸਹੀ ਮੁਲਾਂਕਣ ਕਰਨਾ ਮੁਸ਼ਕਿਲ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੇਂਦਰੀ ਆਗੂਆਂ ਨਾਲ ਸੰਪਰਕ ਕਰਨ ਤੋਂ ਬਾਅਦ ਕੇਂਦਰੀ ਟੀਮ ਨੇ ਜਲਦੀ ਦੌਰਾ ਕਰਨ ਨੂੰ ਹਰੀ ਝੰਡੀ ਦੇ ਦਿੱਤੀ ਹੈ। ਪੰਜਾਬ ਦੇ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੇ ਕੱਲ੍ਹ ਸਕੱਤਰਾਂ ਦੇ ਆਫਤ ਪ੍ਰਬੰਧ ਗਰੁੱਪ ਦੀ ਉਚ ਪੱਧਰੀ ਮੀਟਿੰਗ ਵਿੱਚ ਪੰਜਾਬ ਵਿੱਚ ਚੱਲ ਰਹੇ ਹੜ੍ਹ ਰਾਹਤ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਨੇ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਕਾਰਜਾਂ ਲਈ ਲੋੜੀਂਦੇ ਫੰਡ ਤੁਰੰਤ ਜਾਰੀ ਕਰਨ ਦੇ ਆਦੇਸ਼ ਦਿੱਤੇ। ਅਧਿਕਾਰੀਆਂ ਨੂੰ ਰਾਹਤ ਕਾਰਜਾਂ ਨੂੰ ਹੋਰ ਤੇਜ਼ ਕਰਨ ਦੀ ਹਦਾਇਤ ਕਰਦਿਆਂ ਮੁੱਖ ਸਕੱਤਰ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਪ੍ਰਭਾਵਿਤ ਜ਼ਿਲਿਆਂ ਵਿੱਚ ਬਿਮਾਰੀਆਂ ਤੋਂ ਬਚਾਅ ਲਈ ਦਵਾਈਆਂ ਦੀ ਸਪਲਾਈ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਦੇ ਅਧਿਕਾਰੀਆਂ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਖਾਣ ਪੀਣ ਦਾ ਸਾਮਾਨ ਪੁਚਾਉਣ ਦੇ ਵੀ ਨਿਰਦੇਸ਼ ਦਿੱਤੇ।

## ਬਰਗਾੜੀ ਕਲੋਜ਼ਰ ਰਿਪੋਰਟ:

# ਸ਼ਿਕਾਇਤ ਕਰਤਾ ਨੇ ਮਹਿੰਦਰਪਾਲ ਬਿੱਟੂ ਦੇ ਬਿਆਨਾਂ ਦੀ ਕਾਪੀ ਮੰਗੀ

ਐਸ ਏ ਐਸ ਨਗਰ (ਮੁਹਾਲੀ), 27 ਅਗਸਤ (ਪੋਸਟ ਬਿਊਰੋ)- ਚਾਰ ਸਾਲ ਪਹਿਲਾਂ ਦੇ ਬੇਅਦਬੀ ਕੇਸ ਸਬੰਧੀ ਕਲੋਜ਼ਰ ਰਿਪੋਰਟ ਬਾਰੇ ਕੱਲ੍ਹ ਮੁਹਾਲੀ ਦੀ ਵਿਸ਼ੇਸ਼ ਸੀ ਬੀ ਆਈ ਅਦਾਲਤ ਵਿੱਚ ਸੁਣਵਾਈ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ ਜੀ ਪੀ ਸੀ) ਦੇ ਪਿੰਡ ਬਰਗਾੜੀ ਵਾਲੇ ਇਤਿਹਾਸਕ ਗੁਰਦੁਆਰੇ ਦੇ ਮੈਨੇਜਰ ਅਤੇ ਇਸ ਕੇਸ ਦੇ ਸ਼ਿਕਾਇਤ ਕਰਤਾ ਗਿਆਨੀ ਕੁਲਵਿੰ-ਦਰ ਸਿੰਘ ਨੇ ਹਾਈ ਕੋਰਟ ਦੇ ਸੀਨੀਅਰ ਵਕੀਲ ਬੀ ਐਸ ਸੋਬਤੀ ਅਤੇ ਐਚ ਐਸ ਧਨੋਆ ਰਾਹੀਂ ਅਦਾਲਤ ਵਿੱਚ ਅਰਜ਼ੀ ਦਾਇਰ ਕਰਕੇ ਡੇਰਾ ਪ੍ਰੇਮੀ ਮਰਹੂਮ ਮਹਿੰਦਰਪਾਲ ਬਿੱਟੂ ਦੇ ਧਾਰਾ 164 ਵਾਲੇ ਬਿਆਨਾਂ ਦੀ ਕਾਪੀ ਮੰਗੀ ਹੈ। ਉਨ੍ਹਾਂ ਆਖਿਆ ਕਿ ਬਿੱਟੂ ਨੇ ਆਪਣੇ ਬਿਆਨਾਂ ਵਿੱਚ ਇਹ ਜੁਰਮ ਕਬੂਲ ਕੀਤਾ ਸੀ।

ਇਸੇ ਦੌਰਾਨ ਸਾਬਕਾ ਵਿਧਾਇਕ ਹਰਬੰਸ ਲਾਲ ਜਲਾਲ ਨਿੱਜੀ ਤੌਰ ਉਤੇ ਸੀ ਬੀ ਆਈ ਅਦਾਲਤ ਵਿੱਚ ਪੇਸ਼ ਹੋਏ ਅਤੇ ਸੀ ਬੀ ਆਈ ਦੀ ਕਲੋਜ਼ਰ ਰਿਪੋਰਟ ਨੂੰ ਚੁਣੌਤੀ ਦੇਣ




ਲਈ ਅਰਜ਼ੀ ਦਾਇਰ ਕੀਤੀ। ਉਨ੍ਹਾਂ ਨੇ ਜੱਜ ਨੂੰ ਦਰਖਾਸਤ ਦੇ ਕੇ ਮੰਗ ਕੀਤੀ ਕਿ ਕੇਸ ਦੀ ਸੁਣਵਾਈ ਦੌਰਾਨ ਉਨ੍ਹਾਂ ਨੂੰ ਮੁੱਦਈ ਵਜੋਂ ਸੁਣਿਆ ਜਾਵੇ ਅਤੇ ਉਨ੍ਹਾਂ ਦੇ ਬਿਆਨ ਲਿਖੇ ਜਾਣ। ਸਾਬਕਾ ਵਿਧਾਇਕ ਨੇ ਕਿਹਾ ਕਿ ਉਹ ਕੇਸ ਦੀ ਪੈਰਵੀ ਲਈ ਕੋਈ ਵਕੀਲ ਨਹੀਂ ਕਰਨਾ ਚਾਹੁੰਦੇ, ਖੁਦ ਪੈਰਵੀ ਕਰਨਗੇ।

ਦੂਸਰੇ ਪਾਸੇ ਸੀ ਬੀ ਆਈ ਦੀ ਜਾਂਚ ਟੀਮ ਨੇ ਸੀ ਬੀ ਆਈ ਅਦਾਲਤ ਵਿੱਚ ਪਹੁੰਚ ਕੀਤੀ ਤੇ ਜਵਾਬ ਪੇਸ਼ ਕਰਨ ਲਈ ਕੁਝ ਦਿਨਾਂ ਦੀ ਮੋਹਲਤ ਮੰਗੀ ਹੈ। ਅਦਾਲਤ ਨੇ ਵੱਖ-ਵੱਖ ਪਹਿਲੂਆਂ 'ਤੇ ਵਿਚਾਰ ਪਿੱਛੋਂ ਕੇਸ ਦੀ ਅਗਲੀ ਸੁਣਵਾਈ ਚਾਰ ਸਤੰਬਰ ਨੂੰ ਰੱਖੀ ਹੈ। ਸੀ ਬੀ ਆਈ ਜਾਂਚ ਟੀਮ ਨੇ ਕੁਝ ਦਿਨ ਪਹਿਲਾਂ ਮੁਹਾਲੀ ਦੀ ਸੀ ਬੀ ਆਈ ਅਦਾਲਤ ਵਿੱਚ ਬੇਅਦਬੀ ਮਾਮਲੇ ਸਬੰਧੀ ਕਲੋਜ਼ਰ ਰਿਪੋਰਟ ਦਾਇਰ ਕਰਕੇ ਇਸ ਕੇਸ ਬੰਦ ਕਰਨ ਦੀ ਅਪੀਲ ਕੀਤੀ ਸੀ। ਇਸ ਰਿਪੋਰਟ ਵਿੱਚ ਸੀ ਬੀ ਆਈ ਨੇ ਮਰਹੂਮ ਮਹਿੰਦਰਪਾਲ ਬਿੱਟੂ ਸਮੇਤ ਤਿੰਨ ਡੇਰਾ ਪ੍ਰੇਮੀਆਂ ਸ਼ਕਤੀ ਸਿੰਘ ਅਤੇ ਸੁਖਜਿੰਦਰ ਸਿੰਘ ਉਰਫ ਸੰਨੀ ਨੂੰ ਕਲੀਨ ਚਿੱਟ ਦਿੰਦਿਆਂ ਕਿਹਾ ਹੈ ਕਿ ਉਨ੍ਹਾਂ ਖਿਲਾਫ ਕੋਈ ਠੋਸ ਸਬੂਤ ਨਹੀਂ ਮਿਲਿਆ ਅਤੇ ਨਾ ਹੀ ਕੋਈ ਮੌਕੇ ਦਾ ਗਵਾਹ ਮਿਲਦਾ ਹੈ, ਇਸ ਲਈ ਇਹ ਸੰਵੇਦਨਸ਼ੀਲ ਕੇਸ ਬੰਦ ਕੀਤਾ ਜਾਣਾ ਬਣਦਾ ਹੈ।

# ਦੋ ਰੁਪਏ ਦੇ ਝਗੜੇ ਵਿੱਚ ਤੇਜ਼ਧਾਰ ਹਥਿਆਰਾਂ ਨਾਲ ਹਮਲਾ

ਜਲੰਧਰ, 27 ਅਗਸਤ (ਪੋਸਟ ਬਿਊਰੋ)- ਥਾਣਾ ਰਾਮਾ ਮੰਡੀ ਦੀ ਹੱਦ ਵਿਚਲੇ ਲੰਮਾ ਪਿੰਡ ਲਾਗੇ ਐਕਟਿਵਾ 'ਤੇ ਘਰ ਜਾ ਰਹੇ ਇਕ ਦੁਕਾਨਦਾਰ 'ਤੇ ਕੁਝ ਨੌਜਵਾਨਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਜ਼ਖਮੀ ਕਰ ਦਿੱਤਾ। ਪੁਲਸ ਨੇ ਦੋ ਸਕੇ ਭਰਾਵਾਂ ਸਮੇਤ ਪੰਜ 'ਤੇ ਮਾਮਲਾ ਦਰਜ ਕਰਕੇ ਭਾਲ ਸ਼ੁਰੂ ਕਰ ਦਿੱਤੀ ਹੈ।

ਲੰਮਾ ਪਿੰਡ ਵਾਸੀ ਇੰਦਰਜੀਤ ਸਿੰਘ ਪੁੱਤਰ ਸਤਨਾਮ ਸਿੰਘ ਨੇ ਥਾਣਾ ਰਾਮਾ ਮੰਡੀ ਦੀ ਪੁਲਸ ਨੂੰ ਦੱਸਿਆ ਕਿ ਉਹ ਇਲਾਕੇ ਵਿੱਚ ਆਪਣੇ ਪਿਤਾ ਨਾਲ ਮਿਲ ਕੇ ਸਾਈਬਰ ਕੈਫੇ ਤੇ ਫੋਟੋ ਸਟੇਟੇ ਦੀ ਦੁਕਾਨ ਚਲਾਉਂਦਾ ਹੈ। ਬੁੱਧਵਾਰ ਸਵੇਰੇ ਕਰਨ ਅਤੇ ਹੈਰੀ ਕੁਝ ਕਾਗਜ਼ਾਂ ਦੀ ਫੋਟੋ ਸਟੇਟ ਕਰਾਉਣ ਲਈ ਦੁਕਾਨ 'ਤੇ ਆਏ, ਜਦੋਂ ਉਸ ਨੇ ਫੋਟੋ ਸਟੇਟ ਕਰਨ ਮਗਰੋਂ ਪੈਸੇ ਮੰਗੇ ਤਾਂ ਉਨ੍ਹਾਂ ਦੋ ਰੁਪਏ ਘੱਟ ਦਿੱਤੇ। ਦੋ ਰੁਪਏ ਮੰਗੇ ਗਏ ਤਾਂ ਗਾਲੀ ਗਲੋਚ ਕਰਨ ਲੱਗੇ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਕੇ ਚਲੇ ਗਏ। ਰਾਤ ਵੇਲੇ ਜਦੋਂ ਉਹ



ਐਕਟਿਵਾ 'ਤੇ ਘਰ ਜਾ ਰਿਹਾ ਤਾਂ ਮੋਟਰ ਸਾਈਕਲ ਉਤੇ ਆਏ ਤਿੰਨ ਨੌਜਵਾਨਾਂ ਨੇ ਉਸ ਨੂੰ ਰੋਕ ਲਿਆ ਤੇ ਕੁੱਟਮਾਰ ਸ਼ੁਰੂ ਕਰ ਦਿੱਤੀ। ਇਕ ਹੋਰ ਨੌਜਵਾਨ ਨੇ ਰਾਡ ਨਾਲ ਉਸ 'ਤੇ ਹਮਲਾ ਕਰ ਦਿੱਤਾ। ਇਸ ਦੌਰਾਨ ਉਸ ਦੀ ਪੱਗ ਵੀ ਹੇਠਾਂ ਡਿੱਗ ਪਈ, ਪਰ ਹਮਲਾਵਰ ਉਸ ਨੂੰ ਕੁੱਟਦੇ ਰਹੇ। ਇੰਦਰਜੀਤ ਨੇ ਭੱਜ ਕੇ ਇਕ ਦੁਕਾਨ 'ਚ ਲੁਕ ਕੇ ਜਾਨ ਬਚਾਈ ਤੇ ਹਮਲਾਵਰ ਭੱਜ ਗਏ। ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ ਤਾਂ ਉ ਨੇ ਮੌਕੇ 'ਤੇ ਪੁੱਜ ਕੇ ਆਲੇ ਦੁਆਲੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਚੈਕ ਕਰਨ ਤੋਂ ਬਾਅਦ ਮਾਮਲੇ ਦੀ ਜਾਂਚ ਸ਼ੁਰੂ ਕੀਤੀ।

# ਅਕਾਲੀ ਸਰਕਾਰ ਦੌਰਾਨ ਬਣੇ ਕੇਸ ਵਿੱਚ ਲੋਕ ਸਭਾ ਮੈਂਬਰ ਬਿੱਟੂ ਅਦਾਲਤ ਤੋਂ ਬਰੀ

ਲੁਧਿਆਣਾ, 27 ਅਗਸਤ (ਪੋਸਟ ਬਿਊਰੋ)- ਪੰਜਾਬ ਵਿੱਚ ਅਕਾਲੀ-ਭਾਜਪਾ ਸਰਕਾਰ ਦੇ ਰਾਜ ਵਿੱਚ ਸਾਲ 2011 ਵਿੱਚ ਸਿਆਸੀ ਰੰਜਿਸ਼ ਹੇਠ ਚੰਡੀਗੜ੍ਹ ਵਿੱਚ ਪਾਰਲੀਮੈਂਟ ਮੈਂਬਰ ਰਵਨੀਤ ਸਿੰਘ ਬਿੱਟੂ ਉੱਤੇ ਦਰਜ ਕੀਤੇ ਕੇਸ ਵਿੱਚ ਅਦਾਲਤ ਨੇ ਸੱਤ ਸਾਲ ਚੱਲੀ ਲੰਮੀ ਕਾਨੂੰਨੀ ਪ੍ਰਕਿਰਿਆ ਪਿੱਛੋਂ ਕੱਲ੍ਹ ਬਿੱਟੂ ਨੂੰ ਬਰੀ ਕਰ ਦਿੱਤਾ। ਵਰਣਨ ਯੋਗ ਹੈ ਕਿ ਚੰਡੀਗੜ੍ਹ ਪੁਲਸ ਨੇ ਸੈਕਟਰ 11 ਦੇ ਥਾਣੇ ਵਿੱਚ ਪਾਰਲੀਮੈਂਟ ਮੈਂਬਰ ਬਿੱਟੂ ਦੇ ਖਿਲਾਫ ਧਾਰਾ 144 ਦੀ ਉਲੰਘਣਾ ਕਰਨ, ਪੀ ਜੀ ਆਈ ਦੇ ਬਾਹਰ ਰੋਸ ਪ੍ਰਦਰਸ਼ਨ ਕਰ ਕੇ ਸਰਕਾਰੀ ਪ੍ਰਾਪਰਟੀ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਵਿੱਚ 17 ਮਾਰਚ 2011 ਨੂੰ ਕੇਸ ਦਰਜ ਕੀਤਾ ਸੀ, ਜਦ ਕਿ ਬਿੱਟੂ ਪੀ ਜੀ ਆਈ ਗਏ ਹੀ ਨਹੀਂ ਸਨ। ਲਗਭਗ ਸਾਢੇ ਸੱਤ ਸਾਲ ਤੱਕ ਚੰਡੀਗੜ੍ਹ ਦੀ ਅਦਾਲਤ ਵਿੱਚ ਚੱਲੀ ਕਾਨੂੰਨੀ ਜੰਗ ਵਿੱਚ ਰਵਨੀਤ ਬਿੱਟੂ ਦੇ ਵਕੀਲ ਐਡਵੋਕੇਟ ਤਰਮਿੰਦਰ ਸਿੰਘ ਨੇ ਸਰਕਾਰੀ ਪੱਖ ਦੇ ਦੋਸ਼ਾਂ ਨੂੰ ਕੋਰਾ ਝੂਠ ਦੱਸ ਕੇ ਰਾਜਸੀ ਰੰਜਿਸ਼ ਸਾਬਤ ਕੀਤਾ। ਉਥੇ ਸਰਕਾਰੀ ਪੱਖ ਚੰਡੀਗੜ੍ਹ ਵਿੱਚ ਕੇਸ ਦਰਜ ਕਰਨ ਵਾਲੇ ਦਿਨ ਚੰਡੀਗੜ੍ਹ ਵਿੱਚ ਧਾਰਾ 144 ਲਾਗੂ ਹੋਣ, ਬਿੱਟੂ ਦੀ ਪੀ ਜੀ ਆਈ ਵਿੱਚ ਮੌਜੂਦਗੀ, ਸਰਕਾਰੀ ਪ੍ਰਾਪਰਟੀ ਦੀ ਤੋੜਭੰਨ ਅਤੇ ਹੋਰ ਦੋਸ਼ ਸਾਬਤ ਨਹੀਂ ਹੋ ਸਕੇ। ਸਰਕਾਰੀ ਪੱਖ ਵੱਲੋਂ ਬਿੱਟੂ ਦੇ ਖਿਲਾਫ ਲਾਏ ਦੋਸ਼ ਸਾਬਤ ਨਾ ਹੋਣ 'ਤੇ ਚੰਡੀਗੜ੍ਹ ਦੀ ਅਦਾਲਤ ਵਿੱਚ ਜੱਜ ਸਚਿਨ ਕੁਮਾਰ ਤਿਆਗੀਨੇ ਕੱਲ੍ਹ ਪਾਰਲੀਮੈਂਟ ਮੈਂਬਰ ਬਿੱਟੂ ਨੂੰ ਬਾਇੱਜ਼ਤ ਬਰੀ ਕਰ ਦਿੱਤਾ।

# ਪਾਵਰਕਾਮ ਦੇ ਹੈੱਡ ਕੈਸ਼ੀਅਰ ਨੇ ਦਸ ਲੱਖ ਹੜੱਪਣ ਲਈ ਲੁੱਟ ਦਾ ਡਰਾਮਾ ਰਚਿਆ

ਲੁਧਿਆਣਾ, 27 ਅਗਸਤ (ਪੋਸਟ ਬਿਊਰੋ)- ਪਾਵਰਕਾਮ ਦੇ ਹੈੱਡ ਕੈਸ਼ੀਅਰ ਨੇ ਆਪਣੇ ਸਿਰ ਚੜ੍ਹੇ ਕਰਜ਼ੇ ਉਤਾਰਨ ਲਈ ਲੁੱਟ ਦੀ ਝੂਠੀ ਕਹਾਣੀ ਰਚੀ ਤੇ ਖੁਦ ਹੀ ਦੋ ਦੋਸਤਾਂ ਨਾਲ ਮਿਲ ਕੇ ਵਾਰਦਾਤ ਵਿਖਾ ਦਿੱਤੀ। ਪੁਲਸ ਨੇ ਤਿੰਨਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਬਾਰੇ ਅਗਲੀ ਜਾਂਚ ਕੀਤੀ ਜਾ ਰਹੀ ਹੈ।



ਹੈਬੋਵਾਲ ਵਾਸੀ ਰਾਜਿੰਦਰਪਾਲ ਸਿੰਘ ਨੇ ਸ਼ਾਮ ਕਰੀਬ ਚਾਰ ਵਜੇ ਪੁਲਸ ਕੰਟਰੋਲ ਰੂਮ ਨੂੰ ਸੂਚਨਾ ਦਿੱਤੀ ਕਿ ਪੀ ਏ ਯੂ ਗੇਟ ਦੇ ਸਾਹਮਣੇ ਉਸ ਨਾਲ ਲੁੱਟ ਹੋਈ ਹੈ। ਉਸ ਨੇ ਕਿਹਾ ਸੀ ਕਿ ਉਹ ਕਿਚਲੂ ਨਗਰ ਦੇ ਪਾਵਰਕਾਮ ਦੀ ਬ੍ਰਾਂਚ ਤੋਂ ਬਿਜਲੀ ਬਿੱਲਾਂ ਦੇ ਦਸ ਲੱਖ ਰੁਪਏ ਨਾਲ ਬੀ ਆਰ ਐੱਸ ਨਗਰ ਬ੍ਰਾਂਚ ਵਿੱਚ ਜਮ੍ਹਾ ਕਰਾਉਣ ਚੱਲਿਆ ਸੀ ਅਤੇ ਪੈਸਿਆਂ ਦਾ ਬੈਗ ਮੋਟਰ ਸਾਈਕਲ ਦੇ ਅੱਗੇ ਰੱਖਿਆ ਸੀ। ਪਿੱਛੋਂ ਮੋਟਰ ਸਾਈਕਲ 'ਤੇ ਦੋ ਨੌਜਵਾਨਾਂ ਨੇ ਉਸ ਦੀ ਬਾਂਹ 'ਤੇ ਦਾਤਰ ਮਾਰ ਕੇ ਪੈਸਿਆਂ ਦਾ ਬੈਗ ਖੋਹ ਲਿਆ ਤੇ ਫਰਾਰ ਹੋ ਗਏ। ਤਿੰਨ ਘੰਟੇ ਜਾਂਚ ਪਿੱਛੋਂ ਪੁਲਸ ਨੂੰ ਪਤਾ ਲੱਗਾ ਕਿ ਇਹ ਪੂਰਾ ਮਾਮਲਾ ਝੂਠਾ ਹੈ। ਰਾਜਿੰਦਰ ਸਿੰਘ ਨੇ ਆਪਣੇ ਦੋ ਦੋਸਤਾਂ ਅਭਿਸ਼ੇਕ ਤੇ ਮਨੀ ਨਾਲ ਮਿਲ ਕੇ ਕਹਾਣੀ ਬਣਾਈ ਹੈ। ਉਸ ਨੇ ਪੁਲਸ ਨੂੰ ਦੱਸਿਆ ਸੀ ਕਿ ਦੋਸ਼ੀ ਉਸ 'ਤੇ ਦਾਤਰ ਨਾਲ ਹਮਲਾ ਕਰ ਕੇ ਜ਼ਖਮੀ ਕਰਨ ਦੇ ਬਾਅਦ ਉਸ ਤੋਂ ਪੈਸੇ ਲੁੱਟ ਕੇ ਲੈ ਗਏ ਹਨ, ਪਰ ਉਸ ਦੇ ਹੱਥ ਉਤੇ ਜੋ ਜ਼ਖਮ ਦੇ ਨਿਸ਼ਾਨ ਸਨ, ਉਹ ਦਾਤਰ ਦੇ ਨਿਸ਼ਾਨ ਨਹੀਂ ਲੱਗਦੇ ਸਨ, ਕਿਸੇ ਬਲੇਡ ਨਾਲ ਮਾਰੇ ਲੱਗਦੇ ਸਨ। ਇਸ ਦੇ ਬਾਅਦ ਪੁਲਸ ਨੇ ਆਸਪਾਸ ਇਸ ਬਾਰੇ ਪੁੱਛਗਿੱਛ ਕੀਤੀ ਤਾਂ ਪਤਾ ਲੱਗਾ ਕਿ ਘਟਨਾ ਵਾਲੀ ਜਗ੍ਹਾ 'ਤੇ ਕਿਸੇ ਨੇ ਇਹ ਵਾਰਦਾਤ ਹੁੰਦੀ ਨਹੀਂ ਦੇਖੀ ਸੀ, ਜਿਸ ਕਾਰਨ ਪੁਲਸ ਦਾ ਸ਼ੱਕ ਪੱਕਾ ਹੋ ਗਿਆ। ਰਾਜਿੰਦਰ ਸਿੰਘ ਦੇ ਪਿਤਾ ਚਮਕੌਰ ਸਿੰਘ ਪੀ ਐੱਸ ਪੀ ਸੀ ਐੱਲ ਵਿੱਚ ਜੇ ਈ ਸਨ ਅਤੇ ਨੌਕਰੀ ਦੌਰਾਨ ਉਨ੍ਹਾਂ ਦੀ ਮੌਤ ਦੇ ਬਾਅਦ ਰਾਜਿੰਦਰ ਸਿੰਘ ਨੂੰ ਕੈਸ਼ੀਅਰ ਦੀ ਨੌਕਰੀ ਮਿਲੀ ਸੀ। ਅੱਠ ਮਹੀਨੇ ਪਹਿਲਾਂ ਉਸ ਦਾ ਵਿਆਹ ਹੋਇਆ ਸੀ ਅਤੇ ਉਹ ਨਸ਼ੇ ਦਾ ਆਦੀ ਸੀ। ਐਸ਼ਪ੍ਰਸਤੀ ਦੇ ਲਈ ਉਸ ਨੇ ਕਾਫੀ ਜਗ੍ਹਾ ਤੋਂ ਕਰਜ਼ਾ ਲਿਆ ਹੋਇਆ ਸੀ।

# ਐਨ ਆਰ ਆਈ ਦੀ ਪਤਨੀ ਅਤੇ ਉਸ ਦੀ ਭੈਣ ਨਾਲ ਲੁੱਟ-ਖੋਹ

ਜਲੰਧਰ, 27 ਅਗਸਤ (ਪੋਸਟ ਬਿਊਰੋ)- ਲੋਹੀਆਂ ਤੋਂ ਐਕਟਿਵਾ ਸਕੂਟਰੀ 'ਤੇ ਜਲੰਧਰ ਆ ਰਹੀ ਐਨ ਆਰ ਆਈ ਦੀ ਪਤਨੀ ਤੇ ਭੈਣ ਤੋਂ ਬੁਲੇਟ ਸਵਾਰ ਅਣਪਛਾਤੇ ਲੁਟੇਰੇ ਅੱਠ ਲੱਖ ਰੁਪਏ ਮੁੱਲ ਦਾ ਸੋਨਾ, ਮੋਬਾਈਲਸ ਨਕਦੀ ਅਤੇ ਮਹੱਤਵ ਪੂਰਨ ਕਾਗਜ਼ਾਂ ਨਾਲ ਭਰਿਆ ਬੈਗ ਖੋਹ ਕੇ ਫਰਾਰ ਹੋ ਗਏ।

ਲੁੱਟ ਦਾ ਸ਼ਿਕਾਰ ਹੋਈ ਪੂਜਾ ਦਾ ਪਤੀ ਯੋਗੇਸ਼ ਕੁਮਾਰ ਸਾਊਦੀ ਅਰਬ ਵਿੱਚ ਹੈ। ਜਲੰਧਰ ਦੇ ਬਸਤੀ ਸ਼ੇਖ ਵਿੱਚ ਰਹਿੰਦੀ ਉਸ ਦੀ ਵਕੀਲ ਭੈਣ ਦੀਕਸ਼ਾ ਸ਼ਰਮਾ ਨੇ ਇਸ ਬਾਰੇ ਨਕੋਦਰ ਦੇ ਥਾਣਾ ਸਦਰ ਨੂੰ ਸ਼ਿਕਾਇਤ ਕੀਤੀ ਹੈ। ਦੀਕਸ਼ਾ ਸ਼ਰਮਾ ਨੇ ਪੁਲਸ ਨੂੰ ਦੱਸਿਆ ਹੈ ਕਿ ਉਸ ਦੀ ਭੈਣ ਪੂਜਾ ਦੇ ਸਹੁਰੇ ਰਾਈਵਲ ਬੇਟ ਤੋਂ ਸ਼ੁੱਕਰਵਾਰ ਸ਼ਾਮ ਕਰੀਬ ਪੰਜ ਵਜੇ ਐਕਟਿਵਾ 'ਤੇ ਸਵਾਰ ਹੋ ਕੇ ਜਲੰਧਰ ਆ ਰਹੇ ਸਨ ਤਾਂ ਰਸਤੇ ਵਿੱਚ ਪਿੰਡ ਕੁਲਾਰ ਦੇ ਕੋਲ ਬੁਲੇਟ ਸਵਾਰ ਦੋ ਅਣਪਛਾਤੇ ਲੁਟੇਰਿਆਂ ਨੇ ਉਨ੍ਹਾਂ ਨੂੰ ਧੱਕਾ ਮਾਰ ਕੇ ਸੁੱਟ ਦਿੱਤਾ ਅਤੇ ਉਨ੍ਹਾਂ ਤੋਂ ਗਹਿਣਿਆਂ ਤੇ ਨਕਦੀ ਦਾ ਭਰਿਆ ਬੈਗ ਖੋਹ ਕੇ ਫਰਾਰ ਹੋ ਗਏ। ਬੈਗ ਵਿੱਚ 45 ਤੋਲੇ ਸੋਨੇ ਦੇ ਗਹਿਣਿਆਂ ਦੇ ਇਲਾਵਾ 4500 ਰੁਪਏ, ਪੂਜਾ ਦੇ ਐਨ ਆਰ ਆਈ ਪਤੀ ਦਾ ਆਧਾਰ ਕਾਰਡ, ਪੈਨ ਕਾਰਡ, ਵੀਵੋ ਦਾ ਇਕ ਮੋਬਾਈਲ, ਐਕਸਿਸ ਅਤੇ ਐਚ ਡੀ ਐਫ ਸੀ ਬੈਂਕ ਦੇ ਏ ਟੀ ਐਮ ਕਾਰਡ ਅਤੇ ਹੋਰ ਕਈ ਜ਼ਰੂਰੀ ਦਸਤਾਵੇਜ਼ ਸਨ। ਨਕੋਦਰ ਪੁਲਸ ਨੇ ਜਾਂਚ ਲਈ ਏ ਐਸ ਆਈ ਪਰਮਜੀਤ ਨੂੰ ਨਿਯੁਕਤ ਕੀਤਾ ਹੈ, ਪਰ ਹਾਲੇ ਇਸ ਮਾਮਲੇ ਵਿੱਚ ਕੋਈ ਕੇਸ ਦਰਜ ਨਹੀਂ ਕੀਤਾ।

# ਪੁਲਸ ਵੱਲੋਂ 39 ਮੋਟਰ ਸਾਈਕਲਾਂ ਸਣੇ 52 ਗੱਡੀਆਂ ਨੀਲਾਮ

ਬਠਿੰਡਾ, 27 ਅਗਸਤ (ਪੋਸਟ ਬਿਊਰੋ)- ਚੋਰੀ ਦੇ ਕੇਸਾਂ ਵਿੱਚ ਬਰਾਮਦ ਵਾਹਨਾਂ ਦੇ ਮਾਲਕਾਂ ਨੂੰ ਪੁਲਸ ਨਹੀਂ ਲੱਭ ਸਕੀ, ਜਿਸ ਕਾਰਨ ਕੋਤਵਾਲੀ ਪੁਲਸ ਨੇ ਚੋਰੀ ਦੇ ਕੇਸਾਂ ਵਿੱਚ ਫੜੇ 52 ਦੇ ਕਰੀਬ ਵਾਹਨਾਂ ਨੂੰ ਨੀਲਾਮ ਕਰ ਦਿੱਤਾ ਹੈ। ਨਿਯਮਾਂ ਅਨੁਸਾਰ ਅਜਿਹੇ ਕੇਸਾਂ ਵਿੱਚ ਮਾਲਖਾਨੇ ਵਿੱਚ ਪਏ ਵਾਹਨਾਂ ਨੂੰ ਨੀਲਾਮ ਕਰਨ ਲਈ ਅਦਾਲਤ ਤੋਂ ਮਨਜ਼ੂਰੀ ਲੈਣੀ ਪੈਂਦੀ ਹੈ ਅਤੇ ਉਸ ਪਿੱਛੋਂ ਨੀਲਾਮੀ ਨਾਲ ਪਹਿਲਾਂ ਸੰਬੰਧਤ ਵਾਹਨ ਮਾਲਕਾਂ ਨੂੰ ਵਾਹਨ ਦੀ ਸਪੁਰਦਦਾਰੀ ਦਾ ਮੌਕਾ ਅਤੇ ਦਿੱਤਾ ਜਾਂਦਾ ਹੈ। ਇਸ ਦੇ ਬਾਵਜੂਦ ਕੋਈ ਮਾਲਕ ਰੁਚੀ ਨਾ ਦਿਖਾਵੇ ਤਾਂ ਵਾਹਨਾਂ ਨੂੰ ਨੀਲਾਮ ਕਰ ਦਿੱਤਾ ਜਾਂਦਾ ਹੈ। ਕੋਤਵਾਲੀ ਦੇ ਮਾਲਖਾਨੇ ਵਿੱਚ ਕਬਾੜ ਹੋ ਰਹੇ ਵਾਹਨਾਂ ਦਾ ਕੋਈ ਵਾਰਿਸ ਨਾ ਮਿਲਣ ਕਾਰਨ ਪੁਲਸ ਨੇ ਸ਼ਨੀਵਾਰ ਨੂੰ ਅਨਾਜ ਮੰਡੀ ਵਿੱਚ ਕੋਤਵਾਲੀ ਦੇ ਮਾਲਖਾਨੇ ਅੱਗੇ ਖੁੱਲ੍ਹੀ ਨੀਲਾਮੀ ਦਾ ਸੱਦਾ ਦਿੱਤਾ। ਰਜਿਸਟਰਡ ਕਰਾਉਣ ਦੇ ਬਾਅਦ ਲੋਕ ਨੀਲਾਮੀ ਵਿੱਚ ਸ਼ਾਮਲ ਹੋਏ ਅਤੇ 52 ਦੇ ਕਰੀਬ ਦੋ ਪਹੀਆ ਅਤੇ ਚੌਪਹੀਆ ਵਾਹਨਾਂ ਨੂੰ 2,66,400 ਵਿੱਚ ਖਰੀਦ ਲਿਆ। ਕਈ ਸਾਲਾਂ ਤੋਂ ਵੱਖ-ਵੱਖ ਕੇਸਾਂ ਵਿੱਚ ਥਾਣਿਆਂ ਵਿੱਚ ਜ਼ਬਤ ਵਾਹਨਾਂ ਦੀ ਹਾਲਤ ਇੰਨੀ ਮਾੜੀ ਹੈ ਕਿ ਪੁਲਸ ਤਾਂ ਦੂਰ, ਇਨ੍ਹਾਂ ਵਾਹਨਾਂ ਦੇ ਮਾਲਕ ਵੀ ਇਨ੍ਹਾਂ ਨੂੰ ਪਛਾਣ ਨਹੀਂ ਸਕਦੇ। ਇਕ-ਲੇ ਬਠਿੰਡਾ ਵਿੱਚ 10-15 ਸਾਲ ਦੌਰਾਨ 500 ਤੋਂ ਵੱਧ ਵਾਹਨ ਅਲੱਗ-ਅਲੱਗ ਥਾਣਿਆਂ ਵਿੱਚ ਜ਼ਬਤ ਹੋਏ ਸਨ। ਕੰਡਮ ਹੋ ਚੁੱਕੇ ਜ਼ਿਆਦਾਤਰ ਵਾਹਨਾਂ ਦੇ ਪੁਰਜ਼ੇ ਗਾਇਬ ਹਨ ਅਤੇ ਉਹ ਥਾਣੇ ਦੀ ਮਿੱਟੀ ਹੋ ਕੇ ਰਹਿ ਗਏ ਹਨ। ਵਰਨਣ ਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਸੱਤਾ ਸੰਭਾਲਦੇ ਸਾਰ ਵਿਧਾਨ ਸਭਾ ਸੈਸ਼ਨ ਵਿੱਚ ਥਾਣਿਆਂ ਵਿੱਚ ਸਾਲਾਂ ਤੋਂ ਕੇਸ ਪ੍ਰਾਪਰਟੀ ਵਾਹਨ ਮਾਲਕਾਂ ਨੂੰ ਸੌਂਪਣ ਦਾ ਫੈਸਲਾ ਲਿਆ ਸੀ। ਜ਼ਬਤ ਬਹੁਤੇ ਵਾਹਨ ਚੋਰੀ, ਤਸਕਰੀ, ਐਕਸੀਡੈਂਟ ਤੋਂ ਲੈ ਕੇ ਲਾਵਾਰਸ ਹਾਲਤ ਵਿੱਚ ਮਿਲੇ ਹਨ।

# ਕੈਨੇਡਾ ਭੇਜਣ ਦੇ ਬਹਾਨੇ ਡੇਢ ਕਰੋੜ ਠੱਗਣ ਵਾਲੇ ਦੀ ਮਾਂ ਗ੍ਰਿਫਤਾਰ

ਜਲੰਧਰ, 27 ਅਗਸਤ (ਪੋਸਟ ਬਿਊਰੋ)- ਭੋਲੇ-ਭਾਲੇ ਲੋਕਾਂ ਨੂੰ ਸਟੱਡੀ ਵੀਜ਼ਾ ਦੇ ਨਾਂਅ 'ਤੇ ਕੈਨੇਡਾ ਭੇਜਣ ਦੇ ਬਹਾਨੇ ਠੱਗਣ ਵਾਲੇ ਸਟੱਡੀ ਐਕਸਪ੍ਰੈਸ ਦੇ ਮਾਲਕ ਦੀ ਮਾਂ ਪਿੰਕੀ ਸ਼ਰਮਾ ਨੂੰ ਥਾਣਾ ਬਾਰਾਦਰੀ ਦੀ ਪੁਲਸ ਨੇ ਐਤਵਾਰ ਅਲਾਸਕਾ ਚੌਕ ਦੇ ਨੇੜਿਉਂ ਗ੍ਰਿਫਤਾਰ ਕਰ ਲਿਆ। ਉਸ ਨੂੰ ਕੋਰਟ ਵਿੱਚ ਪੇਸ਼ ਕਰ ਕੇ ਤਿੰਨ ਦਿਨਾ ਰਿਮਾਂਡ ਲਿਆ ਗਿਆ ਹੈ। ਪੁਲਸ ਉਸ ਤੋਂ ਫਰਾਰ ਦੋਸ਼ੀਆਂ ਬੇਟੇ ਕਪਿਲ ਸ਼ਰਮਾ ਨੂੰਹ ਅਨੀਤਾ ਸ਼ਰਮਾ, ਰਿਸੈਪਸ਼ਨਿਸਟ ਹਿਨਾ ਅਤੇ ਵਰਕਰ ਆਸ਼ੀਸ਼ ਪ੍ਰਤਾਪ ਸਿੰਘ ਦੇ ਬਾਰੇ ਵਿੱਚ ਪੁੱਛਗਿੱਛ ਕਰ ਰਹੀ ਹੈ।

ਥਾਣਾ ਬਾਰਾਦਰੀ ਦੇ ਇੰਚਾਰਜ ਸੁਲੱਖਣ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਤਿੰਨ ਦਰਜਨ ਲੋਕਾਂ ਨੂੰ ਕੈਨੇਡਾ ਦਾ ਝਾਂਸਾ ਦੇ ਕੇ ਕਰੀਬ ਡੇਢ ਕਰੋੜ ਦੀ ਠੱਗੀ ਕਰਨ ਵਾਲੇ ਕਪਿਲ ਸ਼ਰਮਾ ਦੀ ਮਾਂ, ਐਤਵਾਰ ਦੁਪਹਿਰ ਅਲਾਸਕਾ ਚੌਕ ਨੇੜੇ ਆ ਰਹੀ ਹੈ। ਇਸ ਦੇ ਬਾਅਦ ਪੁਲਸ ਟੀਮ ਨੇ ਕਪਿਲ ਸ਼ਰਮਾ ਦੀ ਮਾਂ ਪਿੰਕੀ ਸ਼ਰਮਾ ਪਤਨੀ ਸਤੀਸ਼ ਸ਼ਰਮਾ ਨੂੰ ਗ੍ਰਿਫਤਾਰ ਕਰ ਲਿਆ।

# ਸੁਲਤਾਨਪੁਰ ਲੋਧੀ ਦਾ ਸ਼ਹਿਰ ਗੁਲਮੋਹਰ ਅਤੇ ਅਮਲਤਾਸ ਦੇ ਰੁੱਖਾਂ ਨਾਲ ਮਹਿਕੇਗਾ

ਚੰਡੀਗੜ੍ਹ, 27 ਅਗਸਤ (ਪੋਸਟ ਬਿਊਰੋ)- ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਵਿਸ਼ੇਸ਼ ਸਮਾਗਮਾਂ ਦੀ ਤਿਆਰੀ ਵਜੋਂ ਪੰਜਾਬ ਸਰਕਾਰ ਨੇ ਸੁਲਤਾਨਪੁਰ ਲੋਧੀ ਅਤੇ ਇਸ ਦੇ ਆਲੇ ਦੁਆਲੇ ਫੁੱਲਾਂ ਦੇ ਬੂਟੇ ਅਤੇ ਫੁੱਲ ਲਾਉਣ ਦੀ ਵਿਸ਼ਾਲ ਮੁਹਿਮ ਚਲਾਈ ਹੈ। ਅਗਲੇ ਨਵੰਬਰ ਵਿੱਚ ਪਹਿਲੀ ਪਾਤਸ਼ਾਹੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਕੀਤੇ ਜਾ ਰਹੇ ਵੱਡੇ ਸਮਾਗਮ 'ਚ ਆਉਣ ਵਾਲੇ ਲੱਖਾਂ ਸ਼ਰਧਾਲੂਆਂ ਲਈ ਫੁੱਲਾਂ ਨਾਲ ਲੱਦਿਆ ਇਹ ਇਤਿਹਾਸਕ ਨਗਰ ਸੁੰਦਰ ਨਜ਼ਾਰਾ ਪੇਸ਼ ਕਰੇਗਾ। ਪੰਜਾਬ ਸਰਕਾਰ ਦੇ ਬੁਲਾਰੇ ਨੇ ਕੱਲ੍ਹ ਇਥੇ ਦੱਸਿਆ ਕਿ ਇਹ ਪ੍ਰੋਜੈਕਟ ਬਾਗਬਾਨੀ ਵਿਭਾਗ ਨੂੰ ਦਿੱਤਾ ਗਿਆ ਹੈ ਅਤੇ ਵਿਭਾਗ ਦੇ ਡਾਇਰੈਕਟਰ ਨੂੰ ਪੌਦੇ ਲਾਉਣ ਦੀ ਮੁਹਿੰਮ ਦੀ ਕਰਨ ਲਈ ਨੋਡਲ ਅਧਿਕਾਰੀ ਨਿਯੁਕਤ ਕੀਤਾ ਗਿਆ ਹੈ। ਗੁਲਮੋਹਰ ਤੇ ਅਮਲਤਾਸ ਦੇ 550 ਬੂਟੇ ਲਾਉਣ ਦੇ ਇਸ ਪ੍ਰੋਜੈਕਟ ਹੇਠ ਇਤਿਹਾਸਕ ਗੁਰਦੁਆਰਾ ਬੇਰ ਸਾਹਿਬ ਅਤੇ ਵੇਈਂ ਦੇ ਕਿਨਾਰੇ ਲਗਭਗ 300 ਪੌਦੇ ਲਾਏ ਜਾ ਚੁੱਕੇ ਹਨ ਅਤੇ ਪਵਿੱਤਰ ਸ਼ਹਿਰ ਅਤੇ 'ਪਿੰਡ ਬਾਬੇ ਨਾਨਕ ਦਾ' ਨੂੰ ਜਾਣ ਵਾਲੀਆਂ ਸੜਕਾਂ ਦੇ ਦੋਵਾਂ ਪਾਸਿਆਂ 'ਤੇ ਫੁੱਲਾਂ ਦੀਆਂ ਕਿਆਰੀਆਂ ਬਣਾਈਆਂ ਜਾਣਗੀਆਂ।

ਇਸ ਸੰਬੰਧ ਵਿੱਚ ਕਪੂਰਥਲਾ ਦੇ ਡਿਪਟੀ ਕਮਿਸ਼ਨਰ ਡੀ ਪੀ ਐਸ ਖਰਬੰਦਾ ਨੇ ਦੱਸਿਆ ਕਿ 1100 ਮਨਰੇਗਾ ਮਜ਼ਦੂਰ ਇਤਿਹਾਸਕ ਗੁਰਦ-ਆਰਾ ਬੇਰ ਸਾਹਿਬ ਦੇ ਸਾਹਮਣੇ ਵੇਈਂ ਨਦੀ ਦੇ ਕੰਢੇ ਚਾਰ ਲੱਖ ਫੁੱਲਦਾਰ ਪੌਦੇ ਲਾਏ ਜਾਣ ਵਿੱਚ ਸ਼ਾਮਲ ਹਨ। ਇਸ ਤੋਂ ਇਲਾਵਾ ਚਾਰ ਏਕੜ ਵਿੱਚ ਪਿੰਡ ਬੱਸੋਵਾਲ ਦੇ ਬਾਹਰੀ ਹਿੱਸੇ ਵਿੱਚ ਬਣਾਏ ਜਾ ਰਹੇ ਵੀ ਵੀ ਆਈ ਪੀ ਹੈਲੀਪੈਡ ਦੁਆਲੇ ਸੇਲੋਸ਼ੀਆ, ਕ੍ਰਿਸਟਾਟਾ, ਫਰੈਂਚ ਮੈਰੀਗੋਲਡ ਲੈਮਨ, ਫਰੈਂਚ ਮੈਰੀਗੋਲਡ ਓਰੇਂਜ, ਸੇਲੋਸੀਆ ਪਲੂਮੋਸਾ ਪਰਪਲ ਅਤੇ ਕੌਸਮਸ ਬਿਪਿਨੇਟਸ ਵਰਗੀਆਂ ਵੱਖ-ਵੱਖ ਕਿਸਮ ਦੇ ਫੁੱਲ ਲਾਏ ਜਾਣਗੇ। ਇਸ ਗੁਰਪੁਰਬ ਦੀ ਯਾਦ ਵਿੱਚ ਉਚੇ ਮਿੱਟੀ ਦੇ ਪਲੇਟਫਾਰਮ 'ਤੇ ਮੈਰੀਗੋਲਡ ਫੁੱਲਾਂ ਨਾਲ 550 ਲਿਖਣ ਦਾ ਵੀ ਫੈਸਲਾ ਲਿਆ ਗਿਆ ਹੈ। ਇਸ ਕੰਮ ਲਈ ਉਘੇ ਫੁੱਲ ਵਿਗਿਆਨੀ ਅਵਤਾਰ ਸਿੰਘ ਢੀਂਡਸਾ ਤੇ ਐਡਵੋਕੇਟ ਹਰਪ੍ਰੀਤ ਸੰਧੂ ਨਾਲ ਮਿਲ ਕੇ ਬਾਗਬਾਨੀ, ਲੋਕ ਨਿਰਮਾਣ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗਾਂ ਨਾਲ ਤਾਲਮੇਲ ਕਰ ਕੇ ਯੋਜਨਾ ਨੂੰ ਮੁਕੰਮਲ ਕਰਨ ਦਾ ਪ੍ਰੋਗਰਾਮ ਹੈ।

# ਬਿਕਰਮ ਸਿੰਘ ਮਜੀਠੀਆ ਦੇ ਤੋਹਫੇ ਦੀ ਔਰਬਿਟ ਨੇ ਕਦਰ ਪਾਈ, ਦਿੱਤੀ ਜ਼ਮੀਨ ਉਤੇ ਲਗਾਇਆ ਸੋਲਰ ਪਲਾਂਟ

ਬਠਿੰਡਾ, 27 ਅਗਸਤ (ਪੋਸਟ ਬਿਊਰੋ)- ਬਾਦਲ ਪਰਵਾਰ ਦੀ ਔਰਬਿਟ ਕੰਪਨੀ ਨੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਏ ਦੇ ਤੋਹਫੇ ਦਾ ਮੁੱਲ ਪਾਇਆ ਹੈ, ਜਿਸ ਦੀ ਹਰ ਪਾਸੇ ਚਰਚਾ ਹੈ।

ਵਰਣਨ ਯੋਗ ਹੈ ਕਿ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਇਕ ਜ਼ਮੀਨੀ ਤੋਹਫਾ ਮਿਲਿਆ ਸੀ, ਜਿਹੜਾ ਮਜੀਠੀਆ ਭਰਾਵਾਂ ਨੇ ਦਿੱਤਾ ਸੀ। ਹਰਸਿਮਰਤ ਕੌਰ ਨੇ ਜ਼ਮੀਨ ਵਾਲਾ ਇਹ ਤੋਹਫਾ ਅੱਗੇ ਔਰਬਿਟ ਰਿਜ਼ਾਰਟਸ ਲਿਮਟਿਡ ਨੂੰ ਕਿਰਾਏ ਉੱਤੇ ਦੇ ਦਿੱਤਾ ਹੈ। ਔਰਬਿਟ ਨੇ ਸੋਲਰ ਪਲਾਂਟ ਲਵਾ ਕੇ ਇਸ ਤੋਹਫੇ ਨੂੰ ਚਮਕਾਇਆ ਹੈ। ਸਾਬਕਾ ਮੰਤਰੀ ਬਿਕਰਮਜੀਤ ਸਿੰਘ ਮਜੀਠੀਆ ਤੇ ਗੁਰਮੇਹਰ ਸਿੰਘ ਮਜੀਠੀਆ ਨੇ



ਆਪਣੀ ਭੈਣ ਹਰਸਿਮਰਤ ਕੌਰ ਨੂੰ ਹਰਿਆਣਾ ਦੇ ਪਿੰਡ ਬਾਲਾਸਰ ਜ਼ਿਲਾ ਸਿਰਸਾ 'ਚ ਕਰੀਬ 30 ਏਕੜ ਜ਼ਮੀਨ ਤੋਹਫੇ ਵਿੱਚ ਦਿੱਤੀ ਸੀ। ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਪ੍ਰਧਾਨ ਮੰਤਰੀ ਦਫਤਰ ਨੂੰ ਜੋ ਸੰਪਤੀ ਦੇ ਵੇਰਵੇਂ ਸੌਂਪੇ, ਉਨ੍ਹਾਂ ਅਨੁਸਾਰ ਤੋਹਫੇ ਵਿੱਚ ਮਿਲੀ ਇਸ 30 ਏਕੜ ਜ਼ਮੀਨ ਦੀ ਕੀਮਤ ਕਰੀਬ 12.35 ਕਰੋੜ ਰੁਪਏ ਦੱਸੀ ਗਈ ਹੈ। ਇਸ ਹਿਸਾਬ ਨਾਲ ਪ੍ਰਤੀ ਏਕੜ ਦੀ ਕੀਮਤ 41.18 ਲੱਖ ਰੁਪਏ ਬਣਦੀ ਹੈ। ਔਰਬਿਟ ਰਿਜ਼ੋਰਟਸ ਲਿਮਟਿਡ ਨੇ ਸੋਲਰ ਇਲੈਕਟ੍ਰਿਕ ਪਲਾਂਟ ਲਈ ਇਹ ਜ਼ਮੀਨ ਕਿਰਾਏ ਉਤੇ ਲੈ ਲਈ ਹੈ। ਇਹ ਖੇਤੀ ਯੋਗ ਜ਼ਮੀਨ ਨਹੀਂ ਹੈ, ਜਿਸ ਦਾ ਕਿਰਾਇਆ ਕਿੰਨਾ ਤੈਅ ਹੋਇਆ ਹੈ, ਇਸ ਬਾਰੇ ਸਰਕਾਰੀ ਦਸਤਾਵੇਜ਼ਾਂ ਵਿੱਚ ਕੋਈ ਖੁਲਾਸਾ ਨਹੀਂ ਕੀਤਾ ਗਿਆ। ਤੋਹਫੇ 'ਚ ਮਿਲੀ ਇਹ ਜ਼ਮੀਨ ਔਰਬਿਟ ਦੇ ਕੰਮ ਆ ਗਈ। ਕੁਝ ਜਾਣਕਾਰ ਸੂਤਰ ਇਸ ਨੂੰ 'ਨਾਲੇ ਪੁੰਨ ਨਾਲੇ ਫਲੀਆਂ' ਦੱਸ ਰਹੇ ਹਨ।

ਹਰਸਿਮਰਤ ਕੌਰ ਬਾਦਲ ਨੂੰ ਇਸੇ ਤਰ੍ਹਾਂ ਬਾਲਾਸਰ ਵਿੱਚ ਖੇਤੀ ਵਾਲੀ 166 ਕਨਾਲ ਹੋਰ ਜ਼ਮੀਨ ਆਪਣੇ ਪਿਤਾ ਅਤੇ ਭਰਾਵਾਂ ਤੋਂ ਤੋਹਫੇ ਵਿੱਚ ਮਿਲੀ ਹੈ, ਜਿਸ ਦੀ ਕੀਮਤ 2.76 ਕਰੋੜ ਰੁਪਏ ਦੱਸੀ ਗਈ ਹੈ। ਇਸ ਤੋਂ ਇਲਾਵਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੂੰ ਹਰਿਆਣਾ ਦੇ ਹੀ ਜ਼ਿਲਾ ਸਿਰਸਾ ਦੇ ਪਿੰਡ ਮੋਹਮਦ ਪੁਰੀਆ 'ਚ 47 ਕਨਾਲ ਜ਼ਮੀਨ ਵੀ ਤੋਹਫੇ ਵਿੱਚ ਮਿਲੀ ਸੀ, ਜਿਸ ਦੀ ਕੀਮਤ 78.30 ਲੱਖ ਰੁਪਏ ਦੱਸੀ ਗਈ ਹੈ। ਇਕੱਲੇ ਹਰਿਆਣੇ ਵਿੱਚ ਹਰਸਿਮਰਤ ਨੂੰ ਤਿੰਨ ਤੋਹਫੇ ਮਿਲੇ ਹਨ। ਬਾਦਲ ਪਰਵਾਰ ਦਾ ਬਾਲਸਰ ਫਾਰਮ ਹਾਊਸ ਕਾਫੀ ਮਸ਼ਹੂਰ ਹੈ, ਜਿਥੇ ਵੱਡੇ ਬਾਦਲ ਅਕਸਰ ਅਰਾਮ ਕਰਨ ਵਾਸਤੇ ਠਹਿਰਦੇ ਹਨ। ਫਾਰਮ ਹਾਊਸ ਵਿੱਚ ਕਿੰਨੂਆਂ ਦਾ ਵੱਡਾ ਬਾਗ ਵੀ ਹੈ ਅਤੇ ਵੱਡੀ ਰਿਹਾਇਸ਼ੀ ਇਮਾਰਤ ਵੀ ਬਣੀ ਹੋਈ ਹੈ।



## ਅਮਿਤ ਸ਼ਾਹ ਵੱਲੋਂ ਨਕਸਲ ਪ੍ਰਭਾਵਤ ਰਾਜਾਂ ਦੇ ਮੁੱਖ ਮੰਤਰੀਆਂ ਦੀ ਮੀਟਿੰਗ

ਨਵੀਂ ਦਿੱਲੀ, 27 ਅਗਸਤ (ਪੋਸਟ ਬਿਊਰੋ)- ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਕੱਲ੍ਹ ਨਕਸਲ ਪ੍ਰਭਾਵਿਤ 10 ਰਾਜਾਂ ਦੇ ਮੁੱਖ ਮੰਤਰੀਆਂ ਨਾਲ ਇਕ ਅੰਤਰ ਰਾਜੀ ਕੌਂਸਲ ਮੀਟਿੰਗ ਕੀਤੀ ਕਰ ਕੇ ਨਕਸਲਵਾਦੀਆਂ ਦੇ ਖਿਲਾਫ ਚੱਲਦੀ ਕਾਰਵਾਈ ਦੇ ਜਾਇਜ਼ੇ ਤੋਂ ਇਲਾਵਾ ਖਿੱਤੇ 'ਚ ਚਲਾਏ ਜਾਂਦੇ ਵਿਕਾਸ ਕਾਰਜਾਂ ਦੀ ਸਮੀਖਿਆ ਕੀਤੀ ਗਈ। ਇਸ ਮੀਟਿੰਗ 'ਚ ਸਿਰਫ ਸੱਤ ਰਾਜਾਂ ਦੇ ਮੁੱਖ ਮੰਤਰੀ ਸ਼ਾਮਲ ਹੋਏ ਅਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਅਤੇ ਤੇਲੰਗਾਨਾ ਦੇ ਮੁੱਖ ਮੰਤਰੀ ਆਰ ਚੰਦਰ ਸ਼ੇਖਰ ਨੇ ਇਸ ਮੀਟਿੰਗ ਤੋਂ ਆਪਣੀ ਦੂਰੀ ਬਣਾਈ ਰੱਖੀ। ਭਾਜਪਾ ਸਰਕਾਰ ਵਾਲੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਵੀ ਮੀਟਿੰਗ 'ਚ ਸ਼ਾਮਲ ਨਹੀਂ ਹੋਏ।

ਗ੍ਰਹਿ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਤਿੰਨ ਮਹੀਨੇ ਬਾਅਦ ਅਮਿਤ ਸ਼ਾਹ ਵੱਲੋਂ ਸੱਦੀ ਮੀਟਿੰਗ 'ਚ ਨਕਸਲਵਾਦ ਪ੍ਰਭਾਵਿਤ 10 ਰਾਜਾਂ ਛੱਤੀਸਗੜ੍ਹ, ਝਾਰਖੰਡ, ਓਡੀਸ਼ਾ, ਪੱਛਮੀ ਬੰਗਾਲ, ਬਿਹਾਰ, ਮਹਾਰਾਸ਼ਟਰ, ਤੇਲੰਗਾਨਾ, ਆਂਧਰਾ ਪ੍ਰਦੇਸ਼, ਮੱਧ ਪ੍ਰਦੇਸ਼ ਅਤੇ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀਆਂ ਨੂੰ ਸੱਦਿਆ ਗਿਆ ਸੀ। ਮਮਤਾ ਬੈਨਰਜੀ ਨੇ ਆਪਣੇ ਵੱਲੋਂ ਡੀ ਜੀ ਪੀ ਅਤੇ ਮੁੱਖ ਸਕੱਤਰ ਨੂੰ ਸੂਬੇ ਦੀ ਨੁਮਾਇੰਦਗੀ ਲਈ ਭੇਜਿਆ, ਜਦ ਕਿ ਤੇਲੰਗਾਨਾ ਦੇ ਮੁੱਖ ਮੰਤਰੀ ਨਿੱਜੀ ਦੌਰੇ 'ਤੇ ਹੈਦਰਾਬਾਦ ਹੋਣ ਕਾਰਨ ਮੀਟਿੰਗ ਵਿੱਚ ਸ਼ਾਮਲ ਨਹੀਂ ਹੋ ਸਕੇ। ਮਹਾਰਾਸ਼ਟਰ ਦੇ ਭਾਜਪਾ ਮੁੱਖ ਮੰਤਰੀ ਫੜਨਵੀਸ ਦੀ ਗੈਰ ਮੌਜੂਦਗੀ ਦੀ ਚਰਚਾ ਰਹੀ। ਉਨ੍ਹਾਂ ਦੀ ਥਾਂ ਉਥੋਂ ਦੇ ਡੀ ਜੀ ਪੀ ਨੇ ਰਾਜ ਦੀ ਨੁਮਾਇੰਦਗੀ ਕੀਤੀ। ਮਹਾਰਾਸ਼ਟਰ ਦਾ ਸਭ ਤੋਂ ਵੱਧ ਨਕਸਲ ਪ੍ਰਭਾਵਿਤ ਇਲਾਕਾ ਗੜ੍ਹਚਿਰੋਲੀ ਵੀ ਮੀਟਿੰਗ ਦੇ ਮੁੱਖ ਏਜੰਡਿਆਂ 'ਚ ਸ਼ਾਮਲ ਸੀ। ਜਾਣਕਾਰਾਂ ਮੁਤਾਬਕ ਕੁਝ ਮਹੀਨਿਆਂ ਵਿੱਚ ਮਹਾਰਾਸ਼ਟਰ 'ਚ ਹੋਣ ਵਾਲੀਆਂ ਚੋਣਾਂ ਕਾਰਨ ਫੜਨਵੀਸ 'ਮਹਾ ਜਨਾਦੇਸ਼' ਯਾਤਰਾ ਵਿੱਚ ਰੁੱਝੇ ਸਨ। ਗ੍ਰਹਿ ਮੰਤਰਾਲੇ ਮੁਤਾਬਕ 2014-18 ਵਿਚਾਲੇ ਨਕਸਲਵਾਦ ਦੀਆਂ 4969 ਘਟਨਾਵਾਂ ਵਾਪਰੀਆਂ ਹਨ, ਜੋ 2009-13 ਦੇ (8782) ਮਾਮਲੇ 43.4 ਫੀਸਦੀ ਘੱਟ ਹਨ।

## ਸਰਕਾਰ ਨੂੰ ਰਿਜ਼ਰਵ ਬੈਂਕ ਪੌਣੇ ਦੋ ਲੱਖ ਕਰੋੜ ਰੁਪਏ ਦੇਵੇਗਾ



ਨਵੀਂ ਦਿੱਲੀ, 27 ਅਗਸਤ (ਪੋਸਟ ਬਿਊਰੋ)- ਭਾਰਤੀ ਰਿਜ਼ਰਵ ਬੈਂਕ (ਆਰ ਬੀ ਆਈ) ਨੇ ਜਾਲਾਨ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਮੰਨਦੇ ਹੋਏ ਕੇਂਦਰ ਸਰਕਾਰ ਨੂੰ 1,76,051 ਕਰੋੜ ਰੁਪਏ ਟਰਾਂਸਫਰ ਕਰਨ ਦਾ ਫੈਸਲਾ ਕੀਤਾ ਹੈ। ਇਸ ਵਿੱਚ ਰਿਕ-ਾਰਡ 1,23,414 ਕਰੋੜ ਰੁਪਏ ਸਰਪਲਸ ਦੇ ਰੂਪ ਵਿੱਚ ਹੋਣਗੇ, ਜਿਹੜੇ ਆਰ ਬੀ ਆਈ ਚਾਲੂ ਵਿੱਤ ਸਾਲ ਲਈ ਭਾਰਤ ਸਰਕਾਰ ਨੂੰ ਟਰਾਂਸਫਰ ਕਰ ਦੇਵੇਗੀ।

ਵਰਨਣ ਯੋਗ ਹੈ ਕਿ ਨਰਿੰਦਰ ਮੋਦੀ ਸਰਕਾਰ ਨੇ ਚਾਲੂ ਵਿੱਤ ਸਾਲ ਵਿੱਚ ਆਰ ਬੀ ਆਈ ਤੋਂ ਲਗਭਗ ਇਕ ਲੱਖ ਕਰੋੜ ਰੁਪਏ ਸਰਪਲਸ ਮਿਲਣ ਦੀ ਆਸ ਪ੍ਰਗਟਾਈ ਸੀ। ਇਸ ਦੌਰਾਨ ਜਾਲਾਨ ਕਮੇਟੀ ਦੀ ਸਿਫਾਰਸ਼ ਦੇ ਆਧਾਰ ਉੱਤੇ ਆਰ ਬੀ ਆਈ ਤੋਂ ਵੱਡੀ ਰਕਮ ਮਿਲਣ ਪਿੱਛੋਂ ਸਰਕਾਰ ਲਈ ਖਜ਼ਾਨੇ ਦੇ ਘਾਟੇ ਨੂੰ ਕਾਬੂ ਰੱਖਣਾ ਸੌਖਾ ਹੋ ਜਾਵੇਗਾ। ਆਰ ਬੀ ਆਈ ਨੇ ਕੱਲ੍ਹ ਸ਼ਾਮ ਬਿਆਨ ਜਾਰੀ ਕਰਕੇ ਕਿਹਾ ਕਿ ਬੈਂਕ ਦੇ ਬੋਰਡ ਨੇ ਸਰਕਾਰ ਨੂੰ 1,76,051 ਕਰੋੜ ਰੁਪਏ ਦੇਣ ਦਾ ਫੈਸਲਾ ਕੀਤਾ ਹੈ। ਇਸ ਵਿੱਚ 1,23,414 ਕਰੋੜ ਰੁਪਏ ਵਿੱਤ ਸਾਲ 2018-19 ਲਈ ਸਰਪਲਸ ਰੂਪ ਵਿੱਚ ਹਨ, ਜਦ ਕਿ 52,637 ਕਰੋੜ ਰੁਪਏ ਇਕੋਨਾਮਿਕ ਕੈਪੀਟਲ ਫਰੇਮਵਰਕ ਤਹਿਤ ਵਾਧੂ ਵਿਵਸਥਾ ਲਈ ਹਨ। ਆਰ ਬੀ ਆਈ ਗਵਰਨਰ ਸ਼ਕਤੀਕਾਂਤ ਦਾਸ ਦੀ ਅਗਵਾਈ ਵਿੱਚ ਆਰ ਬੀ ਆਈ ਦੇ ਬੋਰਡ ਦੀ 578ਵੀਂ ਮੀਟਿੰਗ ਇਕਵਿਟੀ ਦੇ ਪੱਧਰ ਨੂੰ ਬੈਲੇਂਸ ਸ਼ੀਟ 5.5 ਫੀਸਦੀ ਉੱਤੇ ਬਣਾ ਕੇ ਰੱਖਣ ਦਾ ਫੈਸਲਾ ਕੀਤਾ ਹੈ। ਹਾਲੇ ਇਹ 6.8 ਫੀਸਦੀ ਹੈ। ਰੀਅਲਾਈਜ਼ਡ ਇਕਵਿਟੀ ਦੇ ਪੱਧਰ ਨੂੰ ਘਟਾਉਣ ਦਾ ਇਹ ਨਤੀਜਾ ਹੈ ਕਿ ਸਰਕਾਰ ਨੂੰ 52,637 ਕਰੋੜ ਰੁਪਏ ਸਰਪਲਸ ਤੋਂ ਵਾਧੂ ਮਿਲਣਗੇ। ਬੋਰਡ ਨੇ ਆਪਣੇ ਬਿਆਨ ਵਿੱਚ ਕਿਹਾ ਕਿ 30 ਜੂਨ 2019 ਨੂੰ ਆਰ ਬੀ ਆਈ ਵਿੱਤੀ ਮਜ਼ਬੂਤੀ ਦੀ ਦ੍ਰਿਸ਼ਟੀ ਨਾਲ ਗਲੋਬਲ ਪੱਧਰ ਚੰਗੀ ਸਥਿਤੀ ਵਿੱਚ ਹੈ। ਇਹੀ ਕਾਰਨ ਹੈ ਕਿ ਇਸ ਰਾਸ਼ੀ ਦੇ ਟਰਾਂਸਫਰ ਕਰਨ ਦਾ ਫੈਸਲਾ ਕੀਤਾ ਗਿਆ ਹੈ। ਫਿਲਹਾਲ ਚਾਲੂ ਵਿੱਤ ਸਾਲ ਵਿੱਚ ਆਰ ਬੀ ਆਈ ਸਰਕਾਰ ਨੂੰ ਕੁੱਲ 1,23,414 ਕਰੋੜ ਰੁਪਏ ਸਰਪਲਸ ਦੇਵੇਗੀ, ਜਿਸ ਵਿੱਚ 28,000 ਕਰੋੜ ਰੁਪਏ ਪਹਿਲੇ ਹੀ ਦਿੱਤੇ ਜਾ ਚੁੱਕੇ ਹਨ।

ਸਰਕਾਰ ਨੇ ਆਰ ਬੀ ਆਈ ਦੇ ਸਰਪਲਸ ਤੋਂ ਕੁਝ ਰਾਸ਼ੀ ਲੈਣ ਦੇ ਨਜ਼ਰੀਏ ਤੋਂ ਜਾਲਾਨ ਕਮੇਟੀ ਦਾ ਗਠਨ ਕੀਤਾ ਸੀ। ਇਹੀ ਕਾਰਨ ਕਿ ਮੋਦੀ ਸਰਕਾਰ ਨੇ ਜਦ ਦੁਬਾਰਾ ਸੱਤਾ ਵਿੱਚ ਆਈ ਤਾਂ ਪੰਜ ਜੁਲਾਈ ਨੂੰ ਪੇਸ਼ ਕੀਤੇ ਗਏ ਵਿੱਤ ਸਾਲ 2019-20 ਦੇ ਪੂਰਨ ਆਮ ਬਜਟ ਵਿੱਚ ਉਸ ਨੇ ਰਿਜ਼ਰਵ ਬੈਂਕ ਅਤੇ ਸਰਕਾਰੀ ਬੈਂਕ ਅਤੇ ਵਿੱਤੀ ਸੰਸਥਾਵਾਂ ਕੋਲੋਂ 1,06,041 ਕਰੋੜ ਰੁਪਏ ਚਾਲੂ ਵਿੱਤ ਸਾਲ ਵਿੱਚ ਮਿਲਣ ਦੀ ਉਮੀਦ ਪ੍ਰਗਟਾਈ ਸੀ। ਇਕ ਫਰਵਰੀ ਨੂੰ ਪੇਸ਼ ਕੀਤੇ ਗਏ ਸਾਲ 2019-20 ਦੇ ਅੰਤਰਿਮ ਬਜਟ ਵਿੱਚ ਉਸ ਨੇ ਇਸ ਮਦ ਤੋਂ 82,911 ਕਰੋੜ ਰੁਪਏ ਮਿਲਣ ਦੀ ਆਸ ਪ੍ਰਗਟਾਈ ਸੀ। ਵੈਸੇ ਚਾਲੂ ਵਿੱਤ ਸਾਲ ਵਿੱਚ ਸਰਕਾਰ ਨੂੰ ਰਿਕਾਰਡ ਸਰਪਲਸ ਰਿਜ਼ਰਵ ਬੈਂਕ ਤੋਂ ਪ੍ਰਾਪਤ ਹੋਵੇਗਾ।

## ਕਾਂਗਰਸ ਦੇ ਪਲਾਟ ਦਾ ਮਾਮਲੇ ਵਿਚ ਈ ਡੀ ਵੱਲੋਂ ਪਹਿਲੀ ਚਾਰਜਸ਼ੀਟ ਅਦਾਲਤ ਵਿੱਚ ਦਾਇਰ



ਚੰਡੀਗੜ੍ਹ, 27 ਅਗਸਤ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ ਨੇ ਬਹੁਚਰਚਿਤ ਅਤੇ ਕਾਂਗਰਸ ਪਾਰਟੀ ਦੇ ਨਾਲ ਸੰਬੰਧਤ ਐਸੋਸੀਏਟਿਡ ਜਰਨਲਜ਼ ਲਿਮਟਿਡ (ਏ ਜੇ ਐੱਲ) ਪਲਾਟ ਅਲਾਟਮੈਂਟ ਕੇਸ ਦੀ ਪਹਿਲੀ ਚਾਰਜਸ਼ੀਟ ਕੱਲ੍ਹ ਦਾਇਰ ਕਰ ਦਿੱਤੀ ਹੈ। ਸੀਨੀਅਰ ਕਾਂਗਰਸੀ ਆਗੂਆਂ ਮੋਤੀ ਲਾਲ ਵੋਹਰਾ ਅਤੇ ਭੁਪਿੰਦਰ ਸਿੰਘ ਹੁੱਡਾ ਵਿਰੁੱਧ ਪੰਚਕੂਲਾ ਦੀ ਵਿਸ਼ੇਸ਼ ਪੀ ਐੱਮ ਐੱਲ ਏ ਕੋਰਟ ਵਿੱਚ ਇਹ ਮਾਮਲਾ ਵਿਚਾਰਧੀਨ ਹੈ।

ਵਰਨਣ ਯੋਗ ਹੈ ਕਿ ਏ ਜੇ ਐੱਲ ਨੂੰ ਹਰਿਆਣਾ ਸ਼ਹਿਰੀ ਵਿਕਾਸ ਅਥਾਰਟੀ ਵੱਲੋਂ ਸਾਲ 1982 ਵਿੱਚ ਪੰਚਕੂਲਾ ਦੇ ਸੈਕਟਰ ਛੇ ਵਿੱਚ ਅਲਾਟ ਕੀਤੇ ਪਲਾਟ ਵਿਚ ਦਸ ਸਾਲਾਂ ਵਿੱਚ ਉਸਾਰੀ ਨਾ ਹੋਣ ਕਾਰਨ ਇਸ ਨੂੰ ਵਾਪਸ ਲੈ ਲਿਆ ਗਿਆ ਸੀ। ਇਸ ਨੂੰ ਦੋਬਾਰ ਲੈਣ ਲਈ ਕੀਤੀ ਪ੍ਰਕਿਰਿਆ ਵਿੱਚ ਵੀ ਸੰਬੰਧਤ ਅਪੀਲੇਟ ਅਥਾਰਟੀਆਂ ਵੱਲੋਂ ਸਾਲ 1995-96 ਦੌਰਾਨ ਏ ਜੇ ਐਲ ਦੀਆਂ ਰੱਦ ਕਰ ਦਿੱਤੀਆਂ ਗਈਆਂ ਸਨ, ਪਰ 2005 ਦੌਰਾਨ ਹਰਿਆਣਾ ਵਿੱਚ ਭੁਪਿੰਦਰ ਸਿੰਘ ਹੁੱਡਾ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਉਕਤ ਪਲਾਟ ਦੀ ਅਲਾਟਮੈਂਟ ਫਿਰ ਏ ਜੇ ਐੱਲ ਦੇ ਨਾਂਅ ਬਹਾਲ ਕਰ ਦਿੱਤੀ। ਸਾਲ 2014 ਵਿੱਚ ਹਰਿਆਣੇ ਵਿੱਚ ਭਾਜਪਾ ਸਰਕਾਰ ਆਈ ਤਾਂ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਵਿਜੀਲੈਂਸ ਬਿਊਰੋ ਤੋਂ ਇਸ ਮਾਮਲੇ ਵਿੱਚ ਕੇਸ ਦਰਜ ਕਰਵਾ ਕੇ ਜਾਂਚ ਸ਼ੁਰੂ ਕਰਵਾ ਦਿੱਤੀ। ਇਸ ਕੇਸ ਵਿੱਚ ਫਸੇ ਹੋਏ 86 ਸਾਲਾ ਮੋਤੀ ਲਾਲ ਵੋਹਰਾ ਕੁਲ ਹਿੰਦ ਕਾਂਗਰਸ ਦੇ ਖਜ਼ਾਨਚੀ ਹੋਣ ਦੇ ਨਾਲ ਨੈਸ਼ਨਲ ਹੇਰਾਲਡ ਨਿਊਜ਼ ਪੇਪਰ ਐਸੋਸੀਏਟਿਡ ਜਰਨਲ ਲਿਮਟਿਡ (ਏ ਜੇ ਐੱਲ) ਦੇ ਚੇਅਰਮੈਨ ਵੀ ਹਨ। ਉਨ੍ਹਾਂ ਕੋਲੋਂ ਏ ਜੇ ਐਲ ਨਾਲ ਸੰਬੰਧਤ ਪਲਾਟ ਅਲਾਟਮੈਂਟ ਕੇਸ ਤਹਿਤ 2017 ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਅਤੇ ਹੋਰ ਕਈ ਲੋਕਾਂ ਸਮੇਤ ਗਹਿਰੀ ਪੁੱਛਗਿੱਛ ਕੀਤੀ ਸੀ।

## ਮੁੱਖ ਮੰਤਰੀ ਦੇ ਕਾਫਲੇ ਵਿੱਚ ਵੜ ਕੇ ਬੰਦੇ ਨੇ ਖੁਦ ਨੂੰ ਅੱਗ ਲਾਈ, ਹਸਪਤਾਲ ਵਿਚ ਹਾਲਤ ਗੰਭੀਰ



ਸੋਨੀਪਤ, 27 ਅਗਸਤ (ਪੋਸਟ ਬਿਊਰੋ)- ਪਿੰਡ ਰਾਠਧਨਾ ਵਿੱਚ ਇੱਕ ਪੇਂਡੂ ਨੇ ਆਪਣੇ ਆਪ ਨੂੰ ਅੱਗ ਲਾਈ ਅਤੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਕਾਫਲੇ ਵਿੱਚ ਦਾਖਲ ਹੋ ਗਿਆ। ਉਸ ਨੂੰ ਬਚਾਉਣ ਦੀ ਕੋਸ਼ਿਸ਼ ਵਿੱਚ 9-10 ਹੋਰ ਲੋਕ ਵੀ ਝੁਲਸ ਗਏ। ਇਨ੍ਹਾਂ ਵਿੱਚੋਂ ਛੇ ਨੂੰ ਸਿਵਲ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਹੈ, ਤਿੰਨ-ਚਾਰ ਹੋਰ ਨੂੰ ਮਾਮੂਲੀ ਝੁਲਸੇ ਹੋਣ ਕਾਰਨ ਮੁੱਢਲੇ ਇਲਾਜ ਦੇ ਬਾਅਦ ਘਰ ਭੇਜ ਦਿੱਤਾ ਗਿਆ ਹੈ। ਖੁਦ ਨੂੰ ਅੱਗ ਲਾਉਣ ਵਾਲੇ ਬੰਦੇ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਖਾਨਪੁਰ ਮੈਡੀਕਲ ਕਾਲਜ ਰੈਫਰ ਕਰ ਦਿੱਤਾ ਗਿਆ।

ਪੀੜਤ ਵਿਅਕਤੀ ਦਾ ਦੋਸ਼ ਹੈ ਕਿ ਮੁੱਖ ਮੰਤਰੀ ਨੇ ਉਨ੍ਹਾਂ ਦੇ ਪੁੱਤਰਾਂ ਨੂੰ ਨੌਕਰੀ ਦੇਣ ਦਾ ਵਾਅਦਾ ਕੀਤਾ ਸੀ, ਪਰ ਬਾਅਦ ਵਿਚ ਉਹ ਮੁੱਕਰ ਗਏ, ਜਿਸ ਕਾਰਨ ਉਨ੍ਹਾਂ ਨੇ ਖੁਦ ਨੂੰ ਅੱਗ ਲਾ ਕੇ ਸਾੜਨ ਦਾ ਯਤਨ ਕੀਤਾ ਹੈ। ਉਸ ਦੀ ਪਛਾਣ ਰਾਜੇਸ਼ ਪੁੱਤਰ ਓਮ ਪ੍ਰਕਾਸ਼ ਵਾਸੀ ਦੇਵਨਗਰ ਸੋਨੀਪਤ ਵਜੋਂ ਹੋਈ ਹੈ। ਮੰਤਰੀ ਕਵਿਤਾ ਜੈਨ ਨੇ ਸਿਵਲ ਹਸਪਤਾਲ ਪਹੁੰਚ ਕੇ ਝੁਲਸੇ ਲੋਕਾਂ ਦਾ ਹਾਲ ਚਾਲ ਪੁੱਛਿਆ ਅਤੇ ਪੂਰੇ ਮਾਮਲੇ ਦੀ ਜਾਂਚ ਕਰਾਉਣ ਦੇ ਹੁਕਮ ਦਿੱਤੇ। ਰਾਜੇਸ਼ ਆਪਣੇ ਦੋ ਪੁੱਤਰਾਂ ਨੂੰ ਨੌਕਰੀ ਦੀ ਗੱਲ ਕਰ ਰਿਹਾ ਹੈ, ਪਰ ਉਸ ਦੇ ਤਿੰਨ ਬੱਚਿਆਂ ਵਿੱਚੋਂ ਇੱਕੋ ਬਾਲਗ ਹੈ ਅਤੇ ਉਹ ਵੀ ਹਾਲ ਹੀ ਵਿੱਚ 18 ਵਰ੍ਹਿਆਂ ਦਾ ਹੋਇਆ ਹੈ, ਜਦੋਂ ਕਿ ਛੋਟਾ ਅਜੇ ਤੀਜੀ ਜਮਾਤ ਵਿੱਚ ਪੜ੍ਹਦਾ ਹੈ। ਥਾਣਾ ਸਦਰ ਦੇ ਐੱਸ ਐੱਚ ਓ ਰਮੇਸ਼ ਨੇ ਦੱਸਿਆ ਕਿ ਵਿਆਹ ਤੋਂ ਦੋ-ਤਿੰਨ ਸਾਲ ਬਾਅਦ ਹੀ ਰਾਜੇਸ਼ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ, ਜਿਸ ਦੀ ਤਸਦੀਕ ਉਸ ਦੀ ਪਤਨੀ ਰੇਖਾ ਨੇ ਵੀ ਕੀਤੀ। ਪੀੜਤ ਰਾਜੇਸ਼ ਨੇ ਇੱਕ ਦਿਨ ਪਹਿਲਾਂ ਜਾਰੀ ਆਡੀਓ ਵਿੱਚ ਕਿਹਾ ਸੀ ਕਿ ਮਨੋਹਰ ਲਾਲ ਖੱਟਰ ਨੇ ਉਨ੍ਹਾਂ ਨਾਲ ਵਾਅਦਾ ਕੀਤਾ ਸੀ ਕਿ ਉਸ ਦੇ ਪੁੱਤਰਾਂ ਨੂੰ ਨੌਕਰੀ ਲੁਆ ਦੇਵੇਗਾ, ਪਰ ਬਾਅਦ ਵਿੱਚ ਉਸ ਨੂੰ ਪਛਾਣਨ ਤੋਂ ਵੀ ਮੁਨਕਰ ਹੋ ਗਿਆ। ਇਸੇ ਗੱਲ ਤੋਂ ਖਫਾ ਹੋ ਕੇ ਉਸ ਨੇ ਆਪਣੇ ਆਪ ਨੂੰ ਖਤਮ ਕਰਨ ਦਾ ਫੈਸਲਾ ਲਿਆ।

## ਪ੍ਰਾਈਵੇਟ ਟਰੇਨ ਤੇਜਸ ਦੇ ਸਫਰ ਵਿੱਚ ਦੇਰ ਹੋਣ ਬਦਲੇ ਲੋਕਾਂ ਨੂੰ ਮੁਆਵਜ਼ਾ ਮਿਲੇਗਾ




ਨਵੀਂ ਦਿੱਲੀ, 27 ਅਗਸਤ (ਪੋਸਟ ਬਿਊਰੋ)- ਭਾਰਤ ਦੀ ਪਹਿਲੀ ਪ੍ਰਾਈਵੇਟ ਟਰੇਨ ਵਿੱਚ ਸਫਰ ਵੇਲੇ ਸਫਰ ਵਿੱਚ ਦੇਰ ਹੁੰਦੀ ਹੈ ਤਾਂ ਲੋਕ ਮੁਆਵਜ਼ੇ ਦੇ ਹੱਕਦਾਰ ਹੋਣਗੇ। ਤੇਜਸ ਦੇ ਸਫਰ ਵਿੱਚ ਇੱਕ ਘੰਟੇ ਤੋਂ ਵੱਧ ਦੀ ਦੇਰ ਹੋਈ ਤਾਂ ਮੁਆਵਜ਼ਾ ਮਿਲੇਗਾ। ਆਈ ਆਰ ਸੀ ਟੀ ਸੀ (ਭਾਰਤੀ ਰੇਲਵੇ ਕੇਟਰਿੰਗ ਅਤੇ ਟੂਰਿਜ਼ਮ ਕਾਰਪੋਰੇਸ਼ਨ) ਅਕਤੂਬਰ ਵਿੱਚ ਇਸ ਤੇਜਸ ਟਰੇਨ ਦਾ ਸੰਚਾਲਨ ਸ਼ੁਰੂ ਕਰਨ ਵਾਲੀ ਹੈ। ਪਹਿਲੀ ਟਰੇਨ ਦਿੱਲੀ ਤੋਂ ਲਖਨਊ ਦਰਮਿਆਨ ਚੱਲੇਗੀ।

ਇਸ ਟਰੇਨ ਦਾ ਬੇਸ ਕਿਰਾਇਆ ਇਸੇ ਰੂਟ 'ਤੇ ਚੱਲਣ ਵਾਲੀ ਸ਼ਤਾਬਦੀ ਦੇ ਆਸਪਾਸ ਹੋਵੇਗਾ, ਪਰ ਇਸ ਵਿੱਚ ਹੋਰ ਕਈ ਸਹੂਲਤਾਂ ਦਿੱਤੀਆਂ ਗਈਆਂ ਹਨ। ਟਰੇਨ ਵਿੱਚ ਦੂਸਰੀ ਮੀਲ, ਫ੍ਰੀ ਚਾਹ-ਕੌਫੀ ਦੇ ਲਈ ਵੇਂਡਿੰਗ ਮਸ਼ੀਨ ਆਦਿ ਦੀਆਂ ਸਹੂਲਤਾਂ ਦਿੱਤੀਆਂ ਗਈਆਂ ਹਨ। ਆਈ ਆਰ ਸੀ ਟੀ ਸੀ ਦੂਸਰੀ ਤੇਜਸ ਨਵੰਬਰ ਵਿੱਚ ਸ਼ੁਰੂ ਕਰੇਗੀ, ਜਿਸ ਦਾ ਰੂਟ ਮੁੰਬਈ ਤੋਂ ਅਹਿ-ਮਦਾਬਾਦ ਹੋਵੇਗਾ। ਟਰੇਨਾਂ 'ਚੋਂ ਹਵਾਈ ਸਫਰ ਵੱਲ ਸ਼ਿਫਟ ਹੋਣ ਵਾਲੇ ਯਾਤਰੀਆਂ ਨੂੰ ਵਾਪਸ ਰੇਲਵੇ ਨਾਲ ਜੋੜਨ ਲਈ ਆਈ ਆਰ ਸੀ ਟੀ ਸੀ ਤੇਜਸ ਟਰੇਨਾਂ ਵਿੱਚ ਵੱਧ ਸਹੂਲਤਾਂ ਦੇ ਰਹੀ ਹੈ। ਆਈ ਆਰ ਸੀ ਟੀ ਸੀ ਦੇ ਇੱਕ ਅਧਿਕਾਰੀ ਨੇ ਦੱਸਿਆ ਕਿ ਰੇਲਵੇ ਨਾਸ਼ਤਾ ਸਰਵ ਕਰਦਾ ਹੈ, ਪਰ ਯਾਤਰੀ ਜਦੋਂ ਲਖਨਊ ਪਹੁੰਚਣ ਨੇੜੇ ਹੰਦੇ ਹਨ ਤਾਂ ਭੁੱਖ ਲੱਗਣ ਲੱਗਦੀ ਹੈ। ਇਸ ਲਈ ਅਸੀਂ ਸਨੈਕਸ ਦਾ ਪ੍ਰਬੰਧ ਕਰਨਾ ਚਾਹੁੰਦੇ ਹਾਂ ਤਾਂ ਕਿ ਜਦ ਤੱਕ ਉਹ ਟਰੇਨ ਵਿੱਚ ਰਹਿਣ, ਭੁੱਖੇ ਨਾ ਰਹਿਣ ਅਤੇ ਲੰਚ ਟਾਈਮ ਵਿੱਚ ਜਦ ਉਹ ਲਖਨਊ ਪਹੁੰਚਣ ਤਾਂ ਉਨ੍ਹਾਂ ਨੂੰ ਜਲਦੀ ਨਾਲ ਕੁਝ ਖਾਣ ਦੀ ਜ਼ਰੂਰਤ ਨਾ ਹੋਵੇ। ਇਨ੍ਹਾਂ ਸਭ ਦੇ ਨਾਲ ਕੰਪਨੀ ਸੀਨੀਅਰ ਨਾਗਰਿਕਾਂ ਨੂੰ ਵੀ ਟਾਰਗੇਟ ਕਰਨ ਦੀ ਕੋਸ਼ਿਸ਼ ਵਿੱਚ ਹੈ, ਜਿਨ੍ਹਾਂ ਨੂੰ ਰੇਲ ਕਿਰਾਏ 'ਤੇ ਚਾਲੀ ਫੀਸਦੀ ਛੋਟ ਮਿਲਦੀ ਹੈ। ਤੇਜਸ ਦੇ ਟਿਕਟ ਦੇ ਨਾਲ ਪੰਜਾਹ ਲੱਖ ਰੁਪਏ ਦਾ ਇੰਸ਼ੋਰੈਂਸ ਕਵਰ ਅਤੇ ਟਰੇਨ ਵਿੱਚ ਰਹਿਣ ਦੌਰਾਨ ਘਰ ਦਾ ਡਕੈਤੀ ਕਵਰ ਇੰਸ਼ੋਰ ਕੀਤਾ ਜਾ ਸਕਦਾ ਹੈ। ਅਧਿਕਾਰੀ ਨੇ ਦੱਸਿਆ ਕਿ ਬੀਮਾ ਕੰਪਨੀਆਂ ਕਈ ਆਫਰ ਦੇ ਰਹੀਆਂ ਹਨ, ਅਸੀਂ ਉਨ੍ਹਾਂ 'ਤੇ ਵਿਚਾਰ ਕਰ ਰਹੇ ਹਾਂ। ਦੂਸਰੇ ਪਾਸੇ ਇਸ ਟਰੇਨ ਦੇ ਹਰ ਕੋਚ ਵਿੱਚ ਸਿਰਫ ਦੋ ਟਾਇਲਟ ਹੋਣਗੇ, ਜਦ ਕਿ ਹੋਰਨਾਂ ਟਰੇਨਾਂ ਦੇ ਕੋਚ ਵਿੱਚ ਚਾਰ ਟਾਇਲਟ ਹੁੰਦੇ ਹਨ। ਇਸ ਦੇ ਪਿੱਛੇ ਥੋੜ੍ਹੀ ਫ੍ਰੀ ਸਪੇਸ ਅਤੇ ਬਿਹਤਰ ਫੂਡ ਸਰਵਿਸ ਮੈਨੇਜਮੈਂਟ ਦੇ ਲਈ ਨਵੀਂ ਪੈਂਟਰੀ ਪਲਾਨ ਕੀਤੀ ਗਈ ਹੈ।


ਬਹਰਹਾਲ, ਟਿਕਟਾਂ ਦੀ ਕੀਮਤ ਵਿੱਚ ਰੇਲਵੇ ਨੇ ਫ੍ਰੀ ਪ੍ਰਾਈਸਿੰਗ ਦੀ ਇਜਾਜ਼ਤ ਦਿੱਤੀ ਹੈ, ਪਰ ਰੇਲਵੇ ਟਿਕਟਿੰਗ ਵਿੰਗ ਸ਼ਤਾਬਦੀ ਦੀ ਤਰਜ਼ 'ਤੇ ਇਸ ਦਾ ਕਿਰਾਇਆ ਰੱਖਣਾ ਚਾਹੁੰਦੀ ਹੈ। ਤਿਉਹਾਰੀ ਸੀਜ਼ਨ ਵਿੱਚ ਭੀੜ ਘੱਟ ਕਰਨ ਦੇ ਲਈ ਲਚੀਲਾ ਕਿਰਾਇਆ ਮਾਡਲ ਅਪਣ-ਾਇਆ ਜਾਏਗਾ। ਸੁਸਤ ਸੀਜ਼ਨ ਵਿੱਚ ਟਿਕਟਾਂ ਦੇ ਬੇਸ ਪ੍ਰਾਈਸ 'ਤੇ ਡਿਸਕਾਊਂਟ ਵੀ ਦਿੱਤਾ ਜਾਏਗਾ। ਰੇਲਵੇ ਮੰਤਰਾਲੇ ਇਸ ਐਕਸਪੈਰੀਮੈਂਟ ਦੇ ਨਤੀਜੇ ਦਾ ਇੰਤਜ਼ਾਰ ਕਰ ਰਿਹਾ ਹੈ ਤਾਂ ਕਿ ਅਗਲੇ ਕੁਝ ਸਾਲਾਂ ਵਿੱਚ ਨਵੇਂ ਰੂਟਾਂ 'ਤੇ ਤੇਜਸ ਟਰੇਨਾਂ ਚਲਾਈਆਂ ਜਾ ਸਕਣ।

## ਕਰਨਾਟਕ ਦੀ ਭਾਜਪਾ ਸਰਕਾਰ 'ਚ ਤਿੰਨ ਉਪ ਮੁੱਖ ਮੰਤਰੀ ਹੋਣਗੇ

ਬੰਗਲੌਰ, 27 ਅਗਸਤ (ਪੋਸਟ ਬਿਊਰੋ)- ਕਰਨਾਟਕ ਦੇ ਮੁੱਖ ਮੰਤਰੀ ਬੀ ਐਸ ਯੇਦੀਯੁਰੱਪਾ ਵੱਲੋਂ ਕਰੀਬ ਇੱਕ ਹਫਤਾ ਪਹਿਲਾਂ ਮੰਤਰੀ ਮੰਡਲ ਵਿੱਚ ਸ਼ਾਮਲ ਕੀਤੇ 17 ਨਵੇਂ ਮੰਤਰੀਆਂ ਨੂੰ ਕੱਲ੍ਹ ਵਿਭਾਗਾਂ ਦੀ ਵੰਡ ਕਰ ਦਿੱਤੀ ਹੈ। ਇਸ ਦੌਰਾਨ ਇਸ ਭਾਜਪਾ ਸਰਕਾਰ ਵਿੱਚ ਤਿੰਨ ਉਪ ਮੁੱਖ ਮੰਤਰੀ ਬਣਾਏ ਗਏ ਹਨ। ਇਨ੍ਹਾਂ ਵਿੱਚੋਂ ਗੋਵਿੰਦ ਕਰਜੋਲ ਨੂੰ ਲੋਕ ਨਿਰਮਾਣ ਵਿਭਾਗ ਤੇ ਸਮਾਜਿਕ ਭਲਾਈ ਮੰਤਰਾਲਾ, ਅਸ਼ਵਥ ਨਾਰਾਇਣ ਨੂੰ ਉਚੇਰੀ ਸਿੱਖਿਆ, ਆਰ ਟੀ ਅਤੇ ਬੀ ਟੀ, ਵਿਗਿਆਨ ਤੇ ਤਕਨਾਲੋਜੀ ਅਤੇ ਲਕਸ਼ਮਣ ਸਵਦੀ ਨੂੰ ਟਰਾਂਸਪੋਰਟ ਵਿਭਾਗ ਅਤੇ ਬਸਾਵਾਰਾਜ ਬੋਮਈ ਨੂੰ ਗ੍ਰਹਿ ਮੰਤਰਾਲਾ ਮਿਲਿਆ ਹੈ। ਸਾਬਕਾ ਮੁੱਖ ਮੰਤਰੀ ਜਗਦੀਸ਼ ਸ਼ੈਤਰ ਨੂੰ ਵੱਡੀ ਤੇ ਦਰਮਿਆਨੀ ਸਨਅਤਾਂ ਮਿਲੀ ਹੈ।

ਦੋ ਸਾਬਕਾ ਉਪ ਮੁੱਖ ਮੰਤਰੀ ਕੇ ਐਸ ਐਸ਼ਵਰੱਪਾ ਅਤੇ ਆਰ ਅਸ਼ੋਕ ਨੂੰ ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਅਤੇ ਮਾਲ ਵਿਭਾਗ ਦਿੱਤੇ ਗਏ ਹਨ। ਅਨੁਸੂਚਿਤ ਕਬੀਲਾ ਆਗੂ ਬੀ ਸ੍ਰੀਰਾਮੁੱਲੂ ਨੂੰ ਸਿਹਤ ਅਤੇ ਪਰਵਾਰ ਭਲਾਈ ਅਤੇ ਐਸ ਸੁਰੇਸ਼ ਕੁਮਾਰ ਨੂੰ ਪ੍ਰਾਇਮਰੀ ਅਤੇ ਸੈਕੰਡਰੀ ਸਿੱਖਿਆ ਦਿੱਤੀ ਗਈ ਹੈ।

## ਡਾ: ਮਨਮੋਹਨ ਸਿੰਘ ਦੀ ਐੱਸ ਪੀ ਜੀ ਸੁਰੱਖਿਆ ਹਟਾਈ, ਜ਼ੈੱਡ ਪਲੱਸ ਸੁਰੱਖਿਆ ਕਾਇਮ



ਨਵੀਂ ਦਿੱਲੀ, 27 ਅਗਸਤ (ਪੋਸਟ ਬਿਊਰੋ)- ਸਾਬਕਾ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਦੀ ਐੱਸ ਪੀ ਜੀ ਸੁਰੱਖਿਆ ਵਾਪਸ ਲੈ ਲਈ ਗਈ ਹੈ। ਉਨ੍ਹਾਂ ਨੂੰ ਜ਼ੈੱਡ ਪਲੱਸ ਸੁਰੱਖਿਆ ਮਿਲਦੀ ਰਹੇਗੀ।

ਕੱਲ੍ਹ ਏਥੇ ਅਧਿਕਾਰੀਆਂ ਨੇ ਦੱਸਿਆ ਕਿ 2004 ਤੋਂ 2014 ਤੱਕ ਦੇਸ਼ ਦੇ ਪ੍ਰਧਾਨ ਮੰਤਰੀ ਰਹੇ ਮਨਮੋਹਨ ਸਿੰਘ ਤੋਂ ਐੱਸ ਪੀ ਜੀ ਸੁਰੱਖਿਆ ਵਾਪਸ ਲੈਣ ਦਾ ਫੈਸਲਾ ਵੱਖ-ਵੱਖ ਸੁਰੱਖਿਆ ਏਜੰਸੀਆਂ ਵੱਲੋਂ ਸਮੀਖਿਆ ਤੋਂ ਬਾਅਦ ਲਿਆ ਗਿਆ ਹੈ। ਗ੍ਰਹਿ ਮੰਤਰਾਲੇ ਦੇ ਬੁਲਾਰੇ ਨੇ ਕਿਹਾ, ਮੌਜੂਦਾ ਸੁਰੱਖਿਆ ਕਵਰ ਸਮੀਖਿਆ ਖਤਰੇ ਦੇ ਸ਼ੱਕ ਦੇ ਆਧਾਰ ਉੱਤੇ ਇੱਕ ਨਿਯਮਤ ਅਤੇ ਪੇਸ਼ੇਵਰ ਰਵਾਇਤ ਹੈ। ਡਾਕਟਰ ਮਨਮੋਹਨ ਸਿੰਘ ਨੂੰ ਜ਼ੈੱਡ ਪਲੱਸ ਸੁਰੱਖਿਆ ਮਿਲਦੀ ਰਹੇਗੀ।

ਸਪੈਸ਼ਲ ਸਕਿਓਰਿਟੀ ਗਰੁੱਪ (ਐੱਸ ਪੀ ਜੀ) ਵੱਲੋਂ ਦਿੱਤੀ ਸੁਰੱਖਿਆ ਵਾਪਸ ਲੈਣ ਦਾ ਫੈਸਲਾ ਕੈਬਨਿਟ ਸਕੱਤਰੇਤ ਤੇ ਗ੍ਰਹਿ ਮੰਤਰਾਲੇ ਦੀਆਂ ਵੱਖ-ਵੱਖ ਖੁਫੀਆ ਏਜੰਸੀਆਂ ਤੋਂ ਮਿਲੀ ਜਾਣਕਾਰੀ ਦੇ ਆਧਾਰ ਸਣੇ ਤਿੰਨ ਮਹੀਨੇ ਸਮੀਖਿਆ ਕੀਤੇ ਜਾਣ ਤੋਂ ਬਾਅਦ ਲਿਆ ਗਿਆ ਹੈ। ਐਸ ਪੀ ਜੀ ਦੇਸ਼ ਵਿੱਚ ਦਿੱਤੀ ਜਾਣ ਵਾਲੀ ਚੋਟੀ ਦੀ ਸੁਰੱਖਿਆ ਹੈ। ਡਾਕਟਰ ਮਨਮੋਹਨ ਸਿੰਘ ਦੀ ਐੱਸ ਪੀ ਜੀ ਸੁਰੱਖਿਆ ਹਟਾਏ ਜਾਣ ਤੋਂ ਪਿੱਛੋਂ ਇਹ ਸੁਰੱਖਿਆ ਸਿਰਫ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਨੂੰ ਦਿੱਤੀ ਜਾਵੇਗੀ।

ਐੱਸ ਪੀ ਜੀ ਨਿਯਮ 1988 ਅਨੁਸ-ਾਰ 2014 ਵਿੱਚ ਪ੍ਰਧਾਨ ਮੰਤਰੀ ਅਹੁਦੇ ਤੋਂ ਹਟਣ ਦੇ ਬਾਅਦ ਡਾ: ਮਨਮੋਹਨ ਸਿੰਘ ਨੂੰ ਇੱਕ ਸਾਲ ਤੱਕ ਐੱਸ ਪੀ ਜੀ ਸੁਰੱਖਿਆ ਦਾ ਅਧਿਕਾਰ ਸੀ। ਉਹ ਅਤੇ ਉਨ੍ਹਾਂ ਦੀ ਪਤਨੀ ਸੁਦਰਸ਼ਨ ਕੌਰ ਨੂੰ ਪੇਸ਼ ਆ ਰਹੇ ਖਤਰਿਆਂ ਦੀ ਸਮੀਖਿਆ ਪਿੱਛੋਂ ਇਸ ਨੂੰ ਸਾਲਾਨਾ ਤੌਰ 'ਤੇ ਵਧਾਇਆ ਗਿਆ ਸੀ। ਡਾ: ਮਨਮੋਹਨ ਸਿੰਘ ਦੀਆਂ ਬੇਟੀਆਂ ਨੇ 2014 ਵਿੱਚ ਆਪਣੀ ਮਰਜ਼ੀ ਨਾਲ ਇਹ ਸੁਰੱਖਿਆ ਨਾ ਲੈਣ ਦਾ ਫੈਸਲਾ ਕੀਤਾ ਸੀ। ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਪਿੱਛੋਂ 1985 ਵਿੱਚ ਐੱਸ ਪੀ ਜੀ ਬਣਾਈ ਗਈ ਸੀ। ਪ੍ਰਧਾਨ ਮੰਤਰੀ ਦੀ ਸੁਰੱਖਿਆ ਲਈ ਪਾਰਲੀਮੈਂਟ ਨੇ 1988 ਵਿੱਚ ਐੱਸ ਪੀ ਜੀ ਬਿੱਲ ਪਾਸ ਕੀਤਾ ਅਤੇ ਇਸ ਮਗਰੋਂ ਇਹ ਕਾਨੂੰਨ ਬਣਿਆ। ਉਸ ਸਮੇਂ ਇਸ ਕਾਨੂੰਨ ਹੇਠ ਸਾਬਕਾ ਪ੍ਰਧਾਨ ਮੰਤਰੀ ਨੂੰ ਐੱਸ ਪੀ ਜੀ ਸੁਰੱਖਿਆ ਨਹੀਂ ਦਿੱਤੀ ਜਾਂਦੀ ਸੀ। ਵੀ ਪੀ ਸਿੰਘ ਨੇ 1989 ਵਿੱਚ ਸੱਤਾ ਵਿੱਚ ਆਉਣ ਪਿੱਛੋਂ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਐੱਸ ਪੀ ਜੀ ਸੁਰੱਖਿਆ ਹਟਾ ਦਿੱਤੀ ਸੀ।

### ਭ੍ਰਿਸ਼ਟਾਚਾਰ ਵਿਰੁੱਧ ਸਖਤੀ

## 22 ਟੈਕਸ ਅਧਿਕਾਰੀਆਂ ਨੂੰ ਜਬਰੀ ਸੇਵਾ ਮੁਕਤ ਕੀਤਾ ਗਿਆ




ਨਵੀਂ ਦਿੱਲੀ, 27 ਅਗਸਤ (ਪੋਸਟ ਬਿਊਰੋ)- ਸਰਕਾਰ ਨੇ ਭ੍ਰਿਸ਼ਟਾਚਾਰ ਅਤੇ ਹੋਰ ਦੋਸ਼ਾਂ ਵਿੱਚ ਟੈਕਸ ਵਿਭਾਗ ਦੇ 22 ਅਧਿਕਾਰੀਆਂ ਨੂੰ ਜਬਰੀ ਰਿਟਾਇਰ ਕਰ ਦਿੱਤਾ ਹੈ। ਇਹ ਫੈਸਲਾ ਮੌਲਿਕ ਨਿਯਮ 56 (ਜੇ) ਹੇਠ ਲਿਆ ਗਿਆ ਹੈ। ਜਿਨ੍ਹਾਂ 22 ਅਧਿਕਾਰੀਆਂ ਨੂੰ ਰਿਟਾਇਰ ਕੀਤਾ ਗਿਆ, ਉਨ੍ਹਾਂ ਉੱਤੇ ਭ੍ਰਿਸ਼ਟਾਚਾਰ ਉੱਤੇ ਸ਼ਿਕੰਜਾ ਕਸਦੇ ਹੋਏ ਸਰਕਾਰ ਨੇ ਇਹ ਕਦਮ ਚੁੱਕਿਆ ਹੈ। ਕੇਂਦਰੀ ਸਰਹੱਦੀ ਟੈਕਸ ਬੋਰਡ (ਸੀ ਬੀ ਆਈ ਸੀ) ਨੇ ਭ੍ਰਿਸ਼ਟਾਚਾਰ 'ਤੇ ਮੁੱਖ ਨਿਯਮ 56 ਜੇ ਤਹਿਤ ਨਿਰੀਖਕ ਪੱਧਰ ਦੇ 22 ਅਧਿਕਾਰੀਆਂ ਨੂੰ ਭ੍ਰਿਸ਼ਟਾਚਾਰ ਅਤੇ ਹੋਰ ਦੋਸ਼ਾਂ ਵਿੱਚ ਲਾਜ਼ਮੀ ਰੂਪ ਵਿੱਚ ਸੇਵਾਮੁਕਤ ਕਰ ਦਿੱਤਾ ਹੈ। ਸੀ ਬੀ ਆਈ ਸੀ ਵਿਭਾਗ ਸੰਸਾਰ ਪੱਧਰ ਉੱਤੇ ਜੀ ਐੱਸ ਟੀ ਅਤੇ ਬਰਾਮਦ ਟੈਕਸ 'ਤੇ ਨਿਗਰਾਨੀ ਰੱਖਦਾ ਹੈ। ਇਸ ਸਾਲ ਜੂਨ ਤੋਂ ਤੀਜੀ ਵਾਰ ਭ੍ਰਿਸ਼ਟ ਟੈਕਸ ਅਧਿਕਾਰੀਆਂ 'ਤੇ ਕਾਰਵਾਈ ਕੀਤੀ ਗਈ ਹੈ।

ਇਸ ਤੋਂ ਪਹਿਲਾਂ ਭਾਰਤੀ ਰੈਵੇਨਿਊ ਸਰਵਿਸ ਵਿਭਾਗ ਦੇ 27 ਚੋਟੀ ਦੇ ਅਫਸਰਾਂ ਨੂੰ ਇਸੇ ਨਿਯਮ ਹੇਠ ਲਾਜ਼ਮੀ ਰੂਪ ਵਿੱਚ ਸੇਵਾਮੁਕਤ ਕੀਤਾ ਗਿਆ। ਇੱਕ ਅਧਿਕਾਰੀ ਨੇ ਕਿਹਾ ਕਿ ਅਸੀਂ ਪਿੱਛੇ ਜਿਹੇ ਲਾਜ਼ਮੀ ਰੂਪ ਨਾਲ ਜ਼ਿਕਰ ਯੋਗ ਗਿਣਤੀ ਵਿੱਚ ਟੈਕਸ ਅਧਿਕਾਰੀਆਂ ਨੂੰ ਜਬਰੀ ਸੇਵਾਮੁਕਤ ਕੀਤਾ ਹੈ। ਅਸੀਂ ਇਸ ਤਰ੍ਹਾਂ ਦਾ ਵਿਹਾਰ ਕਦੇ ਵੀ ਬਰਦਾਸ਼ਤ ਨਹੀਂ ਕਰਾਂਗੇ। ਜਿਨ੍ਹਾਂ ਅਧਿਕਾਰੀਆਂ ਨੂੰ ਸੇਵਾਮੁਕਤ ਕੀਤਾ ਗਿਆ ਹੈ ਉਨ੍ਹਾਂ ਵਿੱਚ 11 ਨਾਗਪੁਰ ਅਤੇ ਭੋਪਾਲ ਖੇਤਰ ਦੇ ਹਨ। ਇਸ ਤੋਂ ਇਲਾਵਾ ਚੇਨਈ, ਦਿੱਲੀ, ਕੋਲਕਾਤਾ, ਮੇਰਠ ਅਤੇ ਚੰਡੀਗੜ੍ਹ ਖੇਤਰ ਦੇ ਇੱਕ ਇੱਕ ਅਤੇ ਮੁੰਬਈ, ਜੈਪੁਰ ਅਤੇ ਬੰਗਲੌਰ ਦੇ ਦੋ-ਦੋ ਅਧਿਕਾਰੀਆਂ ਨੂੰ ਸੇਵਾਮੁਕਤ ਕੀਤਾ ਗਿਆ ਹੈ।

## ਮੀਂਹ ਦੀ ਮਾਰ ਕਾਰਨ ਪਿਆਜ਼ 60 ਅਤੇ ਅਦਰਕ 150 ਦੇ ਪਾਰ

ਨਵੀਂ ਦਿੱਲੀ, 27 ਅਗਸਤ (ਪੋਸਟ ਬਿਊਰੋ)- ਇਥੇ ਇੱਕ ਪਾਸੇ ਦੇਸ਼ ਭਰ ਵਿੱਚ ਹੜ੍ਹ ਦਾ ਕਹਿਰ ਹੈ, ਦੂਜੇ ਪਾਸੇ ਘਰੇਲੂ ਔਰਤਾਂ ਦੀ ਰਸੋਈ 'ਤੇ ਮੀਂਹ ਦੀ ਮਾਰ ਪੈ ਰਹੀ ਹੈ। ਪਿਆਜ਼ ਦੀਆਂ ਕੀਮਤਾਂ 'ਚ ਲਗਾਤਾਰ ਤੇਜ਼ੀ ਆ ਰਹੀ ਹੈ। ਸਰਕਾਰ ਵੱਲੋਂ ਬਫਰ ਸਟਾਕ ਨਾਲ ਖੁੱਲ੍ਹੇ ਬਾਜ਼ਾਰ ਵਿੱਚ ਪਿਆਜ਼, ਦਾਲਾਂ ਤੇ ਖੁਰਾਕੀ ਤੇਲ ਦੀ ਵਿਕਰੀ ਦੇ ਐਲਾਨ ਅਤੇ ਜਮ੍ਹਾਂਖੋਰੀ 'ਤੇ ਕਾਰਵਾਈ ਦੇ ਹੁਕਮ ਦੇ ਬਾਵਜੂਦ ਮੁੱਲ ਲਗਾਤਾਰ ਵਧ ਰਹੇ ਹਨ। ਪਿਆਜ਼ ਅਤੇ ਅਦਰਕ ਦੇ ਭਾਅ ਵਿੱਚ ਲਗਾਤਾਰ ਵਾਧੇ ਨੇ ਰਸੋਈ ਦਾ ਬਜਟ ਵਿਗਾੜ ਦਿੱਤਾ ਹੈ। ਸਥਾਨਕ ਸਬਜ਼ੀ ਮੰਡੀਆਂ ਵਿੱਚ ਪਿਆਜ਼ ਚਾਲੀ ਤੋਂ 60 ਰੁਪਏ ਕਿਲੋ ਤੱਕ ਵਿਕ ਰਿਹਾ ਹੈ। ਉਥੇ ਹੀ ਅਦਰਕ 150 ਤੋਂ 180 ਰੁਪਏ ਕਿਲੋ ਤੱਕ ਲੋਕ ਖਰੀਦ ਰਹੇ ਹਨ। ਉਤਪਾਦਕ ਸੂਬੇ ਕਰਨਾਟਕ 'ਚ ਵੀ ਪਿਆਜ਼ ਦੀਆਂ ਕੀਮਤਾਂ ਇੱਕ ਹਫਤੇ 'ਚ ਦੁੱਗਣੀਆਂ ਹੋ ਗਈਆਂ ਹਨ।

ਆਜ਼ਾਦਪੁਰ ਮੰਡੀ ਦੇ ਆੜ੍ਹਤੀਆਂ ਮੁਤਾਬਕ ਕੀਮਤ 'ਚ ਉਛਾਲ ਦਾ ਕਾਰਨ ਮੀਂਹ ਅਤੇ ਹੜ੍ਹ ਹੈ। ਕਈ ਰਾਜਾਂ ਵਿੱਚ ਲਗਾਤਾਰ ਮੀਂਹ ਨਾਲ ਪਿਆਜ਼ ਅਤੇ ਅਦਰਕ ਦੀਆਂ ਫਸਲਾਂ ਬਰਬਾਦ ਹੋ ਗਈਆਂ ਹਨ। ਅਜਿਹੇ ਵਿੱਚ ਆਮਦ ਵਿੱਚ ਕਮੀ ਹੋਣ ਕਾਰਨ ਇਨ੍ਹਾਂ ਦੀਆਂ ਕੀਮਤਾਂ ਵਿੱਚ ਉਛਾਲ ਦੇਖਣ ਨੂੰ ਮਿਲਦਾ ਹੈ। ਓਨੀਅਨ ਟਰੇਡਰਸ ਐਸੋਸੀਏਸ਼ਨ (ਆਜ਼ਾਦਪੁਰ) ਦੇ ਸੈਕਟਰੀ ਸ੍ਰੀਕਾਂਤ ਮਿਸ਼ਰਾ ਨੇ ਦੱਸਿਆ ਕਿ ਅਦਰਕ ਅਤੇ ਪਿਆਜ਼ ਦੀ ਜ਼ਿਆਦਾਤਰ ਆਮਦ ਮਹਾਰਾਸ਼ਟਰ, ਕਰਨਾਟਕ, ਨਾਸਿਕ ਤੋਂ ਇਲਾਵਾ ਕਈ ਹੋਰ ਸੂਬਿਆਂ 'ਤੋਂ ਹੈ। ਜਿੱਥੇ ਲਗਾਤਾਰ ਮੀਂਹ ਕਾਰਨ ਫਸਲਾਂ ਖਰਾਬ ਹੋ ਗਈਆਂ ਹਨ, ਉਥੇ ਹੀ ਪਿਆਜ਼ ਤੇ ਅਦਰਕ ਦੀਆਂ ਕੀਮਤਾਂ ਵਿੱਚ ਉਛਾਲ ਆਉਣ ਦਾ ਇੱਕ ਕਾਰਨ ਜਮ੍ਹਾਖੋਰੀ ਤੇ ਮੁਨਾਫਾਖੋਰੀ ਵੀ ਹੈ। ਕੇਂਦਰ ਸਰਕਾਰ ਇਨ੍ਹਾਂ ਖਿਲਾਫ ਐਕਸ਼ਨ ਲੈ ਰਹੀ ਹੈ। ਜਾਣਕਾਰਾਂ ਮੁਤਾਬਕ ਅਜੇ ਪਿਆਜ਼ ਅਤੇ ਅਦਰਕ ਦੀਆਂ ਕੀਮਤਾਂ 'ਚ ਹੋਰ ਵਾਧੇ ਦੀ ਸੰਭਾਵਨਾ ਹੈ। ਜੁਲਾਈ ਵਿੱਚ ਹੋਣ ਵਾਲੀ ਪਿਆਜ਼ ਦੀ ਫਸਲ ਤੋਂ ਬਾਅਦ ਕਿਸਾਨ ਅਤੇ ਵਪਾਰੀ ਇਸ ਨੂੰ ਸਟਾਕ ਕਰ ਲੈਂਦੇ ਅਤੇ ਕੀਮਤ ਵਧਣ ਦਾ ਇੰਤਜ਼ਾਰ ਕਰਦੇ ਹਨ ਅਤੇ ਫਿਰ ਹੌਲੀ-ਹੌਲੀ ਸਟਾਕ ਕੱਢਦੇ ਹਨ। ਇਸ 'ਤੇ ਸਰਕਾਰ ਨੂੰ ਨਕੇਲ ਕੱਸਣ ਦੀ ਜ਼ਰੂਰਤ ਹੈ। ਆਜ਼ਾਦਪੁਰ ਏ ਪੀ ਐੱਮ ਸੀ ਅਨੁਸਾਰ ਸ਼ੁੱਕਰਵਾਰ ਨੂੰ ਮੰਡੀ 'ਚ 1619.8 ਟਨ ਪਿਆਜ਼ ਦੀ ਆਮਦ ਸੀ। ਇਸ ਵਿੱਚ ਰਾਜਸਥਾਨ ਤੋਂ 672.2 ਟਨ, ਐਮ ਪੀ ਤੋਂ 649.3 ਟਨ, ਮਹਾਰਾਸ਼ਟਰ ਤੋਂ 298.3 ਟਨ ਦੀ ਆਮਦ ਰਹੀ। ਖੁਰਾਕੀ ਮੰਤਰੀ ਰਾਮਵਿਲਾਸ ਪਾਸਵਾਨ ਨੇ ਰਾਜਾਂ ਨੂੰ ਕਿਹਾ ਹੈ ਕਿ ਉਹ ਸਥਾਨਕ ਬਾਜ਼ਾਰ ਨੂੰ ਸਪਲਾਈ ਵਧਾਉਣ ਅਤੇ ਕੀਮਤਾਂ 'ਤੇ ਕੰਟਰੋਲ ਲਈ ਕੇਂਦਰੀ ਬਫਰ ਸਟਾਕ ਤੋਂ ਪਿਆਜ਼ ਦੀ ਖਰੀਦ ਕਰਨ। ਪਿਆਜ਼ ਦਾ ਕੇਂਦਰੀ ਬਫਰ ਸਟਾਕ 50,000 ਟਨ ਹੈ। ਮੁੱਖ ਉਤਪਾਦਕ ਰਾਜਾਂ ਕਰਨਾਟਕ, ਮਹਾਰਾਸ਼ਟਰ ਅਤੇ ਗੁਜਰਾਤ ਵਿੱਚ ਹੜ੍ਹ ਦੀ ਵਜ੍ਹਾ ਨਾਲ ਪਿਆਜ਼ ਦੀ ਕਾਫੀ ਫਸਲ ਖਰਾਬ ਹੋਈ ਹੈ। ਇਸ ਨਾਲ ਦਿੱਲੀ ਅਤੇ ਕੁਝ ਹੋਰ ਚੋਣਵੇਂ ਸ਼ਹਿਰਾਂ 'ਚ ਪਿਆਜ਼ ਦੀ ਸਪਲਾਈ ਪ੍ਰਭਾਵਤ ਹੋਈ ਹੈ। ਖਪਤਕਾਰ ਮਾਮਲਿਆਂ ਦੇ ਮੰਤਰਾਲਾ ਦੇ ਅੰਕੜਿਆਂ ਅਨੁਸਾਰ ਚੰਡੀਗੜ੍ਹ 'ਚ ਪਿਆਜ਼ ਦਾ ਮੁੱਲ 45 ਰੁਪਏ ਪ੍ਰਤੀ ਕਿਲੋਗਰਾਮ ਸੀ। ਦਿੱਲੀ ਵਿੱਚ ਇਹ 42 ਰੁਪਏ ਤੇ ਵਾਰਾਣਸੀ ਅਤੇ ਆਇਜ਼ੋਲ ਸਮੇਤ ਛੇ ਸ਼ਹਿਰਾਂ ਵਿੱਚ ਚਾਲੀ ਰੁਪਏ ਪ੍ਰਤੀ ਕਿਲੋ-ਗਰਾਮ 'ਤੇ ਸੀ।

# ਚੀਨ ਦੀ ਰਾਏ, ਕਸ਼ਮੀਰ ਮਸਲਾ ਦੁਵੱਲੀ ਗੱਲਬਾਤ ਨਾਲ ਹੀ ਹੱਲ ਹੋਵੇਗਾ

ਬੀਜਿੰਗ, 27 ਅਗਸਤ (ਪੋਸਟ ਬਿਊਰੋ)- ਕਸ਼ਮੀਰ ਤੋਂ ਧਾਰਾ 370 ਹਟਾਉਣ ਤੋਂ ਚੀਨ ਹੈਰਾਨ ਹੈ, ਪਰ ਉਹ ਆਪਣੇ ਮਿੱਤਰ ਦੇਸ਼ ਪਾਕਿਸਤਾਨ ਦੀਆਂ ਗੱਲਾਂ 'ਤੇ ਅੱਖਾਂ ਬੰਦ ਕਰਕੇ ਭਰੋਸਾ ਕਰਨ ਨੂੰ ਤਿਆਰ ਨਹੀਂ।



ਚੀਨ ਦੀ ਕੂਟਨੀਤੀ 'ਚ ਅਹਿਮ ਭੂਮਿਕਾ ਨਿਭਾਉਣ ਵਾਲੇ ਬੀਜਿੰਗ ਦੇ ਪ੍ਰਮੁੱਖ ਥਿੰਕ ਟੈਂਕ ਇਹ ਮੰਨਦੇ ਹਨ ਕਿ ਆਖਰ ਭਾਰਤ ਤੇ ਪਾਕਿਸਤਾਨ ਨੂੰ ਆਪਸੀ ਸਮਝ ਨਾਲ ਕਸ਼ਮੀਰ ਦਾ ਹੱਲ ਕੱਢਣਾ ਪਵੇਗਾ। ਵਿਦੇਸ਼ ਮੰਤਰੀ ਨਾਲ ਜੁੜੇ ਇਹ ਥਿੰਕ ਟੈਂਕ ਅਜੇ ਵੀ ਇਹ ਮੰਨਣ ਨੂੰ ਤਿਆਰ ਨਹੀਂ ਕਿ ਕਸ਼ਮੀਰ ਸਿਰਫ ਭਾਰਤ ਦਾ ਅੰਦਰੂਨੀ ਮੁੱਦਾ ਹੈ। ਚਾਈਨਾ ਇੰਸਟੀਚਿਊਟ ਆਫ ਇੰਟਰਨੈਸ਼ਨਲ ਸਟਡੀਜ਼ ਦੇ ਡਿਪਟੀ ਡਾਇਰੈਕਟਰ ਲਾਨ ਜਿਆਂਸ਼ੂ ਮੁਤਾਬਕ ਧਾਰਾ 370 ਰੱਦ ਕਰਨ ਦੇ ਭਾਰਤ ਦੇ ਕਦਮ ਨੂੰ ਅਸੀਂ ਹੈਰਾਨ ਕਰਨ ਵਾਲਾ ਇਸ ਲਈ ਮੰਨਦੇ ਹਾਂ ਕਿਉਂਕਿ ਇਸ ਕਾਰਨ ਸਥਿਤੀ ਬਦਲ ਗਈ ਹੈ। ਜਦੋਂ ਵੀ ਸਥਿਤੀ ਬਦਲਦੀ ਹੈ ਤਾਂ ਉਸ ਦਾ ਅਸਰ ਹੁੰਦਾ ਹੈ। ਇਹ ਸਥਾਨਕ ਲੋਕਾਂ ਦੀ ਇੱਛਾ ਦਾ ਮਾਮਲਾ ਹੈ। ਨਾਲ ਇਹ ਯੂ ਐਨ ਨਾਲ ਵੀ ਜੁੜਿਆ ਹੈ ਤੇ ਭਾਰਤ ਪਾਕਿਸਤਾਨ ਵਿਚਕਾਰ ਦੁਵੱਲਾ ਵੀ ਹੈ। ਇਸ ਦੇ ਬਾਵਜੂਦ ਅਸੀਂ ਮੰਨਦੇ ਹਾਂ ਕਿ ਅਜਿਹੀ ਕੋਈ ਸਮੱਸਿਆ ਨਹੀਂ ਹੈ, ਜਿਸ ਦਾ ਗੰਭੀਰ ਗੱਲਬਾਤ ਨਾਲ ਹੱਲ ਨਾ ਹੋ ਸਕੇ। ਚੀਨ ਇਹ ਵੀ ਮੰਨਦਾ ਹੈ ਕਿ ਇਕ ਵੱਡੇ ਤੇ ਸੰਭਾਵਿਤ ਸੁਪਰ ਪਾਵਰ ਹੋਣ ਕਾਰਨ ਭਾਰਤ ਦੀ ਵਿਸ਼ੇਸ਼ ਜ਼ਿੰਮੇਵਾਰੀ ਹੈ ਕਿ ਉਹ ਉਲਝੇ ਹੋਏ ਮੁੱਦਿਆਂ 'ਤੇ ਗੱਲਬਾਤ ਕਦੀ ਬੰਦ ਨਾ ਕਰੇ।

ਇਸ ਸਲਾਹਕਾਰ ਮੁਤਾਬਕ ਅੱਤਵਾਦ 'ਤੇ ਭਾਰਤ ਦਾ ਪੱਖ ਮਜ਼ਬੂਤ ਹੈ ਲਿਹਾਜ਼ਾ ਉਸ ਨੂੰ ਗੱਲਬਾਤ ਦੀ ਮੇਜ਼ 'ਤੇ ਆਪਣੀ ਗੱਲ ਮਨਵਾਉਣ ਦਾ ਵਧੇਰੇ ਮੌਕਾ ਮਿਲੇਗਾ। ਚੀਨ ਪਹਿਲਾਂ ਵੀ ਕਹਿੰਦਾ ਰਿਹਾ ਹੈ ਕਿ ਕਸ਼ਮੀਰ ਮਸਲੇ ਨੂੰ ਭਾਰਤ ਤੇ ਪਾਕਿਸਤਾਨ ਮਿਲ ਕੇ ਹੱਲ ਕਰਨ। ਵਰਨਣ ਯੋਗ ਹੈ ਕਿ ਇਸ ਮਹੀਨੇ ਦੇ ਸ਼ੁਰੂ 'ਚ ਭਾਰਤ ਨੇ ਜਦੋਂ ਧਾਰਾ 370 ਹਟਾਉਣ ਦਾ ਫੈਸਲਾ ਕੀਤਾ ਤਾਂ ਪਾਕਿਸਤਾਨ ਤੇ ਚੀਨ ਦੀ ਪਹਿਲ 'ਤੇ ਯੂ ਐਨ ਸੁਰੱਖਿਆ ਪ੍ਰੀਸ਼ਦ ਦੀ ਕਸ਼ਮੀਰ 'ਤੇ ਇਕ ਬੰਦ ਕਮਰੇ 'ਚ ਬੈਠਕ ਹੋਈ ਸੀ, ਪਰ ਇਸ 'ਤੇ ਕੋਈ ਬਿਆਨ ਜਾਰੀ ਨਹੀਂ ਕੀਤਾ ਗਿਆ ਸੀ। ਬੈਠਕ 'ਚ ਅਮਰੀਕਾ, ਰੂਸ ਤੇ ਫਰਾਂਸ ਦਾ ਰੁਖ਼ ਭਾਰਤ ਪ੍ਰਤੀ ਸਕਾਰਾਤਮਕ ਸੀ।

# ਹਾਂਗਕਾਂਗ 'ਚ ਲੋਕਾਂ ਵੱਲੋਂ ਪੁਲਸ ਵਾਲਿਆਂ ਦੀ ਕੁੱਟਮਾਰ



ਹਾਂਗਕਾਂਗ, 27 ਅਗਸਤ (ਪੋਸਟ ਬਿਊਰੋ)- ਹਾਂਗਕਾਂਗ 'ਚ ਪ੍ਰਦਰਸ਼ਨ ਕਰਦੇ ਲੋਕਾਂ ਨੇ ਕੱਲ੍ਹ ਰਾਤ ਅਧਿਕਾਰੀਆਂ ਉਤੇ ਲਾਠੀਆਂ ਤੇ ਲੋਹੇ ਦੀਆਂ ਛੜਾਂ ਨਾਲ ਹਮਲਾ ਕਰ ਦਿੱਤਾ। ਇਸ ਦੇ ਬਾਅਦ ਪ੍ਰਦਰਸ਼ਨ ਨੇ ਹਿੰਸਕ ਰੂਪ ਧਾਰ ਲਿਆ, ਜਿਸ ਦੇ ਬਾਅਦ 36 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਹਵਾਲਗੀ ਬਿੱਲ ਦੇ ਖਿਲਾਫ ਸ਼ੁਰੂ ਹੋਏ ਵਿਰੋਧ ਪ੍ਰਦਰਸ਼ਨਾਂ ਦਾ ਦਾਇਰਾ ਹਾਲ ਹੀ 'ਚ ਉਸ ਵੇਲੇ ਹੋਰ ਵਧ ਗਿਆ ਜਦ ਲੋਕਤੰਤਰ ਸਮਰਥਕ ਅੰਦੋਲਨ ਜ਼ਰੀਏ ਬੀਜਿੰਗ ਸਮਰਥਕ ਸਰਕਾਰ ਨੂੰ ਇਸ 'ਚ ਨਿਸ਼ਾਨਾ ਬਣਾਇਆ ਜਾਣ ਲੱਗਾ। ਪ੍ਰਦਰਸ਼ਨਕਾਰੀ ਉਥੇ ਸਰਕਾਰ ਦੇ ਖਿਲਾਫ ਪਿਛਲੇ ਤਿੰਨ ਮਹੀਨਿਆਂ ਤੋਂ ਸੜਕਾਂ 'ਤੇ ਹਨ ਅਤੇ ਇਸ ਦੌਰਾਨ ਪ੍ਰਦਰਸ਼ਨਾਂ ਨੇ ਕਈ ਵਾਰੀ ਹਿੰਸਕ ਰੂਪ ਧਾਰਨ ਕੀਤਾ। ਸੁਅਨ ਵਾਨ ਜ਼ਿਲੇ 'ਚ ਇਕ ਨੇੜੇ ਦੇ ਖੇਡ ਸਟੇਡੀਅਮ 'ਚ ਬੀਤੇ ਦਿਨ ਪ੍ਰਦਰਸ਼ਨਕਾਰੀਆਂ ਨੇ ਰੈਲੀ ਕੀਤੀ। ਮੀਂਹ ਦੌਰਾਨ ਲੋਕਾਂ ਨੇ ਵੱਡੀ ਗਿਣਤੀ 'ਚ ਰੈਲੀ 'ਚ ਹਿੱਸਾ ਲਿਆ। ਹਿੰਸਕਾਂ ਭੀੜ ਨੇ ਪੁਲਸ ਨੂੰ ਰੋਕਣ ਲਈ ਅਸਥਾਈ ਬੈਰੀਕੇਡ ਲਗਾਏ। ਰੈਲੀ ਤੋਂ ਬਾਅਦ ਪੁਲਸ ਤੇ ਪ੍ਰਦਰਸ਼ਨਕਾਰੀਆਂ 'ਚ ਹਿੰਸਕ ਝੜਪਾਂ ਹੋਈਆਂ। ਪੁਲਸ ਨੇ ਭੀੜ ਨੂੰ ਕਾਬੂ ਕਰਨ ਲਈ ਅੱਥਰੂ ਗੈਸ ਦੇ ਗੋਲੇ ਛੱਡੇ ਅਤੇ ਪਾਣੀ ਦੀਅ ਬੁਛਾੜਾਂ ਮਾਰੀਆਂ। ਇਸ ਤੋਂ ਬਾਅਦ ਪ੍ਰਦਰਸ਼ਨਕਾਰੀਆਂ ਨੇ ਪੁਲਸ 'ਤੇ ਲਾਠੀਆਂ ਵਰਸਾਈਆਂ ਤੇ ਅਫਸਰਾਂ ਨੂੰ ਸੜਕਾਂ 'ਤੇ ਦੌੜਾਇਆ। ਬਾਅਦ 'ਚ ਪੁਲਸ ਨੇ ਪਾਣੀ ਦੀਆਂ ਤੋਪਾਂ ਚਲਾਈਆਂ ਅਤੇ 12 ਸਾਲਾ ਬੱਚੇ ਸਮੇਤ 36 ਲੋਕਾਂ ਨੂੰ ਹਿਰਾਸਤ 'ਚ ਲੈ ਲਿਆ।

# ਦੁਵਲੇ ਸਬੰਧ ਧਾਰਮਿਕ ਭਾਵਨਾਵਾਂ ਤੋਂ ਉਪਰ: ਕੁਰੈਸ਼ੀ

ਇਸਲਾਮਾਬਾਦ, 27 ਅਗਸਤ (ਪੋਸਟ ਬਿਊਰੋ)- ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਹੈ ਕਿ ਦੋ ਦੇਸ਼ਾਂ ਵਿਚਾਲੇ ਦੁਵੱਲੇ ਸਬੰਧ ਧਾਰਮਿਕ ਭਾਵਨਾਵਾਂ ਤੋਂ ਉੱਪਰ ਹਨ। ਇਕ ਮੀਡੀਆ ਰਿਪੋਰਟ ਅਨੁਸਾਰ ਉਨ੍ਹਾਂ ਸੰਯੁਕਤ ਅਰਬ ਅਮੀਰਾਤ ਵੱਲੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਦਿੱਤੇ ਗਏ ਅਰਬ ਦੇਸ਼ਾਂ ਦੇ ਸਭ ਤੋਂ ਉੱਚੇ ਨਾਗਰਿਕ ਪੁਰਸਕਾਰ ਦੇ ਮੁੱਦੇ ਨੂੰ ਅਣਗੌਲਿਆਂ ਕਰਨ ਦੀ ਕੋਸ਼ਿਸ਼ ਕੀਤੀ ਹੈ। 'ਦਿ ਡਾਅਨ' ਅਖ਼ਬਾਰ ਦੀ ਰਿਪੋਰਟ ਅਨੁਸਾਰ ਇਸ ਸਬੰਧੀ ਸ੍ਰੀ ਕੁਰੈਸ਼ੀ ਨੇ ਕਿਹਾ ਕਿ ਸੰਯੁਕਤ ਅਰਬ ਅਮੀਰਾਤ ਜਾਂ ਕਿਸੇ ਵੀ ਹੋਰ ਦੇਸ਼ ਦਾ ਇਹ ਅਧਿਕਾਰ ਹੈ ਕਿ ਉਹ ਆਪਣੀ ਮਰਜ਼ੀ ਦੇ ਕਿਸੇ ਵੀ ਦੇਸ਼ ਨਾਲ ਦੁਵੱਲੇ ਸਬੰਧ ਕਾਇਮ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਕੌਮਾਂਤਰੀ ਸਬੰਧ ਧਾਰਮਿਕ ਭਾਵਨਾਵਾਂ ਤੋਂ ਉੱਪਰ ਹਨ। ਸੰਯੁਕਤ ਅਰਬ ਅਮੀਰਾਤ ਤੇ ਭਾਰਤ ਦੇ ਨਿਵੇਸ਼ ਸਬੰਧੀ ਪੁਰਾਣੇ ਸਬੰਧ ਰਹੇ ਹਨ। ਉਨ੍ਹਾਂ ਕਿਹਾ ਕਿ ਕਸ਼ਮੀਰ ਦੇ ਹਾਲਾਤ ਸਬੰਧੀ ਜਾਣੂ ਕਰਵਾਉਣ ਲਈ ਜਲਦੀ ਹੀ ਉਹ ਸੰਯੁਕਤ ਅਰਬ ਅਮੀਰਾਤ ਦੇ ਵਿਦੇਸ਼ ਮੰਤਰੀ ਨਾਲ ਮੀਟਿੰਗ ਕਰਨਗੇ।

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸੰਯੁਕਤ ਅਰਬ ਅਮੀਰਾਤ ਦੇ ਸਭ ਤੋਂ ਉੱਚੇ ਨਾਗਰਿਕ ਪੁਰਸਕਾਰ 'ਆਰਡਰ ਆਫ਼ ਜ਼ਾਇਦ' ਨਾਲ ਸਨਮਾਨਿਤ ਕੀਤੇ ਜਾਣ ਤੋਂ ਬਾਅਦ ਪਾਕਿਸਤਾਨ ਦੇ ਸੈਨੇਟ ਚੇਅਰਮੈਨ ਸਾਦਿਕ ਸੰਜਰਾਨੀ ਵੱਲੋਂ ਐਤਵਾਰ ਨੂੰ ਸੰਯੁਕਤ ਅਰਬ ਅਮੀਰਾਤ ਦਾ ਆਪਣਾ ਸਰਕਾਰੀ ਦੌਰਾ ਰੱਦ ਕਰਨ ਮਗਰੋਂ ਕੁਰੈਸ਼ੀ ਦਾ ਇਹ ਬਿਆਨ ਆਇਆ ਹੈ। ਸੰਜਰਾਨੀ ਨੇ ਇਕ ਸੰਸਦੀ ਵਫ਼ਦ ਦੇ ਨਾਲ 25 ਅਗਸਤ ਤੋਂ 28 ਅਗਸਤ ਤੱਕ ਸੰਯੁਕਤ ਅਰਬ ਅਮੀਰਾਤ ਦੇ ਸਰਕਾਰੀ ਦੌਰੇ 'ਤੇ ਜਾਣਾ ਸੀ। ਭਾਰਤ ਵੱਲੋਂ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕੀਤੇ ਜਾਣ ਅਤੇ ਇਸ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਚ ਵੰਡੇ ਜਾਣ ਤੋਂ ਬਾਅਦ ਉਨ੍ਹਾਂ ਇਹ ਦੌਰਾ ਇਸ ਵਾਸਤੇ ਰੱਦ ਕੀਤਾ ਕਿਉਂਕਿ ਪਾਕਿਸਤਾਨ ਕਸ਼ਮੀਰ ਲੋਕਾਂ ਨੂੰ ਵਧ ਚੜ੍ਹ ਕੇ ਸਮਰਥਨ ਕਰਦਾ ਹੈ।

# ਗ੍ਰਿਫਤਾਰੀ ਦੀਆਂ ਖ਼ਬਰਾਂ ਤੋਂ ਭਾਰਤੀ ਮੂਲ ਦੀ ਐਮ ਪੀ ਪ੍ਰੇਸ਼ਾਨ

ਵਾਸ਼ਿੰਗਟਨ, 26 ਅਗਸਤ (ਪੋਸਟ ਬਿਊਰੋ)- ਭਾਰਤੀ ਮੂਲ ਦੀ ਅਮਰੀਕੀ ਪਾਰਲੀਮੈਂਟ ਮੈਂਬਰ ਪ੍ਰਾਮਿਲਾ ਜਯਾਪਾਲ ਨੇ ਕਿਹਾ ਕਿ ਜੰਮੂ ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਦੇ ਬਹੁਤੇ ਹਿੱਸਿਆਂ ਨੂੰ ਭਾਰਤ ਵੱਲੋਂ ਖਤਮ ਕਰਨ ਦੇ ਬਾਅਦ ਕਸ਼ਮੀਰ 'ਚ ਗ੍ਰਿਫਤਾਰੀਆਂ ਦੀਆਂ ਖ਼ਬਰਾਂ ਬਾਰੇ ਉਹ ਪ੍ਰੇਸ਼ਾਨ ਹੈ।

ਅਮਰੀਕੀ ਪ੍ਰਤੀਨਿਧ ਸਭਾ ਦੀ ਮੈਂਬਰ ਪ੍ਰਾਮਿਲਾ ਨੇ ਕਿਹਾ ਕਿ ਕਸ਼ਮੀਰ 'ਚ ਭਾਰਤ ਸਰਕਾਰ ਦੁਆਰਾ 2000 ਲੋਕਾਂ ਦੀਆਂ ਗ੍ਰਿਫਤਾਰੀਆਂ ਕੀਤੇ ਜਾਣ ਦੀਆਂ ਖ਼ਬਰਾਂ ਹਨ। ਡੈਮੋਕ੍ਰੇਟਿਕ ਪਾਰਲੀਮੈਂਟ ਮੈਂਬਰ ਪ੍ਰਾਮਿਲਾ ਅਮਰੀਕੀ ਪ੍ਰਤੀਨਿਧ ਸਭਾ (ਹਾਊਸ ਆਫ ਰਿਪ੍ਰੈਜ਼ੈਂਟੇਟਿਵ) ਵਿੱਚ ਚੁਣੀ ਜਾਣ ਵਾਲੀ ਅਤੇ ਇਕੋ ਇੱਕ ਭਾਰਤੀ ਮੂਲ ਦੀ ਅਮਰੀਕੀ ਔਰਤ ਹੈ। ਆਮ ਕਰ ਕੇ ਅਮਰੀਕੀ ਪਾਰਲੀਮੈਂਟ 'ਚ ਮਨੁੱਖੀ ਅਧਿਕਾਰਾਂ ਦੇ ਮੁੱਦੇ ਉਠਾਉਣ ਵਾਲੀ ਪ੍ਰਾਮਿਲਾ ਨੇ ਕਿਹਾ ਕਿ ਲੋਕਤੰਤਰ ਵਿੱਚ ਪਾਰਦਰਸ਼ਿਤਾ, ਉਚਿਤ ਪ੍ਰਕਿਰਿਆ, ਇਕੱਠੇ ਹੋਣ, ਬੋਲਣ ਅਤੇ ਵਿਚਾਰਾਂ ਦੀ ਆਜ਼ਾਦੀ ਬਹੁਤ ਜ਼ਰੂਰੀ ਹੈ। ਇਹ ਬਿਲਕੁਲ ਜ਼ਰੂਰੀ ਹੈ, ਇਥੋਂ ਤੱਕ ਕਿ ਸਭ ਤੋਂ ਮੁਸ਼ਕਿਲ ਹਾਲਾਤ 'ਚ ਵੀ। ਉਨ੍ਹਾਂ ਆਪਣੇ ਟਵਿੱਟਰ ਅਕਾਊਂਟ ਉੱਤੇ ਨਿਊਯਾਰਕ ਟਾਈਮਸ ਦੀ ਇਕ ਖ਼ਬਰ ਵੀ ਸਾਂਝੀ ਕੀਤੀ ਹੈ। ਅਮਰੀਕੀ ਪਾਰਲੀਮੈਂਟ ਮੈਂਬਰ ਐਡਮ ਸਕੀਫ ਨੇ ਕਿਹਾ ਕਿ ਵਿਚਾਰਾਂ ਦੀ ਆਜ਼ਾਦੀ ਤੇ ਸੂਚਨਾ ਤੱਕ ਪਹੁੰਚ ਵਰਗੇ ਮੁੱਢਲੇ ਮਨੁੱਖੀ ਅਧਿਕਾਰਾਂ ਦੀ ਜ਼ਰੂਰ ਰਾਖੀ ਕੀਤੀ ਜਾਣੀ ਚਾਹੀਦੀ ਹੈ। ਇਕ ਦਿਨ ਪਹਿਲਾਂ ਅਮਰੀਕੀ ਕਾਂਗਰਸ ਮੈਂਬਰ ਪੀਟਰ ਕਿੰਗ ਨੇ ਕਸ਼ਮੀਰ ਬਾਰੇ ਭਾਰਤ ਪਾਕਿਸਤਾਨ ਦਰਮਿਆਨ ਵਿਵਾਦ 'ਤੇ ਚਰਚਾ ਕਰਨ ਲਈ ਨਿਊਯਾਰਕ 'ਚ ਭਾਰਤੀ ਰਾਜਦੂਤ ਨਾਲ ਗੱਲਬਾਤ ਕੀਤੀ ਸੀ। ਪੀਟਰ ਨੇ ਕਿਹਾ ਮੈਂ ਭਾਰਤ ਦੀ ਕਾਰਵਾਈ ਸਮਝਦਾ ਹਾਂ ਅਤੇ ਪਾਕਿਸਤਾਨ ਤੇ ਕਸ਼ਮੀਰ 'ਚ ਇਸਲਾਮੀ ਤੱਤਾਂ ਬਾਰੇ ਚਿੰਤਤ ਹਾਂ। ਮੈਂ ਦੋਵਾਂ ਦੇਸ਼ਾਂ ਨੂੰ ਕੂਟਨੀਤਕ ਪੱਧਰ 'ਤੇ ਸਮੱਸਿਆ ਹੱਲ ਕਰਨ ਦੀ ਬੇਨਤੀ ਕਰਦਾ ਹਾਂ।

# ਮਲੇਸ਼ੀਆ ਦੇ ਗ੍ਰਹਿ ਮੰਤਰੀ ਮੁਤਾਬਕ ਜ਼ਾਕਿਰ ਨਾਈਕ ਵੀ ਕਾਨੂੰਨ ਤੋਂ ਉਪਰ ਨਹੀਂ

ਕੁਲਾਲਾਲੰਪੁਰ, 27 ਅਗਸਤ (ਪੋਸਟ ਬਿਊਰੋ)- ਵਿਵਾਦਤ ਇਸਲਾਮਿਕ ਪ੍ਰਚਾਰਕ ਜ਼ਾਕਿਰ ਨਾਈਕ 'ਤੇ ਮਲੇਸ਼ੀਆ 'ਚ ਜਨਤਕ ਭਾਸ਼ਣ ਦੇਣ 'ਤੇ ਪਾਬੰਦੀ ਲੱਗਣ ਮਗਰੋਂ ਗ੍ਰਹਿ ਮੰਤਰੀ ਤਾਨ ਮੁਹੱਈਦੀਨ ਨੇ ਕਿਹਾ ਹੈ ਕਿ ਕੋਈ ਵੀ ਦੇਸ਼ ਦੇ ਕਾਨੂੰਨ ਤੋਂ ਉਪਰ ਨਹੀਂ ਹੈ। ਗ੍ਰਹਿ ਮੰਤਰੀ ਨੇ ਕਿਹਾ ਕਿ ਇਸਲਾਮਿਕ ਪ੍ਰਚਾਰਕ ਦੇ ਬਿਆਨ ਨਾਲ ਕੌੜ ਪੈਦਾ ਹੋਈ ਹੈ। ਇਹੀ ਕਾਰਨ ਹੈ ਕਿ ਨਿਆਂ ਯਕੀਨੀ ਕਰਨਾ ਜ਼ਰੂਰੀ ਹੈ।



ਮਲਯ ਟਾਈਮਜ਼ 'ਚ ਕੱਲ੍ਹ ਛਪੀ ਰਿਪੋਰਟ 'ਚ ਇਹ ਜਾਣਕਾਰੀ ਦਿੱਤੀ ਗਈ ਹੈ। ਪਿੱਛੇ ਜਿਹੇ ਆਪਣੀ ਵਾਪਸੀ ਦੇ ਸੱਦੇ ਦੇ ਜਵਾਬ ਵਿੱਚ ਨਾਈਕ ਨੇ 'ਬੇਰਸਾਮਾ ਡਾ. ਜ਼ਾਕਿਰ ਨਾਈਕ ਨਾਲ ਵਿਸ਼ੇਸ਼ ਵਾਰਤਾ' ਦੌਰਾਨ ਮਲੇਸ਼ੀਆ ਦੇ ਚੀਨੀ ਨਾਗਰਿਕਾਂ ਨੂੰ ਵਾਪਸ ਜਾਣ ਲਈ ਕਿਹਾ ਸੀ। ਉਸ ਨੇ ਕਿਹਾ ਸੀ ਕਿ ਸਭ ਤੋਂ ਪਹਿਲਾਂ ਤਾਂ ਉਹ ਹੀ ਇਸ ਦੇਸ਼ ਦੇ ਪੁਰਾਣੇ ਮਹਿਮਾਨ ਹਨ। ਮਲੇਸ਼ੀਆ 'ਚ ਹਿੰਦੂਆਂ ਦੀ ਤੁਲਨਾ 'ਚ ਭਾਰਤੀ ਮੁਸਲਮਾਨਾਂ ਨਾਲ ਕਰਨ ਦੀ ਕਈ ਪਾਰਟੀਆਂ ਨੇ ਨਿੰਦਾ ਕੀਤੀ ਸੀ। ਉਸ ਨੇ ਕਿਹਾ ਸੀ ਕਿ ਇਥੋਂ ਦੇ ਹਿੰਦੂਆਂ ਨੂੰ ਭਾਰਤ ਦੇ ਮੁਸਲਮਾਨਾਂ ਦੀ ਤੁਲਨਾ 'ਚ 100 ਫੀਸਦੀ ਤੋਂ ਵੱਧ ਅਧਿਕਾਰ ਹਾਸਲ ਹਨ। ਭਾਰਤ 'ਚ ਲੋੜੀਂਦੇ ਨਾਈਕ ਨੂੰ ਮਲੇਸ਼ੀਆ ਦੀ ਸਾਬਕਾ ਸਰਕਾਰ ਵੱਲੋਂ ਸਥਾਈ ਨਿਵਾਸ ਦਿੱਤਾ ਗਿਆ ਹੈ। ਉਹ ਪਿਛਲੇ ਤਿੰਨ ਸਾਲ ਤੋਂ ਉਥੇ ਰਹਿ ਰਿਹਾ ਹੈ। ਨਾਈਕ 'ਤੇ ਭਾਰਤ 'ਚ ਫਿਰਕੂ ਸਦਭਾਵਨਾ ਵਿਗਾੜਨ ਤੇ ਗੈਰ ਕਾਨੂੰਨੀ ਸਰਗਰਮੀਆਂ ਚਲਾਉਣ ਦਾ ਦੋਸ਼ ਹੈ। ਢਾਕਾ 'ਚ ਜੁਲਾਈ 2016 'ਚ ਬੇਕਰੀ 'ਚ ਹੋਏ ਅੱਤਵਾਦੀ ਹਮਲੇ ਦੇ ਸਿਲਸਿਲੇ 'ਚ ਉਸ ਖਿਲਾਫ ਭਾਰਤ ਤੋਂ ਇਲਾਵਾ ਬੰਗਲਾ ਦੇਸ਼ 'ਚ ਵੀ ਜਾਂਚ ਚੱਲ ਰਹੀ ਹੈ। ਭਾਰਤ ਨੇ ਕਿਹਾ ਹੈ ਕਿ ਉਸ ਨੇ ਮਲੇਸ਼ੀਆ ਤੋਂ ਹਵਾਲਗੀ ਦੀ ਰਸਮੀ ਬੇਨਤੀ ਕੀਤੀ ਹੈ ਤੇ ਅੱਗੇ ਵੀ ਯਤਨ ਜਾਰੀ ਰੱਖੇਗਾ।

# ਸੜਕ ਹਾਦਸੇ ਵਿੱਚ ਦੋ ਮੌਤਾਂ ਕਾਰਨ ਪੰਜਾਬੀ ਨੂੰ ਕੀਤਾ ਗ੍ਰਿਫਤਾਰ

ਸਿਡਨੀ, 27 ਅਗਸਤ (ਪੋਸਟ ਬਿਊਰੋ)- ਸਿਡਨੀ ਦੇ ਡੁਨਸਾਈਡ ਇਲਾਕੇ 'ਚ ਦੇਰ ਰਾਤ ਦੋ ਕਾਰਾਂ ਦੀ ਟੱਕਰ ਵਿੱਚ ਇਕ ਜੋੜੇ ਦੀ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ।



ਮਿਲੀ ਜਾਣਕਾਰੀ ਅਨੁਸਾਰ ਹਰਜਿੰਦਰ ਸਿੰਘ ਨਿਸ਼ਾਨ ਸੀਡਾਨ ਕਾਰ ਵਿੱਚ ਸੀ, ਜਿਸ ਨੇ ਇਕ ਬਜ਼ੁਰਗ ਜੋੜੇ ਦੀ ਕਾਰ ਨੂੰ ਟੱਕਰ ਮਾਰੀ। ਇਸ ਮੌਕੇ 83 ਸਾਲਾ ਬਜ਼ੁਰਗ ਦੀ ਮੌਤ ਹੋ ਗਈ, ਜਦ ਕਿ ਉਸ ਦੀ ਪਤਨੀ ਨੇ ਵੈਸਟਮੀਡ ਹਸਪਤਾਲ 'ਚ ਦਮ ਤੋੜ ਦਿੱਤਾ। ਇਸ ਜੋੜੇ ਦੇ ਵਿਆਹ ਨੂੰ 50 ਸਾਲ ਹੋ ਗਏ ਹਨ ਤੇ ਕੁਝ ਘੰਟੇ ਦੇ ਫਰਕ ਨਾਲ ਇਸ ਜਹਾਨ ਨੂੰ ਅਲਵਿਦਾ ਕਹਿ ਗਏ। ਹਰਜਿੰਦਰ ਸਿੰਘ ਨੂੰ ਪੁਲਸ ਨੇ ਗ੍ਰਿਫਤਾਰ ਕਰ ਲਿਆ ਅਤੇ ਲਾਪਰਵਾਹੀ ਨਾਲ ਗੱਡੀ ਚਲਾਉਣ, ਹਾਦਸੇ 'ਚ ਦੋ ਨੂੰ ਮਾਰਨ, ਖਤਰਨਾਕ ਡਰਾਈਵਿੰਗ ਆਦਿ ਅਪਰਾਧ ਦਰਜ ਕੀਤੇ ਹਨ। ਹਰਜਿੰਦਰ ਸਿੰਘ ਨੂੰ ਬਲੈਕਟਾਊਨ ਅਦਾਲਤ 'ਚ ਪੇਸ਼ ਕੀਤਾ ਗਿਆ, ਜਿਥੇ ਉਸ ਦੀ ਜ਼ਮਾਨਤ ਰੱਦ ਕਰ ਦਿੱਤੀ ਹੈ। 24 ਅਕਤੂਬਰ ਨੂੰ ਫਿਰ ਉਸ ਨੂੰ ਅਦਾਲਤ ਪੇਸ਼ ਕੀਤਾ ਜਾਵੇਗਾ। ਇਸ ਕੇਸ ਬਾਰੇ ਜੇ ਕਿਸੇ ਨੂੰ ਹੋਰ ਪਤਾ ਹੈ ਤਾਂ ਪੁਲਸ ਨੇ ਦੱਸਣ ਲਈ ਕਿਹਾ ਹੈ। ਗੌਰਤਲਬ ਹੈ ਕਿ ਹਰਜਿੰਦਰ ਕੋਲ ਭਾਰਤੀ ਡਰਾਈਵਿੰਗ ਲਾਇਸੈਂਸ ਸੀ, ਜਿਸ 'ਤੇ ਉਹ ਗੱਡੀ ਚਲਾ ਰਿਹਾ ਸੀ।

# ਬੱਚਿਆਂ ਦੇ ਬ੍ਰੇਨ ਕੈਂਸਰ ਦੇ ਇਲਾਜ ਦਾ ਨਵਾਂ ਢੰਗ ਲੱਭ ਲਿਆ

ਵਾਸ਼ਿੰਗਟਨ, 27 ਅਗਸਤ (ਪੋਸਟ ਬਿਊਰੋ)- ਬੱਚਿਆਂ ਨੂੰ ਆਪਣਾ ਸ਼ਿਕਾਰ ਬਣਾਉਣ ਵਾਲੇ ਜਾਨਲੇਵਾ ਅਤੇ ਲਾਇਲਾਜ ਬਰੇਨ ਕੈਂਸਰ ਦੇ ਇਲਾਜ ਲਈ ਵਿਗਿਆਨੀਆਂ ਨੇ ਨਵ-ਤਕਨੀਕ ਲੱਭੀ ਹੈ। ਇਹ ਬਰੇਨ ਟਿਊਮਰ ਦੇ ਇਲਾਜ ਦੇ ਨਾਲ ਬੱਚਿਆਂ ਦੇ ਜਿਊਂਦੇ ਰਹਿਣ ਦੀ ਦਰ ਨੂੰ ਵਧਾਉਣ ਵਿੱਚ ਮਦਦਗਾਰ ਸਾਬਤ ਹੋ ਸਕਦੀ ਹੈ।

ਨੇਚਰ ਕਮਿਊਨੀਕੇਸ਼ਨਜ਼ ਜਰਨਲ ਵਿੱਚ ਛਪੀ ਖੋਜ ਵਿੱਚ ਦੱਸਿਆ ਗਿਆ ਹੈ ਕਿ ਲੱਭੀ ਗਈ ਤਕਨੀਕ ਉਸ ਨੂੰ ਸੈਲੂਲਰ ਪ੍ਰੋਸੈਸ ਨੂੰ ਤੋੜਦੀ ਹੈ, ਜਿਹੜੀ ਡਫਿਊਜ਼ ਇੰਟ੍ਰਿੰਸਿਕ ਪੋਂਟਇਨ ਗਿਲਓਮਾਸ ਨਾਂਅ ਦੇ ਮਾਰੂ ਬਰੇਨ ਟਿਊਮਰ ਲਈ ਜ਼ਿੰਮੇਵਾਰ ਹੁੰਦੀ ਹੈ। ਡੀ ਆਈ ਪੀ ਜੀ ਦਿਮਾਗ ਦੀ ਜੜ੍ਹ ਵਿੱਚ ਬਣਨ ਵਾਲਾ ਅਜਿਹਾ ਮਾਰੂ ਟਿਊਮਰ ਹੈ, ਜਿਸ ਨੂੰ ਆਪਰੇਸ਼ਨ ਰਾਹੀਂ ਹਟਾਇਆ ਨਹੀਂ ਜਾ ਸਕਦਾ ਅਤੇ ਜਿਹੜਾ ਜ਼ਿਆਦਾਤਰ 10 ਸਾਲ ਦੀ ਛੋਟੀ ਉਮਰ ਦੇ ਬੱਚਿਆਂ ਨੂੰ ਆਪਣਾ ਸ਼ਿਕਾਰ ਬਣਾਉਂਦਾ ਹੈ। ਉਸ ਦੀ ਮਾਰ ਹੇਠ ਆਉਣ ਵਾਲਾ ਬੱਚਾ ਇੱਕ ਸਾਲ ਤੋਂ ਵੱਧ ਜਿਊਂਦਾ ਨਹੀਂ ਰਹਿੰਦਾ। ਪਹਿਲਾਂ ਹੋਏ ਅਧਿਐਨਾਂ ਵਿੱਚ ਪੀ ਪੀ ਪੀ ਐੱਮ-1 ਡੀ ਨਾਂਅ ਦੇ ਜੈਨੇਟਿਕ ਮਿਊਟੇਸ਼ਨ ਦੀ ਸੂਚਨਾ ਮਿਲੀ ਸੀ, ਜਿਹੜਾ ਡੀ ਆਈ ਪੀ ਜੀ ਦੇ ਵਾਧੇ ਵਿੱਚ ਅਹਿਮ ਕਿਰਦਾਰ ਨਿਭਾਉਂਦਾ ਹੈ। ਇਸ ਖੋਜ ਮਗਰੋਂ ਪੀ ਪੀ ਐੱਮ-1 ਡੀ 'ਤੇ ਹਮਲਾ ਕਰ ਕੇ ਡੀ ਆਈ ਪੀ ਜੀ ਨੂੰ ਕਾਬੂ ਕਰਨ ਨਾਲ ਡੀ ਆਈ ਪੀ ਜੀ ਨੂੰ ਕਾਬੂ ਕਰਨ ਦਾ ਤਜਰਬਾ ਕੀਤਾ ਗਿਆ ਸੀ, ਜਿਹੜਾ ਸਫਲ ਨਹੀਂ ਰਿਹਾ। ਇਸ ਅਧਿਐਨ ਵਿੱਚ ਨਿਕੋਟੀਨਮਾਈਡ ਐਡੇਨਾਈਨ ਡਾਈਨਿਊਕਲੀਪੋਟਾਇਡ (ਐੱਨ ਏ ਡੀ) ਨਾਂਅ ਦੇ ਮੈਗਾਬਲਾਇਟ ਦੀ ਕਮਜ਼ੋਰੀ ਨੂੰ ਲੱਭ ਲਿਆ ਗਿਆ ਜਿਹੜੀ ਹਰ ਸੈਲ ਵਿੱਚ ਜਿਊਂਦੇ ਰਹਿਣ ਦੇ ਲਈ ਜ਼ਰੂਰੀ ਕੰਪਾਊਂਡ ਹੈ।



ਅਧਿਐਨ ਨਾਲ ਜੁੜੇ ਇੱਕ ਸੀਨੀਅਰ ਲੇਖਕ ਨੇ ਦੱਸਿਆ ਕਿ ਇਹ ਕੈਂਸਰ 'ਤੇ ਹਮਲਾ ਕਰਨ ਦਾ ਨਵਾਂ ਤੇ ਵਧੀਆ ਢੰਗ ਹੈ। ਸਾਨੂੰ ਪਤਾ ਲੱਗਾ ਹੈ ਕਿ ਮਿਊਟਿਡ ਜੀਨ ਪੀ ਪੀ ਐਮ-1 ਡੀ ਸ਼ੁਰੂ ਵਿੱਚ ਆਪਣੇ ਆਪ ਦੇ ਖਾਤਮੇ ਲਈ ਪੜਾਅ ਤਿਆਰ ਕਰ ਦਿੰਦਾ ਹੈ। ਖੋਜਕਾਰਾਂ ਨੂੰ ਪਤਾ ਲੱਗਾ ਕਿ ਮਿਊਟਿਡ ਪੀ ਪੀ ਐੱਮ-1 ਡੀ ਨਿਕੋਟੀਨੈਟ ਫਾਸਫੇਰੀ-ਬੋਲਿਸਟਰਾਂਸਫੇਰੇਜ਼ (ਐੱਨ ਏ ਪੀ ਆਰ ਟੀ) ਨਾਂਅ ਦੇ ਜੀਨ ਨੂੰ ਸ਼ਾਂਤ ਕਰ ਦਿੰਦਾ ਹੈ। ਜਿਹੜਾ ਐਨ ਏ ਡੀ ਮੈਟਾਵਲਾਇਟ ਦੇ ਪੈਦਾ ਹੋਣ ਪੈਦਾ ਹੋਣ ਲਈ ਜ਼ਿੰਮੇਵਾਰ ਹੈ।

ਐੱਨ ਏ ਪੀ ਆਰ ਟੀ ਨਾਂਹ ਪੱਖੀ ਹੋਣ ਕਾਰਨ ਸੈੱਲ ਦੂਜੇ ਪ੍ਰੋਟੀਨ ਸੈੱਲ ਐੱਨ ਏ ਐੱਮ ਪੀ ਟੀ ਵੱਲ ਲੈ ਜਾਂਦੇ ਹਨ ਤਾਂ ਕਿ ਐੱਨ ਏ ਡੀ ਬਣਾਇਆ ਜਾ ਸਕੇ। ਖੋਜਕਾਰਾਂ ਨੇ ਲੱਭਿਆ ਕਿ ਜੇ ਦਵਾਈ ਨਾਲ ਐੱਨ ਏ ਐੱਮ ਪੀ ਟੀ ਦੇ ਪੈਦਾ ਹੋਣ ਨੂੰ ਰੋਕਿਆ ਜਾਵੇ ਤਾਂ ਨਿਊਡਿਡ ਪੀ ਪੀ ਐੱਮ-1 ਡੀ ਕੈਂਸਰ ਸੈੱਲਾਂ ਨੂੰ ਭੁੱਖ ਨਾਲ ਮਾਰਿਆ ਜਾ ਸਕਦਾ ਹੈ।

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424

MICHELIN | Hankook | Continental | ROADLUX | BFGoodrich | AEOLUS | COMPASAL | Chevron | Delo
Special OIL CHANGE Rates
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ । ਟਰੱਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT | BRAND NEW MACHINES 2018
Brake & Drum - On Special Sale! Made in U.S
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Spring Sale
1715 Sismet Rd, Mississauga | Call Ranjit: 416.624.8351 | Tel: 905.625.0055

## ਸਾਈਕਲ ਮਕੈਨਿਕ ਦੀ ਥਾਣੇ ਨੇੜੇ ਗਲਾ ਵੱਢ ਕੇ ਹੱਤਿਆ

ਗੜ੍ਹਸ਼ੰਕਰ, 27 ਅਗਸਤ (ਪੋਸਟ ਬਿਊਰੋ)- ਕੱਲ੍ਹ ਗੜ੍ਹਸ਼ੰਕਰ ਵਿੱਚ ਥਾਣੇ ਤੋਂ 500 ਮੀਟਰ ਦੂਰ ਦੁਕਾਨ ਵਿੱਚ ਵੜ ਕੇ ਸਾਈਕਲ ਮਕੈਨਿਕ ਦੀ ਗਲਾ ਕੱਟ ਕੇ ਹੱਤਿਆ ਕਰ ਦਿੱਤੀ ਗਈ।

ਦੁਕਾਨਦਾਰ ਗੁੱਗਾਮਾੜੀ ਦੇ ਨੇੜੇ ਸਾਈਕਲ ਮਕੈਨਿਕ ਦੀ ਦੁਕਾਨ ਚਲਾਉਂਦਾ ਸੀ। ਉਸ ਦੀ ਪਛਾਣ ਨਿਰਮਲ ਸਿੰਘ (60) ਉਰਫ ਨਿੰਮਾ ਵਾਸੀ ਵਾਰਡ ਨੰਬਰ 2 ਗੜ੍ਹਸ਼ੰਕਰ ਦੇ ਰੂਪ ਵਿੱਚ ਹੋਈ ਹੈ। ਕਾਤਲਾਂ ਨੇ ਉਸ ਦੇ ਸਿਰ ਅਤੇ ਮੂੰਹ 'ਤੇ ਤੇਜ਼ਧਾਰ ਹਥਿਆਰਾਂ ਨਾਲ ਕਈ ਵਾਰ ਕੀਤੇ ਸਨ। ਇਸ ਕਤਲ ਦੀ ਭਣਕ ਕਿਸੇ ਨੂੰ ਨਹੀਂ ਲੱਗੀ। ਕਿਸੇ ਨੇ ਉਸ ਦਾ ਕਤਲ ਹੁੰਦਾ ਨਹੀਂ ਦੇਖਿਆ। ਵਾਰਦਾਤ ਦਾ ਤਦ ਪਤਾ ਲੱਗਾ ਜਦ ਕੁਝ ਸਮਾਂ ਪਹਿਲਾਂ ਚਾਹ ਵਾਲੇ ਨੂੰ ਦਿੱਤੇ ਆਰਡਰ ਉੱਤੇ ਚਾਹ ਦੇਣ ਲਈ ਦੁਕਾਨਦਾਰ ਉਸ ਦੁਕਾਨ 'ਤੇ ਗਿਆ ਤਾਂ ਦੇਖਿਆ ਕਿ ਨਿੰਮਾ ਦੀ ਖੂਨ ਨਾਲ ਲਥਪਥ ਲਾਸ਼ ਜ਼ਮੀਨ 'ਤੇ ਪਈ ਸੀ। ਉਸ ਨੇ ਰੌਲਾ ਪਾਇਆ ਤਾਂ ਆਸਪਾਸ ਦੇ ਲੋਕ ਇਕੱਠੇ ਹੋ ਗਏ ਅਤੇ ਇਸ ਦੀ ਸੂਚਨਾ ਥਾਣਾ ਗੜ੍ਹਸ਼ੰਕਰ ਦੀ ਪੁਲਸ ਨੂੰ ਦਿੱਤੀ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

### ਸੁਪਰੀਮ ਕੋਰਟ ਨੇ ਪੁੱਛਿਆ :

## ਨਿਰਮੋਹੀ ਅਖਾੜਾ ਰਾਮਲੱਲਾ ਦਾ ਵਿਰੋਧ ਕਰਦੈ ਜਾਂ ਸਮਰਥਨ



ਨਵੀਂ ਦਿੱਲੀ, 27 ਅਗਸਤ (ਪੋਸਟ ਬਿਊਰੋ)- ਇਲਾਹਾਬਾਦ ਹਾਈ ਕੋਰਟ ਦੇ ਫੈਸਲੇ ਵਿੱਚ ਰਾਮ ਜਨਮ ਭੂਮੀ ਦੇ ਇੱਕ ਤਿਹਾਈ ਹਿੱਸੇ ਦੇ ਮਾਲਕ ਨਿਰਮੋਹੀ ਅਖਾੜੇ ਨੇ ਜਦ ਕੱਲ੍ਹ ਰਾਮਲੱਲਾ ਵਿਰਾਜਮਾਨ ਵੱਲੋਂ ਦਾਖਲ ਮੁਕੱਦਮੇ ਦਾ ਵਿਰੋਧ ਜਾਰੀ ਰੱਖਿਆ ਤਾਂ ਸੁਪਰੀਮ ਕਰੋਟ ਨੇ ਅਖਾੜੇ ਦੀ ਪੈਰਵੀ ਕਰਦੇ ਵਕੀਲ ਸੁਸ਼ੀਲ ਜੈਨ ਤੋਂ ਪੁੱਛਿਆ ਕਿ ਉਹ ਰਾਮਲੱਲਾ ਦੇ ਕੇਸ ਦੇ ਸਮਰਥਨ ਵਿੱਚ ਹਨ ਜਾਂ ਵਿਰੋਧ ਵਿੱਚ। ਕਈ ਦਹਾਕੇ ਪੁਰਾਣੇ ਕੇਸ ਵਿੱਚ 12ਵੇਂ ਦਿਨ ਸੁਣਵਾਈ ਕਰਦੇ ਹੋਏ ਕੋਰਟ ਨੇ ਇਹ ਵੀ ਕਿਹਾ ਕਿ ਉਹ ਬੇਵਜ੍ਹਾ ਦੇਵਤਾ (ਰਾਮਲੱਲਾ ਵਿਰਾਜਮਾਨ) ਦੇ ਕੇਸਾਂ ਦਾ ਵਿਰੋਧ ਕਿਉਂ ਕਰ ਰਹੇ ਹਨ। ਦੋਵਾਂ ਧਿਰਾਂ ਇਕੱਠੀਆਂ ਹੋ ਸਕਦੀਆਂ ਹਨ। ਕੋਰਟ ਨੇ ਕਿਹਾ ਕਿ ਜੇ ਦੇਵਤਾ ਨਹੀਂ ਰਹਿਣਗੇ ਤਾਂ ਉਨ੍ਹਾਂ ਦੀ ਸੇਵਾ, ਪੂਜਾ ਅਤੇ ਪ੍ਰਬੰਧ ਦਾ ਅਧਿਕਾਰ ਕਿਵੇਂ ਰਹੇਗਾ। ਉਹ ਮਸਜਿਦ ਦੇ ਸੇਵਾਦਾਰ ਹੋ ਨਹੀਂ ਸਕਦੇ।

ਹਾਈ ਕੋਰਟ ਨੇ 2010 ਵਿਚ ਰਾਮ ਜਨਮ ਭੂਮੀ ਨੂੰ ਤਿੰਨ ਬਰਾਬਰ ਹਿੱਸਿਆਂ ਵਿੱਚ ਵੰਡਣ ਦਾ ਹੁਕਮ ਦਿੱਤਾ ਸੀ ਜਿਸ ਵਿੱਚ ਇੱਕ ਹਿੱਸਾ ਰਾਮਲਲਾ ਵਿਰਾਜਮਾਨ, ਦੂਸਰਾ ਨਿਰਮੋਹੀ ਅਖਾੜਾ ਅਤੇ ਤੀਸਰਾ ਸੁੰਨੀ ਸੈਂਟਰਲ ਵਕਫ ਬੋਰਡ ਨੂੰ ਦੇਣ ਦਾ ਹੁਕਮ ਸੀ। ਸਾਰਿਆਂ ਨੇ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇ ਦਿੱਤੀ। ਕੁੱਲ 14 ਕਰਾਸ ਅਪੀਲਾਂ ਦਾਇਰ ਕੀਤੀਆਂ ਗਈਆਂ ਹਨ, ਜਿਨ੍ਹਾਂ 'ਤੇ ਪੰਜ ਜੱਜਾਂ ਦਾ ਸੰਵਿਧਾਨਕ ਬੈਂਚ ਸੁਣਾਈ ਕਰ ਰਿਹਾ ਹੈ। ਨਿਰਮੋਹੀ ਅਖਾੜੇ ਵੱਲੋਂ ਕਿਹਾ ਗਿਆ ਕਿ ਰਾਮ ਜਨਮ ਭੂਮੀ ਮੰਦਰ 1850 ਤੋਂ ਪਹਿਲਾਂ ਦਾ ਹੈ ਅਤੇ ਹਿੰਦੂ ਪੂਜਾ ਕਰਦੇ ਆ ਰਹੇ ਹਨ। ਹਿੰਦੂਆਂ ਨੇ ਕਦੇ ਇਥੇ ਆਪਣਾ ਅਧਿਕਾਰ ਨਹੀਂ ਛੱਡਿਆ। ਨਿਰਮੋਹੀ ਅਖਾੜਾ ਸ਼ੁਰੂ ਤੋਂ ਇਥੇ ਪੂਜਾ ਸੇਵਾ ਤੇ ਪ੍ਰਬੰਧ ਕਰਦਾ ਹੈ। ਨਿਰਮੋਹੀ ਅਖਾੜੇ ਦਾ ਹੀ ਜਨਮ ਭੂਮੀ ਮੰਦਰ 'ਤੇ ਕਬਜ਼ਾ ਸੀ। ਜੈਨ ਨੇ ਕਿਹਾ ਕਿ ਕੋਰਟ ਉਨ੍ਹਾਂ ਨੂੰ ਪੂਜਾ ਸੇਵਾ ਪ੍ਰਬੰਧਨ ਦਾ ਕਬਜ਼ਾ ਦਿਵਾਏ। ਜਦ ਜੈਨ ਨੇ ਰਾਮਲਲਾ ਵਿਰਾਜਮਾਨ ਵੱਲੋਂ ਨੇੜਲਾ ਮਿੱਤਰ ਬਣ ਕੇ ਮੁਕ-ੱਦਮਾ ਦਾਖਲ ਕਰਨ ਵਾਲੇ ਦੇਵਕੀ ਨੰਦਨ ਅਗਰਵਾਲ 'ਤੇ ਸਵਾਲ ਉਠਾਇਆ ਤਾਂ ਕੋਰਟ ਨੇ ਕਿਹਾ ਕਿ ਤੁਸੀਂ ਦੇਵਤਾ ਦੇ ਮੁਕੱਦਮੇ ਦਾ ਵਿਰੋਧ ਕਿਵੇਂ ਕਰ ਸਕਦੇ ਹੋ। ਤੁਸੀਂ ਰਾਮਲੱਲਾ ਦਾ ਮੁਕੱਦਮਾ ਰੱਦ ਕਰਨ ਦੀ ਮੰਗ ਕਰ ਰਹੇ ਹੋ।

## ਲੰਬੀ ਦੇ ਬੀ ਡੀ ਪੀ ਓ ਦਫਤਰ 'ਚ ਸ਼ਰਾਬ ਪੀਣ ਦੀ ਆਡੀਓ ਲੀਕ ਹੋਣ ਨੇ ਭੜਥੂ ਪਾਇਆ



ਮੰਡੀ ਕਿੱਲਿਆਂਵਾਲੀ, 27 ਅਗਸਤ (ਪੋਸਟ ਬਿਊਰੋ)- ਲੰਬੀ ਸ਼ਹਿਰ ਦਾ ਬੀ ਡੀ ਪੀ ਓ ਕਮ-ਪੰਚਾਇਤ ਸੰਮਤੀ ਦਫਤਰ ਸਿਆਸੀ ਤੇ ਮਾਨਸਿਕ ਗੰਦਗੀ ਦਾ ਸ਼ਿਕਾਰ ਹੋ ਗਿਆ ਹੈ। ਦਫਤਰ 'ਚ ਖੁੱਲ੍ਹੇਆਮ ਸਜਦੀਆਂ ਸ਼ਰਾਬ ਦੀਆਂ ਮਹਿਫਲਾਂ 'ਚ ਗੈਰ ਮਰਦਾਨਾ ਸਟਾਫ ਲਈ ਵਰਤੀ ਜਾਂਦੀ ਭੱਦੀ ਸ਼ਬਦਾਵਲੀ ਦੀ ਲੀਕ ਹੋਈ ਆਡੀਓ ਨੇ ਭੜਥੂ ਪਾ ਦਿੱਤਾ ਹੈ। ਇਹ ਕੇਸ ਮਹਿਲਾ ਕਮਿਸ਼ਨ ਅਤੇ ਪੇਂਡੂ ਤੇ ਵਿਕਾਸ ਮੰਤਰੀ ਦੀ ਕਚਹਿਰੀ ਪੁੱਜਣ ਜਾ ਰਿਹਾ ਹੈ। ਪੀੜਤ ਧਿਰ ਇਸ ਗੰਦੀ ਗੱਲਬਾਤ ਦੀ ਆਡੀਓ ਲਈ ਇਕ ਸਾਬਕਾ ਅਧਿਕਾਰੀ ਤੇ ਦੋ ਪੰਚਾਇਤ ਸਕੱਤਰਾਂ ਨੂੰ ਜ਼ਿੰਮੇਵਾਰ ਦੱਸਦੀ ਹੈ। ਪਤਾ ਲੱਗਾ ਹੈ ਕਿ ਇਸ ਬੀ ਡੀ ਪੀ ਓ ਦਫਤਰ ਵਿੱਚ ਅੱਠ ਮਹਿਲਾ ਸਟਾਫ ਮੈਂਬਰ ਹਨ। ਆਡੀਓ ਸੁਣ ਕੇ ਪੀੜਤ ਸਟਾਫ ਲੋਹਾ ਲਾਖਾ ਹੋਇਆ ਪਿਆ ਹੈ। ਇਹ ਆਡੀਓ ਡੇਢ ਮਹੀਨਾ ਪਹਿਲਾਂ ਲੀਕ ਹੋਈ ਦੱਸੀ ਜਾਂਦੀ ਹੈ। ਸੁਣਵਾਈ ਨਾ ਹੋਣ ਕਰ ਕੇ ਮਾਮਲਾ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕੋਲ ਪੁੱਜਣ ਦੇ ਬਾਅਦ ਸਰਗਰਮ ਹੋਏ ਜ਼ਿਲਾ ਪ੍ਰਸ਼ਾਸਨ ਨੇ ਕਾਰਵਾਈ ਵਾਲਾ ਨਜ਼ਲਾ ਆਰਜ਼ੀ ਚੌਕੀਦਾਰ 'ਤੇ ਸੁੱਟ ਦਿੱਤਾ ਹੈ। ਐਡੀਸ਼ਨਲ ਡਿਪਟੀ ਕਮਿਸ਼ਨਰ (ਵਿਕਾਸ) ਨੇ ਬੀਤੀ 14 ਅਗਸਤ ਨੂੰ ਆਡੀਓ ਗੱਲਬਾਤ 'ਚ ਸ਼ਾਮਲ ਚੌਕੀਦਾਰ ਦੇ ਆਡੀਓ ਬਾਰੇ ਬਿਆਨ ਦਰਜ ਕਰਕੇ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ। ਇਸੇ ਦੌਰਾਨ ਔਰਤਾਂ ਨੂੰ ਪੰਚਾਇਤਾਂ ਵਿੱਚ 50 ਫੀਸਦੀ ਰਾਖਵਾਂਕਰਨ ਦੇਣ ਵਾਲੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦੇ ਸੂਬਾ ਪੱਧਰੀ ਕਾਂਗਰਸ ਆਗੂ ਓਥੇ ਪੀੜਤ ਸਟਾਫ ਦੇ ਹੱਕ 'ਚ ਖੜੋਣ ਦੀ ਥਾਂ ਦੋਵੇਂ ਪੰਚਾਇਤ ਸਕੱਤਰਾਂ ਦੀ ਹਮਾਇਤ 'ਚ ਡਟੇ ਹੋਏ ਹਨ। ਪੀੜਤ ਧਿਰ ਦਾ ਦੋਸ਼ ਹੈ ਕਿ ਸਿਆਸੀ ਦਬਾਅ ਕਰਕੇ ਦੋਵੇਂ ਪੰਚਾਇਤ ਸਕੱਤਰਾਂ ਖਿਲਾਫ ਵਿਭਾਗੀ ਕਾਰਵਾਈ ਨਹੀਂ ਹੋਈ। ਪਿਛਲੇ ਬੀ ਡੀ ਪੀ ਓ ਸਮੇਂ ਤਬਾਦਲਾ ਹੋਣ ਦੇ ਬਾਵਜੂਦ ਇਕ ਓ ਐਸ ਡੀ ਤੇ ਸੂਬਾ ਜਨਰਲ ਸਕੱਤਰ ਦੇ ਚਹੇਤੇ ਪੰਚਾਇਤ ਸਕੱਤਰ ਨੂੰ ਰਿਲੀਵ ਨਹੀਂ ਹੋਣ ਦਿੱਤਾ ਗਿਆ। ਪੀੜਤ ਸਟਾਫ ਨੇ ਕਿਹਾ ਕਿ ਉਨ੍ਹਾਂ ਦਾ ਬੀ ਡੀ ਪੀ ਓ ਦਫਤਰ 'ਚ ਡਿਊਟੀ ਉੱਤੇ ਆਉਣਾ ਦੁੱਭਰ ਹੋਇਆ ਪਿਆ ਹੈ ਅਤੇ ਉਨ੍ਹਾਂ 'ਤੇ ਬੇਤੁਕੇ ਫਿਕਰੇ ਕੱਸੇ ਜਾਂਦੇ ਹਨ।







## ਲੜਕੀ ਦੀ ਲੋੜ

Parmjit Singh, Born August 1951. MA Bed, Retired from Education Dept. Pension from Punjab Government and Canada. Canadian Citizen Agriculture land and beautiful home in Punjab. Very gentle noble retired teacher wife passed away Wants a noble and gentle lady near 50 years to make the remaining life happy and peaceful;
Call Harjit Bedi 647-963-0331

ਗਿੱਲ ਗੁਰਸਿੱਖ ਲੜਕਾ, ਉਮਰ 35 ਸਾਲ, ਵੈਸ਼ਨੂੰ, Divorcee Canadian P.R, ਮਿਹਨਤੀ ਲੜਕੇ ਲਈ ਸਾਦੀ ਗੁਰਸਿੱਖ ਲੜਕੀ ਦੀ ਲੋੜ ਹੈ। ਲੜਕੇ ਦੀ ਪੂਰੀ ਫੇਮਲੀ ਕੈਨੇਡਾ ਵਿੱਚ ਵੈਲ-ਸੈਟਲਡ ਹੈ। 416-358-9294 I 204-510-1423

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜਟ ਸਿੱਖ ਢਿੱਲੋਂ ਲੜਕਾ, ਉਮਰ 25 ਸਾਲ, ਕੱਦ 5'-11'', ਇੰਡੀਆ ਫਗਵਾੜਾ (ਪੰਜਾਬ) ਵਿੱਚ ਰਹਿੰਦੇ ਲੜਕੇ ਲਈ ਕੇਨੈਡੀਅਨ ਪੀ-ਆਰ ਲੜਕੀ ਜਾਂ ਵੱਰਕ ਪਰਮਿਟ/ਸਟੂਡੈਂਟ ਲੜਕੀ ਦੀ ਲੋੜ ਹੈ। ਪੀ-ਆਰ /ਟੂਦੇ ਦਾ ਸਾਰਾ ਖਰਚਾ ਲੜਕੇ ਦਾ ਪਰਿਵਾਰ ਕਰੇਗਾ। ਲੜਕੇ ਦਾ ਭਰਾ ਕੇਨੈਡਾ ਵਿੱਚ ਵੇਲ ਸੈਟਲਡ ਹੈ। ਕਾਲ ਕਰੋ: 416-628-6468 ਜਾਂ 01191-94634-85326

ਜੱਟ ਸਿੱਖ ਸਰਦਾਰ, ਉਮਰ 26 ਸਾਲ, ਲੰਬਾਈ 5 ਫੁੱਟ 8 ਇੰਚ, B.tech ਪੜ੍ਹਿਆ, ਵੀਜ਼ਿਟਰ ਵਿਜੇ ਤੇ ਆਏ ਲੜਕੇ ਲਈ Student/PR/Citizen ਲੜਕੀ ਦੀ ਲੋੜ ਹੈ। ਲੜਕੇ ਦਾ ਭਰਾ ਕੈਨੇਡਾ ਵਿੱਚ PR ਹੈ। ਸੰਪਰਕ- 289-772-6056, 437-236-5093

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 I +91-98142-02918 (Whatsapp)

## ਲੜਕੀ ਦੀ ਲੋੜ

ਜਟ ਸਿੱਖ, ਉਮਰ 27 ਸਾਲ, ਕੱਦ 5'-11'', ਪੜ੍ਹਿਆ-ਲਿਖਿਆ, ਵੈਸ਼ਣੂ ਤੇ ਕੈਨੇਡਾ ਵਿੱਚ ਵੈਲ-ਸੈਟਲ ਲੱੜਕੇ ਲਈ ਪੜ੍ਹੀ-ਲਿਖੀ ਕੈਨੇਡੀਅਨ ਸਿਟੀਜ਼ਨ ਜਾਂ P.R ਲੜਕੀ ਦੀ ਲੋੜ ਹੈ। ਸੰਪਰਕ ਕਰੋ: 647-290-8872 I 905-963-9134 ਜਾਂ ਈ-ਮੇਲ : mdeol84@yahoo.com

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

ਜਟ ਸਿੱਖ ਭੱਠਲ, ਉਮਰ 32 ਸਾਲ, ਕੱਦ 6 ਫੁੱਟ, BA ਪਾਸ, ਨਸ਼ਾ ਰਹਿਤ ਲੜਕੇ ਲਈ PR ਜਾਂ Citizen ਲੜਕੀ ਦੀ ਲੋੜ। ਲੜਕਾ ਵਰਕ ਪਰਮਿਟ ਤੇ ਵਧੀਆ ਜਪਬ ਕਰਦਾ ਹੈ, ਲੁਧਿਆਣਾ ਤੇ ਮੋਗਾ ਜਿਲ੍ਹੇ ਨੂੰ ਪਹਿਲ, ਡਿਵੋਰਸੀ ਤੇ ਵੀ ਗੌਰ ਕੀਤੀ ਜਾ ਸਕਦੀ ਹੈ, ਲੜਕੇ ਦੀ ਭੈਣ ਕੇਨੇਡਾ ਵਿੱਚ ਵੈੱਲ ਸੈਟਲਡ ਹੈ। ਸੰਪਰਕ ਕਰੋ: 416-846-4141, 647-293-3813 ਜਾਂ ਫੇਰ ਈ-ਮੇਲ ਕਰੋ jyot317@gmail.com

ਜਟ ਸਿੱਖ ਕੁਲਾਰ ਲੜਕਾ, ਉਮਰ 27 ਸਾਲ , ਕੱਦ 5'10'', Self Employed, ਵੱਰਕ ਵੀਜੇ ਤੇ ਆਏ ਲੜਕੇ ਲਈ, ਸੋਹਣੀ ਸੁਣਖੀ, ਲੰਮੀ ਤੇ ਪਤਲੀ P.R ਜਾਂ citizen ਲੜਕੀ ਦੀ ਲੋੜ ਹੈ। Student ਤੇ ਵੀ ਗੋਰ ਕੀਤੀ ਜਾ ਸਕਦੀ ਹੈ ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 91-9888871813 I 306-612-4093 ਜਾਂ ਇ ਮੇਲ ਕਰੋ: kaurindergrewal@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

## ਲੜਕੇ ਦੀ ਲੋੜ

ਜੱਟ ਸਿੱਖ ਢਿੱਲੋਂ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। Send Bio Data through Whatsapp at: +91 97802-16716 ਜਾਂ ਕਾਲ ਕਰੋ: 647-766-7137

ਜੱਟ ਸਿੱਖ ਢਿਲੋ ਲੜਕੀ,ਕਨੇਡੀਅਨ ਫ੍ਰ, ਉਮਰ 36 ਸਾਲ, 5'-7'', Never Married, ਵਧੀਆ ਤਨਖਾਹ, IT Field ਵਿੱਚ ਕੰਮ ਕਰ ਰਹੀ ਲੜਕੀ ਲਈ ਵਧੀਆ ਪੜ੍ਹੇ-ਲਿਖੇ ਕੈਨੇਡੀਅਨ ਜਾਂ ਇੰਡੀਅਨ ਲੜਕੇ ਦੀ ਲੋੜ ਹੈ।
Email biodata with photos at : matriresponse2019@gmail.com

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ।
ਸੰਪਰਕ ਕਰੋ: 289-489-9321 I

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ ਉਮਰ 28 ਸਾਲ, ਮਾਸਟਰ ਡਿਗਰੀ ਪੰਜਾਬੀ ਯੂਨੀਵਰਸਿਟੀ, ਤਲਾਕਸ਼ੁਧਾ ਤੇ ਇਕ ਤਿੰਨ ਸਾਲਾਂ ਦੀ ਧੀ ਲਈ ਕੈਨੇਡੀਅਨ PR ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ : 416-725-2929

## ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. ਅਤੇ ਇੱਥੇ ਆਈ.ਟੀ. ਖ਼ੇਤਰ ਵਿਚ ਨੌਕਰੀ ਕਰ ਰਹੀ 28 ਸਾਲਾ 5 ਫੁੱਟ 3 ਇੰਚ ਸਿੱਖ ਰਾਮਦਾਸੀਏ ਜੁਲਾਹੇ ਪਰਿਵਾਰ ਨਾਲ ਸਬੰਧਿਤ ਲੜਕੀ ਲਈ ਪੀ.ਆਰ./ਸਿਟੀਜ਼ਨ ਦਸਤਾਰਧਾਰੀ ਗੁਰਸਿੱਖ ਲੜਕੇ ਦੀ ਜ਼ਰੂਰਤ ਹੈ। ਲੜਕੀ ਦੇ ਮਾਤਾ-ਪਿਤਾ ਦੋਵੇਂ ਹੀ ਗਜ਼ਟਿਡ ਅਫ਼ਸਰ ਹਨ ਅਤੇ ਉਹ ਪੰਜਾਬ ਵਿਚ ਨੌਕਰੀ ਕਰਦੇ ਹਨ। ਟੋਰਾਂਟੋ ਏਰੀਏ ਵਿਚ ਵੱਸਦੇ ਆਈ.ਟੀ. ਖ਼ੇਤਰ ਨਾਲ ਸਬੰਧਿਤ/ਵਕੀਲ/ਸੀ.ਏ./ਬੈਂਕ ਅਫ਼ਸਰ ਨੂੰ ਪਹਿਲ ਦਿੱਤੀ ਜਾਏਗੀ।
ਇਸ ਸਬੰਧੀ 91-95010-29128 ਜਾਂ 91-95010-29129 Whatsapp ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਜੱਟ ਸਿੱਖ ਜੋਹਲ ਲੜਕੀ, 1987 ਭੋਰਨ, ਕੱਦ 5'-7''ਕੈਨੇਡਾ ਵਿੱਚ P.R ,B.sc Nursing, ਤੇ ਕੈਨੇਡਾ ਵਿੱਚ ਰਜਿਸਟਰਡ ਨਰਸ, Divorcee ਲੜਕੀ ਲਈ P.R ਜਾਂ Work Permit ਜਾਂ Visitor Visa ਤੇ ਆਏ ਲੜਕੇ ਦੀ ਲੋੜ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 306-480-1229 I 416-436-3787

ਜੱਟ ਸਿੱਖ ਸੁੰਦਰ ਲੜਕੀ, 1985 Born, ਕੱਦ 5'-3'', ਵਿਜ਼ਟਰ ਵਿਜ਼ੇ ਤੇ ਆਈ ਲੜਕੀ ਲਈ Canadian P.R ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਸੰਪਰਕ ਕਰੋ: 647-456-1772, 313-303-4406

ਅੰਮ੍ਰਿਤਧਾਰੀ ਕੈਨੇਡੀਅਨ ਗੁਰਸਿੱਖ ਸੈਣੀ, ਉਮਰ 49 , ਕੱਦ 5 '1 " Never Married, ਲੇਡੀ ਜੋ ਕੇ well settled ਹੈ , ਪੋਸਟ Graduate ਇੰਗਲਿਸ਼ ਲਿਟਰੇਚਰ , ਲਈ ਯੋਗ ਅੰਮ੍ਰਿਤਧਾਰੀ ਵਰ ਚਾਹੀਦਾ ਹੈ! ਸੰਪਰਕ ਕਰੋ : 437-684-7755

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-6'', Divorcee ਤੇ 4 ਸਾਲ ਦੀ ਧੀ, ਇੰਡੀਆ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗ੍ਰੇਂਟ ਲੜਕੇ ਦੀ ਲੋੜ ਹੈ। Divorcee ਜਾਂ ਜਾਤ-ਪਾਤ ਤੇ ਵੀ ਗੌਰ ਕੀਤੀ ਜਾ ਸਕਦੀ ਹੈ।
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
+91 9872665678 I 416-822-5229

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਸੰਪਰਕ ਕਰੋ : 647-267-0656 I 416-509-7252





















# ਰਸੋਈ

## -ਆਟੇ ਦੀ ਗੁਣਭਰੀ

ਸਮੱਗਰੀ-ਮੋਟਾ ਆਟਾ ਦੋ ਕਟੋਰੀ, ਦੇਸੀ ਘਿਓ ਇੱਕ ਕਟੋਰੀ, ਗੁੜ 3/4 ਕਟੋਰੀ ਕੱਦੂਕਸ਼ ਕੀਤਾ ਹੋਇਆ, ਸੁੰਢ ਅੱਧਾ ਛੋਟਾ ਚਮਚ, ਜੈਫਲ ਪਾਊਡਰ ਇੱਕ ਚੁਟਕੀ, ਕੱਟੇ ਹੋਏ ਮੇਵੇ ਤਿੰਨ ਵੱਡੇ ਚਮਚ।

ਵਿਧੀ- ਪੈਨ ਵਿੱਚ ਦੇਸੀ ਘਿਓ ਗਰਮ ਕਰੋ। ਇਸ ਵਿੱਚ ਆਟਾ ਪਾ ਕੇ ਹਲਕੇ ਸੇਕ 'ਤੇ ਭੁੰਨੋ। ਆਟਾ ਗੁਲਾਬੀ ਹੋ ਜਾਏ ਅਤੇ ਖੁਸ਼ਬੂ ਆਉਣ ਲੱਗੇ ਤਾਂ ਗੁੜ ਪਾ ਕੇ ਹਿਲਾਉਂਦੇ ਹੋਏ ਪਕਾਓ। ਗੁੜ ਘੁਲ ਜਾਣ ਉੱਤੇ ਗੈਸ ਤੋਂ ਉਤਾਰ ਲਓ। ਇਸ ਵਿੱਚ ਸੁੰਢ ਅਤੇ ਜੈਫਲ ਪਾਊਡਰ ਅਤੇ ਕੱਟੇ ਹੋਏ ਮੇਵੇ ਪਾ ਕੇ ਮਿਲਾਓ। ਤੁਰੰਤ ਘਿਓ ਲੱਗੀ ਹੋਈ ਥਾਲੀ ਵਿੱਚ ਪਲਟ ਦਿਓ। ਉਪਰੋਂ ਇਕਸਾਰ ਕਰ ਕੇ ਤੁਰੰਤ ਹੀ ਮਨਪਸੰਦ ਆਕਾਰ ਵਿੱਚ ਕੱਟ ਲਓ।

# -ਗ਼ਜ਼ਲ-

-ਅਮਰਜੀਤ ਕੌਰ ਹਿਰਦੇ-

ਮੇਰੀ ਬੇਤਾਬ ਧੜਕਣ ਨੂੰ, ਰੂਹ ਦੇ ਨੇੜੇ ਕਰੀ ਰੱਖੀਂ।
ਸੁਗੰਧੀ ਸਾਹ ਦੀ ਮੇਰੀ, ਤੂੰ ਸਾਹਾਂ ਵਿੱਚ ਭਰੀ ਰੱਖੀਂ।
ਕਿ ਆਪਣਾ ਹੱਥ ਧਰ ਕੇ, ਥੰਮ੍ਹ ਲਵੀਂ ਦਿਲ ਧੜਕਦਾ ਮੇਰਾ,
ਨਬਜ਼ ਕਮਜ਼ੋਰ ਮੇਰੀ 'ਤੇ, ਨਰਮ ਪੋਟੇ ਧਰੀ ਰੱਖੀਂ।
ਮੈਂ ਕਦੀ ਵਲਗਣਾਂ ਦੀ, ਦੂਰ ਤੋਂ ਚੰਨ ਵੇਖ ਸਕਦੀ ਹਾਂ,
ਕਿ ਆਪਣੇ ਚੰਨ ਮੁਖੜੇ ਨੂੰ, ਮੇਰੇ ਸਾਹਵੇਂ ਕਰੀ ਰੱਖੀਂ।
ਤੂੰ ਕੇਵਲ ਰਾਤ ਕੱਟਣ ਨੂੰ ਹੀ, ਘਰ ਵਿੱਚ ਫੇਰਾ ਪਾਵੀਂ ਨਾ,
ਸਦੀਵੀ ਮਹਿਕ ਆਪਣੀ ਨਾਲ, ਵਿਹੜੇ ਨੂੰ ਭਰੀ ਰੱਖੀਂ।
ਕਿ ਟੁੱਟੇ ਤਾਰਿਆਂ ਦੇ ਕਿਣਕੇ, ਮਾਰੂਥਲ ਨਾ ਬਣ ਜਾਵਣ,
ਤੂੰ ਮਾਰੂਥਲ 'ਚ ਵੀ ਰੱਬਾ, ਕੋਈ ਬੂਟੀ ਹਰੀ ਰੱਖੀਂ।
ਨਾ ਵੇਖੀਂ ਐਬ ਦੂਜੇ ਦੇ, ਗਿਣੀਂ ਪਹਿਲੇ ਗੁਨਾਹ ਆਪਣੇ,
ਬੁਰਾਈ ਤੋਂ ਬਚੀਂ, ਖੁਦ ਨੂੰ ਬੁਰਾਈ ਤੋਂ ਬਰੀ ਰੱਖੀਂ।
ਲਵਾਂਗੀ ਭਾਲ ਆਪਣੀ ਰੂਹ ਵਿੱਚੋਂ, ਹੀ ਚਿਣਗ ਕੋਈ,
ਮਗਰ ਇਸ ਤਨ ਦੀ ਭੱਠੀ ਵਿੱਚ 'ਹਿਰਦੇ' ਨੂੰ ਠਰੀ ਰੱਖੀਂ।

# -ਖ਼ੁਦਾ ਕਰੇ-

-ਜਗਜੀਤ ਕਾਫਿਰ

ਖ਼ੁਦਾ ਕਰੇ ਕਿ ਸ਼ੀਸ਼ਾ, ਬੇਜ਼ੁਬਾਨ ਰਹੇ
ਅਸਲ ਚਿਹਰੇ ਤੋਂ ਆਦਮੀ ਘਬਰਾਇਆ ਹੈ।
ਕੋਈ ਹਿੰਦੂ ਜਾਂ ਮੁਸਲਮਾਨ, ਨਹੀਂ ਹੈ ਮੇਰਾ
ਹੋਵੇ ਇਨਸਾਨ ਤਾਂ, ਮੇਰਾ ਹਮਸਾਇਆ ਹੈ।
ਤੁਰ ਚੱਲਿਆਂ ਤੋਂ, ਕੀ ਉਮੀਦ ਮੁਹੱਬਤ ਦੀ
ਉਹੀ ਆਪਣਾ ਹੈ, ਜੋ ਸਾਹ, ਮੁੜ ਆਇਆ ਹੈ।
ਖੌਰੇ ਪਾਗਲ ਹਾਂ, ਉਨ੍ਹਾਂ 'ਤੇ ਹੱਸਦਾ ਹਾਂ
ਜਿਨ੍ਹਾਂ ਗੱਲਾਂ ਨੇ, ਬਹੁਤ ਰਵਾਇਆ ਹੈ।
ਮੈਂ ਲੁਟਾਉਂਦਾ ਰਿਹਾ, ਦੌਲਤ ਦਿਲ ਦੀ
ਮੇਰੀ ਫਿਤਰਤ ਨੇ, ਬਹੁਤ ਸਤਾਇਆ ਹੈ।
ਮਾਰੋ ਉਸ ਨੂੰ, ਉਹ ਅਸਲੋਂ ਕਾਫਿਰ ਹੈ
ਰੱਬ ਦੀ ਥਾਵੇਂ ਉਸ ਇਸ਼ਕ ਬਿਠਾਇਆ ਹੈ।

# ਕਹਾਣੀ

## -ਫਰਕ-

-ਕਿਰਪਾਲ ਸਿੰਘ ਦਤਾਰੀਏਵਾਲਾ

ਭਾਰਤੀ ਇਤਿਹਾਸ ਦਾ ਮੱਧਕਾਲ ਦਾ ਸਮਾਂ। ਦਿੱਲੀ ਉਤੇ ਸੁਲਤਾਨਾਂ ਦਾ ਪੂਰੇ ਦਬਦਬੇ ਵਾਲਾ ਜੰਮਿਆ ਰਾਜ ਸੀ। ਸੁਲਤਾਨਾਂ ਦਾ ਪਿਛੋਕੜ ਹਿੰਦੂਕੁਸ਼ ਪਾਰ ਕੰਧਾਰ, ਗਜਨੀ, ਹੈਰਾਤ ਆਦਿ ਦਾ ਸੀ। ਸੁਲਤਾਨ ਪਠਾਣ ਕਬੀਲਿਆਂ ਦੇ ਸਨ। ਪਠਾਣ ਉਚੇ ਲੰਮੇ, ਤਾਕਤਵਰ ਲੜਾਕੇ ਸਨ। ਸੁਲਤਾਨਾਂ ਦੀਆਂ ਫੌਜਾਂ ਦਾ ਆਧਾਰ ਵੀ ਪਠਾਣ ਹੁੰਦੇ ਸਨ। ਪਠਾਣ ਉਧਰੋਂ ਆ ਕੇ ਫੌਜਾਂ ਵਿੱਚ ਭਰਤੀ ਹੁੰਦੇ, ਸੁਲਤਾਨਾਂ ਦੀਆਂ ਫੌਜਾਂ ਨੂੰ ਨਵਾਂ ਖੂਨ ਮਿਲਦਾ ਰਹਿੰਦਾ। ਪ੍ਰਬੰਧ ਜਗੀਰਦਾਰੀ ਸੀ ਅਤੇ ਚੰਗੇ ਉਪਜਾਊ ਖੇਤਰ ਪਠਾਣ ਸਰਦਾਰਾਂ ਦੀਆਂ ਜਗੀਰਾਂ ਹੁੰਦੀਆਂ ਸਨ। ਉਹ ਸੁਲਤਾਨ ਨੂੰ ਨਿਸ਼ਚਿਤ ਧਨ ਅਤੇ ਸੈਨਿਕ ਦਿੰਦੇ ਸਨ। ਆਪਣੇ ਖੇਤਰ ਵਿੱਚ ਮੁਕੰਮਲ ਮਾਲਕ ਹੁੰਦੇ ਸਨ।

ਭਾਰਤ ਦੇ ਗੰਗਾ ਜਮਨਾ ਦਰਿਆਵਾਂ ਦੇ ਪਹਾੜੀ, ਨੀਮ ਪਹਾੜੀ ਤੇ ਪਹਾੜ ਦੇ ਪੈਰਾਂ ਵਾਲਾ ਮੈਦਾਨੀ ਖੇਤਰ, ਵਿਰਲੀ ਵਸੋਂ, ਸੰਘਣੇ ਜੰਗਲਾਂ, ਘਾਹ ਦੀਆਂ ਵਿਸ਼ਾਲ ਚਰਾਂਦਾ ਦਾ ਖੇਤਰ ਸੀ। ਦੁੱਧ, ਅੰਨ, ਮਾਸ ਦੀ ਬਹੁਲਤਾ ਸੀ। ਸਾਰਾ ਸਾਲ ਪਾਣੀ ਰਹਿੰਦਾ। ਸੰਘਣੇ ਜੰਗਲਾਂ ਵਿੱਚ ਸ਼ਿਕਾਰ ਦੀਆਂ ਖੇਡਾਂ, ਫੌਜੀ ਅਭਿਆਸਾਂ, ਘੋੜ ਸਵਾਰੀ ਲਈ ਸੁਖਾਵਾਂ ਇਲਾਕਾ ਸੀ। ਇਹ ਇਲਾਕਾ ਸੁਲਤਾਨਾਂ ਦੇ ਖਾਸ ਵਿਸ਼ਵਾਸ ਪਾਤਰਾਂ, ਉਸ ਦੇ ਖਾਸ ਨਿੱਜੀ ਕਬੀਲੇ ਦੇ ਮੁਖੀਆਂ ਨੂੰ ਮਿਲਿਆ ਹੋਇਆ ਸੀ। ਨੀਮ ਪਹਾੜੀ ਖੇਤਰ ਵਿੱਚ ਦੋ ਜਾਗੀਰਦਾਰੀ ਖੇਤਰ ਪੱਥਰਗੜ੍ਹ ਅਤੇ ਬਾਲਾਕੋਟ ਸਨ। ਜਗੀਰਾਂ ਛੋਟੀਆਂ ਸਨ, ਤੀਹਾਂ-ਤੀਹਾਂ ਪਿੰਡਾਂ ਦੀਆਂ। ਦੋਵੇਂ ਟਿਕਾਣੇ ਇਕ ਦੂਜੇ ਨੇੜੇ ਸਨ। ਮਾਲਕੀ ਰਲਗੱਡ ਜਿਹੀ ਸੀ। ਖਾਨਦਾਨ ਇਕੋ ਸੀ। ਖੂਨ ਦੀ ਸਾਂਝ ਸੀ, ਪਰ ਆਪਸੀ ਝਗੜੇ ਪੈ ਗਏ ਤੇ ਇਨ੍ਹਾਂ ਝਗੜਿਆਂ ਨੇ ਖੂਨੀ ਰੂਪ ਧਾਰ ਲਿਆ। ਤਲਵਾਰਾਂ ਖੰਜਰਾਂ 'ਤੇ ਹੱਥ ਆਮ ਅਤੇ ਕਤਲ ਤੀਕ ਗੱਲ ਪਹੁੰਚ ਜਾਂਦੀ। ਖਾਨਦਾਨੀ ਮੁੱਢ ਇਕੋ, ਪਰ ਵੈਰ ਵੀ ਜਾਨਮਾਰੂ ਤੇ ਜਾਨਵਾਰੂ। ਉਤੋਂ ਇਨ੍ਹਾਂ ਉਤੇ ਮਾਣ ਅਤੇ ਖਾਨਦਾਨ ਦੀ ਵਡਿਆਈ ਹਿੱਕ ਥਾਪੜਾ ਬਣ ਗਈ।

ਪੱਥਰਗੜ੍ਹ ਅਤੇ ਬਾਲਾਕੋਟ ਦੇ ਮਾਲਕਾਂ ਦੀ ਗੈਰਤ, ਆਣ ਅਣਖ ਦੀਆਂ ਕਹਾਣੀਆਂ ਵਿੱਚ ਇਕ ਹੋਰ ਸਿਤਾਰੇ ਦਾ ਵਾਧਾ ਹੋ ਗਿਆ। ਖੇਤਰਾਂ ਦੀ ਬਣਤਰ ਅਤੇ ਮਾਲਕੀ ਅਨੁਸਾਰ ਇਕ ਦੂਜੇ ਦੇ ਖੇਤਰਾਂ ਵਿਚਦੀ ਲੰਘਣਾ ਪੈਂਦਾ ਸੀ। ਤਿੱਖੀਆਂ, ਢਾਲੂ, ਪਹਾੜੀਆਂ ਵਿੱਚ ਇਕ ਪਹਾੜੀ ਨਦੀ ਵਗਦੀ ਜੋ ਬਹੁਤ ਡੂੰਘੀ ਤੇ ਤੇਜ਼ ਵਹਾਅ ਵਾਲੀ ਸੀ। ਨਦੀ ਦੇ ਭੀੜੇ ਪਾਟ ਉਤੇ ਇਕ ਪੁਲ ਸੀ। ਇਹ ਪੁਲ ਦੋਵੇਂ ਛੋਟੀਆਂ ਰਿਆਸਤਾਂ ਦੇ ਕਿਤੇ ਪਹਿਲੇ ਮਾਲਕਾਂ ਨੇ ਬਣਾਇਆ ਸੀ। ਪੁਲ ਇਕ ਸਮੇਂ ਕੇਵਲ ਇਕ ਬੰਦੇ ਦੇ ਲੰਘਣ ਜੋਗਾ ਡੇਢ ਕੁ ਹੱਥ ਚੌੜਾ, ਦੋ ਹੱਥ ਬੰਨੀਂ ਵਾਲਾ ਸਦੀਆਂ ਤੀਕ ਚੱਲਣ ਵਾਲੀ ਕਿਸੇ ਬੇਹੱਦ ਚੀੜ੍ਹੀ ਪਹਾੜੀ ਲੱਕੜ ਦਾ ਕਮਾਲ ਦੀ ਕਾਰੀਗਰੀ ਦਾ ਨਮੂਨਾ ਸੀ।

ਦੋਵਾਂ ਖਾਨਦਾਨਾਂ ਵਿੱਚ ਦੁਸ਼ਮਣੀ, ਬਦਲੇਖੋਰੀ ਨਿਰੰਤਰ ਚੱਲ ਰਹੀ ਸੀ। ਅਚਾਨਕ ਉਸ ਪੁਲ ਉਤੇ ਦੋਵਾਂ ਖਾਨਦਾਨਾਂ ਦੇ ਸਾਮੰਤੀ ਗੈਰਤ ਨਾਲ ਉਬਲਦੇ ਹਮ-ਉਮਰ ਨੌਜੁਆਨ ਮੁਖੀ ਪੱਥਰਗੜ੍ਹ ਦਾ ਪਾਟੇ ਖਾਂ ਅਤੇ ਬਾਲਾਕੋਟ ਦਾ ਨਾਢੂ ਖਾਂ- ਵਿਰੋਧੀ ਦਿਸ਼ਾਵਾਂ ਵੱਲੋਂ ਪੁਲ ਪਾਰ ਕਰਨ ਲਈ ਇਕੱਠੇ ਹੋਣ ਲੱਗੇ। ਸੰਯੋਗਵੱਸ ਪਹਿਲਾਂ ਦੋ ਪਹਾੜੀ ਬੱਕਰੀਆਂ ਪੁਲ ਪਾਰ ਕਰਨ ਲਈ ਇਕੱਠੀਆਂ ਹੋ ਗਈਆਂ। ਪਾਟੇ ਖਾਂ ਅਤੇ ਨਾਢੂ ਖਾਂ ਨੇ ਦੇਖਿਆ, ਇਕ ਇਕ ਬੱਕਰੀ ਲੇਟ ਗਈ, ਦੂਜੀ ਉਪਰੋਂ ਦੀ ਲੰਘ ਗਈ, ਦੋਵੇਂ ਸਹੀ ਸਲਾਮਤ ਪੁਲ ਪਾਰ ਕਰ ਗਈਆਂ। ਫਿਰ ਉਨ੍ਹਾਂ ਦੋਵਾਂ ਨੇ ਪੁਲ ਪਾਰ ਕਰਨਾ ਸੀ। ਦੋਵਾਂ ਨੇ ਇਕੱਠਿਆਂ ਪੁਲ 'ਤੇ ਪੈਰ ਧਰੇ, ਇਕੱਠੇ ਪੁਲ ਵਿਚਕਾਰ ਆਹਮੋ ਸਾਹਮਣੇ ਆ ਗਏ। 'ਪਿੱਛੇ ਮੁੜੋ, ਵਾਪਸ ਜਾਓ, ਖੂਨ ਪੀ ਜਾਵਾਂਗਾ। ਤੇਰੀ ਇਹ ਔਕਾਤ!' ਬੋਲਾਂ ਦੇ ਨਾਲ-ਨਾਲ ਖੰਜਰ ਚਮਕੇ, ਲਹਿਰਾਏ ਅਤੇ ਦੋਵਾਂ ਦੇ ਪੇਟ ਵਿਚ ਧਸ ਗਏ। ਦੋਵੇਂ ਤੜਫਦੇ ਇਕ ਪੁਲ ਦੇ ਇਕ ਪਾਸੇ ਦੀ ਬੰਨੀ ਉਤੋਂ ਦੀ, ਦੂਜਾ ਦੂਜੇ ਪਾਸੇ ਦੀ ਬੰਨੀ ਉਤੋਂ ਦੀ ਇਕੱਠੇ ਹੀ ਨਦੀ ਵਿੱਚ ਡਿੱਗ ਪਏ। ਪਾਣੀ ਵਿੱਚ ਸਾਂਝਾ ਖੂਨ ਰਲਾਉਂਦੇ ਇਕੱਠੇ ਮੌਤ ਦੇ ਗਲ ਲੱਗ ਗਏ। ਦੇਖਣ ਵਾਲਿਆਂ ਨੇ ਇਸ ਘਟਨਾ ਨੂੰ ਲੋਕਾਂ ਵਿੱਚ ਦੱਸਿਆ ਅਤੇ ਇਹ ਘਟਨਾ ਦੋਵਾਂ ਪਰਵਾਰਾਂ ਦੀ ਗੈਰਤ, ਆਨ ਸ਼ਾਨ ਦੇ ਖਜ਼ਾਨੇ ਵਿੱਚ ਇਕ ਚਮਕਦੇ ਹੀਰੇ ਵਜੋਂ ਸ਼ਾਮਲ ਹੋ ਗਈ। ਦੋਵਾਂ ਪਰਵਾਰਾਂ ਦੀਆਂ ਪੁਸ਼ਤਾਂ ਮਾਣ ਕਰਦੀਆਂ ਕਿ ਉਨ੍ਹਾਂ ਦੇ ਅਣਖੀਲੇ ਵਡੇਰਿਆਂ ਨੇ ਜਾਨ ਦੇ ਦਿੱਤੀ, ਪਰ ਗੈਰਤ ਬਰਕਰਾਰ ਰੱਖੀ।

ਸਮਾਂ ਬਦਲਦਾ ਰਹਿੰਦਾ ਹੈ, ਬਦਲਦਾ ਰਿਹਾ। ਦਿੱਲੀ ਨੇ ਬੜੇ ਬਦਲਦੇ ਰੰਗ ਦੇਖੇ। ਪਠਾਣ, ਸੁਲਤਾਨ ਗਏ, ਮੁਗਲ ਆਏ, ਜੰਮ ਕੇ ਨਿੱਠ ਕੇ ਰਾਜ ਕੀਤਾ। ਨਾਦਰ ਆਇਆ, ਦਿੱਲੀ ਕੰਬੀ, ਤਖਤੇ ਤਾਊਸ, ਕੋਹਿਨੂਰ ਹੀਰਾ ਦਿੱਲੀਓਂ ਗਿਆ। ਅਬਦਾਲੀ ਆਇਆ ਦਿੱਲੀ ਲੁੱਟ ਕੇ ਲੈ ਗਿਆ। ਗੁਲਾਮ ਕਾਦਰ ਨੇ ਸ਼ਾਹ ਆਲਮ ਨੂੰ ਢਾਹ ਕੇ ਅੰਨ੍ਹਾ ਕੀਤਾ। ਸਮੁੰਦਰੋਂ ਪਾਰ ਦੇ ਗੋਰੇ ਅੰਗਰੇਜ਼ ਆ ਕੇ ਭਾਰਤ ਦੇ ਹੁਕਮਰਾਨ ਬਣੇ। ਫਿਰ ਉਹ ਵੀ ਗਏ ਤੇ ਭਾਰਤ ਆਜ਼ਾਦ ਜਮਹੂਰੀ ਦੇਸ਼ ਬਣ ਗਿਆ। ਚੁਣੇ ਹੋਏ ਵਿਧਾਇਕ ਸਦਨ, ਸਰਕਾਰਾਂ ਦੀ ਕਾਰਵਾਈ ਚਲਾਉਂਦੇ।

ਸਮੇਂ ਬਦਲੇ, ਸਮਿਆਂ ਨੇ ਰੰਗ ਬਦਲੇ, ਪਰ ਪੱਥਰਗੜ੍ਹ ਅਤੇ ਬਾਲਾਕੋਟ ਦੇ ਗੈਰਤਮੰਦ ਪਠਾਣੀ ਖੂਨ ਨੇ ਹਾਲੇ ਵੀ ਪਠਾਣੀ ਖੂਨ ਦੀ ਗੈਰਤ ਨੂੰ ਬਰਕਰਾਰ ਰੱਖਿਆ ਹੋਇਆ ਸੀ। ਪਾਟੇ ਖਾਂ ਅਤੇ ਨਾਢੂ ਖਾਂ ਦੋਵਾਂ ਪਰਵਾਰਾਂ ਦੇ ਆਪੋ ਆਪਣੇ ਵੰਸ਼ਜ਼ਾਂ ਵਾਸਤੇ ਗੈਰਤ ਦੇ ਮੁਜੱਸਮੇ ਸਨ ਅਤੇ ਪੁਲ ਵਾਲੀ ਕਹਾਣੀ ਦੋਵਾਂ ਪਰਵਾਰਾਂ ਦੀ ਅਣਖ, ਮਾਣ, ਮੁੱਛ ਪਿੱਛੇ ਮਰ ਮਿਟਣ ਦੀ ਗੈਰਤ ਨੂੰ ਜੋਸ਼ੀਲਾ ਮਾਨਸਿਕ ਹੁਲਾਰਾ ਦਿੰਦੀ ਸੀ। ਆਪਸੀ ਖੂਨ ਵਹਾਉਣਾ ਬੰਦ ਹੋ ਚੁੱਕਾ ਸੀ। ਬੋਲਚਾਲ ਉਕਾ ਬੰਦ ਸੀ। ਲਾਗ ਡਾਟ ਦੁਸ਼ਮਣੀ ਬਾਦਸਤੂਰ ਜਾਰੀ ਸੀ। ਹਾਂ, ਰਾਜਸੀ ਪ੍ਰਣਾਲੀ ਦੇ ਬਦਲਣ ਕਾਰਨ ਉਨ੍ਹਾਂ ਦੀ ਸਾਮੰਤੀ ਦੁਸ਼ਮਣੀ ਨੇ ਰਾਜਸੀ ਰੰਗ ਧਾਰ ਲਿਆ ਸੀ। ਵਿਧਾਨਕ ਸਦਨਾਂ ਲਈ ਚੋਣਾਂ ਹੁੰਦੀਆਂ। ਦੋ ਪ੍ਰਮੁੱਖ ਰਾਜਸੀ ਧਿਰਾਂ। ਪਾਰਟੀਆਂ ਵਿੱਚੋਂ ਇਕ ਦਾ ਨੁਮਾਇੰਦਾ ਪਾਟੇ ਖਾਂ ਦੇ ਪਰਵਾਰ ਦਾ ਮੁਖੀ ਹੁੰਦਾ। ਦੂਜੀ ਪਾਰਟੀ ਵੱਲੋਂ ਨਾਢੂ ਖਾਂ ਦੇ ਪਰਵਾਰ ਦਾ ਮੁਖੀ ਨੁਮਾਇੰਦਾ ਹੁੰਦਾ। ਦੋਵਾਂ ਪਰਵਾਰਾਂ ਦਾ ਇਲਾਕੇ ਵਿੱਚ ਬਰਾਬਰ ਨਾਂ ਸੀ। ਕਦੇ ਇਕ ਜਿੱਤ ਕੇ ਵਿਧਾਨਕ ਸਦਨ ਦਾ ਮੈਂਬਰ ਬਣਦਾ ਤੇ ਕਦੇ ਦੂਜਾ ਬਣ ਜਾਂਦਾ। ਧੂੰਆਂਧਾਰ ਪ੍ਰਚਾਰ ਹੁੰਦਾ। ਹੱਥਕੰਢੇ ਵਰਤੇ ਜਾਂਦੇ, ਪਰ ਦੋਵਾਂ ਪਰਵਾਰਾਂ ਦੀ ਆਪਸੀ ਬੋਲਚਾਲ ਬੰਦ ਹੀ ਰਹੀ। ਪੱਥਰਗੜ੍ਹ ਦੇ ਪਾਟੇ ਖਾਂ ਦੇ ਵੰਸ਼ ਵਿੱਚੋਂ ਵਰਤਮਾਨ ਮੁਖੀ ਸ਼ੇਰ ਖਾਂ ਵਿਧਾਇਕ ਸੀ ਅਤੇ ਬਾਲਾਕੋਟ ਦੇ ਨਾਢੂ ਖਾਂ ਦੇ ਵੰਸ਼ ਵਿੱਚੋਂ ਸ਼ਮਸ਼ੇਰ ਖਾਂ ਸਾਬਕਾ ਵਿਧਾਇਕ ਸੀ ਜੋ ਦੋ ਵਾਰ ਲਗਾਤਾਰ ਵਿਧਾਇਕ ਰਿਹਾ ਅਤੇ ਹੁਣ ਦੂਜੀ ਧਿਰ ਵਿੱਚ ਤਾਕਤਵਰ ਨੇਤਾ ਸੀ।

ਮੌਕਾ ਮੇਲ, ਸੁੱਤੇ ਸਿੱਧ, ਸੁਭਾਵਿਕ ਜਾਂ ਦੇਵਨੇਤ ਕੁਝ ਵੀ ਕਹਿ ਲਓ। ਉਸ ਪੁਰਾਣੇ ਪੁਲ ਉਤੇ ਪੁਲ ਪਾਰ ਕਰਨ ਲਈ ਦੋਵੇਂ ਵਿਰੋਧੀ ਦਿਸ਼ਾਵਾਂ ਵੱਲੋਂ ਆਹਮੋ ਸਾਹਮਣੇ ਇਕੱਠੇ ਹੋ ਗਏ। ਦੋਵੇਂ ਇਕੱਲੇ ਸਨ। ਵੇਲਾ ਵੀ ਆਥਣ ਦਾ, ਸੂਰਜ ਛਿਪਣ ਦੇ ਨੇੜੇ। ਪੁਲ ਦੇ ਵਿਚਕਾਰ ਆਹਮੋ ਸਾਹਮਣੇ ਚਾਰ ਹਲਕੇ ਕਦਮਾਂ ਦੀ ਦੂਰੀ। ਇਕਦਮ ਸ਼ੇਰ ਖਾਂ ਨੇ ਹੱਥ ਜੋੜੇ, 'ਭਾਈ ਜਾਨ ਮੁੱਦਤਾਂ ਤੋਂ ਪੁੱਠੇ ਪਾਸੇ ਤੁਰੇ, ਖੂਨ ਡੋਲਦੇ ਰਹੇ। ਆਓ ਇਸ ਖੂਨੀ ਖੇਡ ਨੂੰ ਖਤਮ ਕਰੀਏ। ਮੈਂ ਲੇਟਦਾ ਹਾਂ। ਮੇਰੀ ਗਰਦਨ ਉਤੇ ਮੁਬਾਰਕ ਕਦਮ ਰੱਖ ਕੇ ਮੇਰੇ ਉਤੋਂ ਦੀ ਲੰਘ ਜਾਓ, ਮੈਂ ਫਿਰ ਉਠ ਕੇ ਲੰਘ ਜਾਵਾਂਗਾ। ਕਾਸ਼! ਸਾਡੇ ਵਡੇਰਿਆਂ ਨੇ ਬੱਕਰੀਆਂ ਤੋਂ ਸਬਕ ਸਿੱਖਿਆ ਹੁੰਦਾ। ਉਨ੍ਹਾਂ ਦੀ ਨਕਲ ਕਰ ਲੈਂਦੇ, ਆਓ ਦੇਰ ਨਾ ਕਰੋ।' ਇਹ ਕਹਿੰਦਿਆਂ ਸ਼ੇਰ ਖਾ ਉਧਰ ਨੂੰ ਸਿਰ ਕਰਕੇ ਮੂਧਾ ਪੈ ਗਿਆ, ਜਿਧਰ ਸ਼ਮਸ਼ੇਰ ਖਾ ਨੇ ਜਾਣਾ ਸੀ। 'ਨਹੀਂ ਮੈਂ ਲੇਟਦਾ ਹਾਂ ਆਪ ਮੇਰੇ ਉਪਰੋਂ ਲੰਘੋ।' ਸ਼ਮਸ਼ੇਰ ਖਾਂ ਨੇ ਕਿਹਾ। 'ਨਹੀਂ ਮੈਂ ਪਹਿਲਾਂ ਅਰਜ਼ ਕੀਤੀ ਤੇ ਲੇਟ ਗਿਆ ਹਾਂ। ਮੈਨੂੰ ਨਿਰਾਸ਼ ਨਾ ਕਰੋ। ਅੱਜ ਤੋਂ ਕਸਮ ਵੀ ਹੈ ਕਿ ਮੈਂ ਤੁਹਾਡੇ ਵਿਰੁੱਧ ਕਦੇ ਵੀ ਚੋਣ ਲਈ ਕਾਗਜ਼ ਦਾਖਲ ਵੀ ਨਹੀਂ ਕਰਾਂਗਾ, ਲੰਘੋ ਮੇਰੇ ਉਪਰ ਦੀ' ਸ਼ੇਰ ਖਾਂ ਨੇ ਕਿਹਾ।

ਸ਼ੇਰ ਖਾਂ ਮੂਧਾ ਪਿਆ ਸੀ। ਉਸ ਦਾ ਸਿਰ ਉਧਰ ਸੀ, ਜਿਧਰ ਸ਼ਮਸ਼ੇਰ ਖਾਂ ਨੇ ਜਾਣਾ ਸੀ। ਸ਼ਮਸ਼ੇਰ ਖਾਂ ਦੀਆਂ ਅੱਖਾਂ ਨਮ ਹੋ ਗਈਆਂ, ਉਸ ਨੂੰ ਸ਼ੇਰ ਖਾਂ ਨਿਮਰਤਾ, ਨੇਕੀ ਤੇ ਮੁਹੱਬਤ ਦਾ ਫਰਿਸ਼ਤਾ ਜਾਪਿਆ। ਉਸ ਨੇ ਹੌਲੀ ਦੇਣੇ ਪੈਰ ਉਸ ਦੇ ਮੌਰਾਂ 'ਤੇ ਰੱਖਿਆ ਅਤੇ ਬਹੁਤ ਹੀ ਬੋਚਵੇਂ ਢੰਗ ਨਾਲ ਸਿਰ ਦੇ ਨਾਲ ਪੈਰ ਰੱਖ ਕੇ ਅੱਗੇ ਲੰਘਿਆ।

ਸ਼ੇਰ ਖਾਂ ਨੇ ਇਕਦਮ ਆਪਣੇ ਹੱਥ ਆਪਣੇ ਮੋਢਿਆਂ ਕੋਲ ਲਿਆਂਦੇ ਇਕ ਝਟਕੇ ਨਾਲ ਲੱਤਾਂ ਇਕੱਠੀਆਂ ਕੀਤੀਆਂ ਤੇ ਬਿਜਲੀ ਦੀ ਤੇਜ਼ੀ ਨਾਲ ਉਠਿਆ। ਸ਼ਮਸ਼ੇਰ ਖਾਂ ਦਾ ਮੂੰਹ ਦੂਜੇ ਪਾਸੇ ਤੇ ਪਿੱਠ ਹਾਲੇ ਸ਼ੇਰ ਖਾਂ ਵੱਲ ਸੀ। ਸ਼ੇਰ ਖਾਂ ਨੇ ਉਸ ਨੂੰ ਬਾਹਾਂ ਸਮੇਤ ਲੱਕ ਤੋਂ ਫੜ ਕੇ ਉਪਰ ਚੁੱਕਿਆ ਤੇ ਹੌਲੀ ਦੇਣੇ ਬੰਨੀ ਉਤੋਂ ਦੀ ਨਦੀ ਵਿੱਚ ਸੁੱਟ ਦਿੱਤਾ।

'ਹਾ ਹਾ ਹਾ.., ਭਾਈਜਾਨ ਨੂੰ ਸਵਰਗਵਾਸ ਤੋਂ ਪਹਿਲਾਂ ਬੱਕਰੀ ਅਤੇ ਸਿਆਸਦਾਨ ਵਿੱਚ ਫਰਕ ਦੀ ਸਮਝ ਤਾਂ ਆ ਗਈ ਹੋਵੇਗੀ।' ਉਸ ਦੇ ਹਾਸੇ ਅਤੇ ਬੋਲਾਂ ਵਿੱਚ ਭਿਆਨਕ ਕਰੂਰਤਾ ਸੀ।

**ਡਿਲਿਵਰੀ ਲਈ ਡਰਾਇਵਰਾਂ ਦੀ ਸਖੱਤ ਲੋੜ**

ਸਕਾਰਬਰੋ ਵਿਚ ਫੂਡ ਡਿਸਟ੍ਰੀਬਿਊਸ਼ਨ ਕੰਪਨੀ ਨੂੰ
Full/Part Time ਡਰਾਇਵਰਾਂ ਦੀ ਲੋੜ

- ਘਟੋ-ਘਟ 2-3 ਸਾਲ ਦਾ ਡਿਲਿਵਰੀ ਦਾ ਤਜ਼ਰਬਾ ਜਰੂਰੀ;
- Basic English Knowledge; Hindi/Punjabi Preferred;
- G ਲਾਇਸੈਂਸ ਹੋਣਾ ਜ਼ਰੂਰੀ & Ability To Lift up to 50 lbs.

$18 ਤੋਂ $22 ਡਾਲਰ ਤਨਖਾਹ, ਤਜ਼ਰਬੇ ਦੇ ਹਿਸਾਬ ਨਾਲ
ਅੱਜ ਹੀ ਕਾਲ ਕਰੋ ਤੇ 1 ਸਤੰਬਰ 2019 ਤੋਂ ਸ਼ੁਰੂ ਕਰੋ

Fax Resume at: 647-351-7157 or
Email Resume to: SIVA@SRIMI.COM or Call
Aaha Foods @ 437 970 8607 (9.00am to 5.00pm)

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

**CLASSIFIEDS**

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

GABRIEL EXCAVATING & GRADING LTD.
**ਮਾਰਖਮ ਵਿੱਚ ਮਕੈਨਿਕ ਦੀ ਲੋੜ**

- Full Time Heavy Equipment Mechanic (310T Preferred)
- Exp. with CAT equipment & Mack Trucks
- Company truck supplied

ਹੋਰ ਵੀ ਕਈ ਸੇਵਾਵਾਂ ਤੇ ਰਿਟਾਇਰ ਹੋਣ ਤੇ ਪੈਨਸ਼ਨ ਵੀ ਦਿੱਤੀ ਜਾਂਦੀ ਹੈ
ਕਾਲ ਕਰੋ: 905-470-0482

**ਦੇਖੋ ਮਾਲਿਸ਼ ਦਾ ਕਮਾਲ**
ਪਿੱਠ, ਗੋਢੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪਰੇਸ਼ਾਨ ਹੋ ਤਾਂ ਇੱਕ ਨਾਂ ਨੋਟ ਕਰੋ : ਸ. ਕੇਵਲ ਸਿੰਘ
Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨ੍ਹਾਂ ਕਿਸੇ ਦਵਾਈ ਦਿਤਿਆਂ ਮਾਲਿਸ਼ ਨਾਲ ਦੋ ਤਿਨ ਵਿੱਚ ਘੋੜੇ ਵਾਂਗੂ ਕਰ ਦਿੰਦੇ ਹਨ।
ਕਿਨੇ VIP ਲੋਕ ਇਨ੍ਹਾਂ ਦੇ ਹੱਥੋ ਮਾਲਿਸ਼ ਕਰਾ ਕੇ ਨੌ ਬਰ ਨੌ ਹੋਏ ਹਨ
ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

**ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ**
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Homely Environment
- Biweekly payment
- ਵਧੀਆ ਤਨਖਾਹ

Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
$1,000
Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.
22 Listcreek Road, Brampton L6p 2n6

GF1
**Security Jobs - Security Guard Training - Licensing**
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers

H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

V4U LOGISTIC INC.
Delivering "Satisfaction"... On Time Every Time
**NOW HIRING**
A/Z Drivers Needed
For Canada To US Runs
Local City Drivers @ 22/hr
For Owner Operator upto $1.62/mile
USA Driver $0.60/mile | Canada wide $0.50/mile
- General Freight
- Yard to Yard Work
- Up to 3500 miles/wk
- 2 Yr. Exp
- Clear CVOR & Abstract

* Disability Insurance
* Travel Insurance
* Medical Benefits
* Dental Benefits

ਪਰਗਟ ਸਿੰਘ ਨੂੰ ਫੋਨ ਕਰੋ:
416-625-3096
ਟਰੱਕ ਮਕੈਨਿਕ ਦੀ ਵੀ ਲੋੜ ਹੈ

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
Looking for Experienced:
- Machine Operators
- Forklift Driver
- Millwright's
- AZ-DZ Drivers
- Machine Mechanic

(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL
PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN
Sales Representative
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਭਾਰਤ-ਪਾਕਿਸਤਾਨ ਮਿੱਤਰ ਕਿਉਂ ਨਹੀਂ ਬਣ ਸਕਦੇ

-ਆਕਾਰ ਪਟੇਲ



ਬਾਹਰੀ ਲੋਕ ਆਮ ਤੌਰ ਉਤੇ ਇਸ ਗੱਲ ਬਾਰੇ ਉਲਝਣ ਵਿੱਚ ਰਹਿੰਦੇ ਹਨ ਕਿ ਭਾਰਤ ਅਤੇ ਪਾਕਿਸਤਾਨ ਮਿੱਤਰ ਕਿਉਂ ਨਹੀਂ ਬਣ ਸਕਦੇ? ਉਨ੍ਹਾਂ ਦੇ ਦ੍ਰਿਸ਼ਟੀਕੋਣ ਵਿੱਚ ਦੋਵੇਂ ਦੇਸ਼ ਨਾ ਸਿਰਫ ਸਪੱਸ਼ਟ ਤੌਰ 'ਤੇ ਇੱਕੋ ਹਨ, ਸਗੋਂ ਬਰਾਬਰ ਹਨ। ਕਿਹਾ ਜਾ ਸਕਦਾ ਹੈ ਕਿ ਇਹ ਸਪੇਨ ਤੇ ਪੁਰਤਗਾਲ ਜਾਂ ਜਰਮਨੀ ਤੇ ਫਰਾਂਸ ਵਾਂਗ ਵੱਖ ਨਹੀਂ ਹਨ, ਜਿੱਥੇ ਵਖਰੇਵੇਂ, ਵਿਸ਼ੇਸ਼ ਸੰਸਕ੍ਰਿਤੀ ਤੇ ਭਾਸ਼ਾ ਦਾ ਇੱਕ ਲੰਮਾ ਇਤਿਹਾਸ ਹੈ। ਭਾਰਤ ਤੇ ਪਾਕਿਸਤਾਨ ਵਿੱਚ 1947 ਤੋਂ ਪਹਿਲਾਂ ਇਸ ਤਰ੍ਹਾਂ ਦੀ ਵੰਡ ਨਹੀਂ ਸੀ। ਸਾਡੇ ਦੋਵਾਂ ਵਿਚਾਲੇ ਕੋਈ ਕੁਦਰਤੀ ਰੁਕਾਵਟ ਨਹੀਂ ਹੈ। ਅਸੀਂ ਇਹ ਤਰਕ ਦੇ ਸਕਦੇ ਹਾਂ ਕਿ ਉਨ੍ਹਾਂ ਦੀ ਸੰਸਕ੍ਰਿਤੀ ਸਾਡੇ ਤੋਂ ਬਹੁਤ ਵੱਖ ਹੈ, ਇਹ ਪ੍ਰਤੱਖ ਤੌਰ 'ਤੇ ਦਿਖਾਈ ਨਹੀਂ ਦਿੰਦੀ, ਘੱਟੋ ਘੱਟ ਬਾਹਰੀ ਲੋਕਾਂ ਨੂੰ।

ਸਾਡੇ ਪਕਵਾਨਾਂ ਦੇ ਸੁਆਦ ਬਰਾਬਰ ਹਨ। ਮਸਾਲਿਆਂ ਨਾਲ ਭਰਪੂਰ ਅਤੇ ਜਿਨ੍ਹਾਂ ਦਾ ਆਧਾਰ ਚੌਲ ਅਤੇ ਰੋਟੀ ਹੈ। ਲੋਕ ਦਿਸਦੇ ਵੀ ਇੱਕੋ ਜਿਹੇ ਹਨ-ਇਹ ਕਹਿਣਾ ਆਸਾਨ ਨਹੀਂ ਹੋਵੇਗਾ ਕਿ ਇੱਕ ਲਾਹੌਰੀ ਔਰਤ ਦਿੱਲੀ ਵਾਲੀ ਤੋਂ ਵੱਖਰੀ ਨਜ਼ਰ ਆਉਂਦੀ ਹੈ ਜਾਂ ਕਰਾਚੀ ਦਾ ਵਿਅਕਤੀ ਉੱਤਰ ਪ੍ਰਦੇਸ਼ ਜਾਂ ਬਿਹਾਰ ਵਾਲੇ ਤੋਂ ਵੱਖਰਾ ਦਿਖਾਈ ਦਿੰਦਾ ਹੈ। ਦੱਖਣ ਅਤੇ ਪੂਰਬੀ ਭਾਰਤ ਭਿੰਨ ਹਨ, ਪਰ ਇਹ ਅੰਤਰ ਸਿਰਫ ਭਾਰਤ ਦੇ ਅੰਦਰ ਹੀ ਹੈ।

ਬਿਨਾਂ ਸ਼ੱਕ ਸੰਗੀਤ ਵੀ ਲਗਭਗ ਇੱਕੋ ਜਿਹਾ ਹੈ। ਬਾਹਰੀ ਲੋਕਾਂ ਲਈ ਵਰਤੇ ਜਾਣ ਵਾਲੇ ਕੁਝ ਵਿਸ਼ੇਸ਼ ਮਸਾਲਿਆਂ ਤੇ ਮਾਸ ਦੀ ਭਿੰਨਤਾ (ਅਸਲ ਵਿੱਚ ਪਾਕਿਸਤਾਨੀਆਂ ਵੱਲੋਂ ਖਾਧਾ ਜਾਣ ਵਾਲਾ ਜ਼ਿਆਦਾਤਰ ਭੋਜਨ ਸਾਡੇ ਵਾਂਗ ਮਾਂਸ ਨਹੀਂ, ਸਗੋਂ ਦਾਲ ਸਬਜ਼ੀਆਂ ਤੇ ਅਨਾਜ ਹੁੰਦਾ ਹੈ) ਓਨੀ ਮਹੱਤਵ ਪੂਰਨ ਨਹੀਂ। ਇਸ ਸਭ ਕਾਰਨ ਉਹ ਉਲਝਣ ਵਿੱਚ ਪੈ ਜਾਂਦੇ ਹਨ ਕਿ ਦੋਵਾਂ ਦੇਸ਼ਾਂ ਵਿਚਾਲੇ ਇਸ ਤਰ੍ਹਾਂ ਦੀ ਦੁਸ਼ਮਣੀ ਕਿਉਂ ਹੈ?

ਮੇਰੀ ਉਮਰ ਲਗਭਗ 50 ਸਾਲ ਹੈ ਅਤੇ ਮੈਨੂੰ ਆਸ ਨਹੀਂ ਕਿ ਮੈਂ ਦੋਵਾਂ ਵਿਚਾਲੇ ਦੋਸਤਾਨਾ ਸੰਬੰਧ ਦੇਖ ਸਕਾਂਗਾ। ਮੈਂ ਨਿਰਾਸ਼ਾਵਾਦੀ ਨਹੀਂ ਬਣ ਰਿਹਾ, ਸਗੋਂ ਮਹਿਜ਼ ਵਿਹਾਰਵਾਦੀ ਹਾਂ। ਮੇਰੇ ਸਾਰੇ ਬਾਲਗ ਕਾਲ ਦੌਰਾਨ ਏਦਾਂ ਨਹੀਂ ਹੋਇਆ। ਜਦੋਂ ਮੈਂ ਵੀਹ ਸਾਲ ਦਾ ਹੋਣ ਵਾਲਾ ਸੀ, ਕਸ਼ਮੀਰ ਵਿਵਾਦ ਹਿੰਸਕ ਬਣ ਗਿਆ ਅਤੇ ਇਹ ਉਹੋ ਜਿਹਾ ਹੀ ਬਣਿਆ ਰਿਹਾ, ਜਦ ਕਿ ਉਦੋਂ ਤੋਂ ਤੀਹ ਸਾਲ ਹੋਰ ਵੱਡਾ ਹੋ ਚੁੱਕਾ ਹਾਂ, ਪਰ ਉਸ ਤੋਂ ਪਹਿਲਾਂ ਵੀ ਅਜਿਹਾ ਨਹੀਂ ਹੋ ਕਿ ਪਾਕਿਸਤਾਨ ਦੇ ਨਾਲ ਸੰਬੰਧ ਚੰਗੇ ਅਤੇ ਇਥੋਂ ਤੱਕ ਕਿ ਆਮ ਸਨ। ਜੋ ਦੋਸ਼ ਅਸੀਂ ਉਨ੍ਹਾਂ 'ਤੇ ਲਾਉਂਦੇ ਹਾਂ (ਅੱਤਵਾਦ ਨੂੰ ਉਤਸ਼ਾਹ ਦੇਣਾ), 1980 ਦੇ ਦਹਾਕੇ ਵਿੱਚ ਵੀ ਇਹੀ ਦੋਸ਼ ਲਾਇਆ ਜਾਂਦਾ ਸੀ। ਉਸ ਸਮੇਂ ਇਹ ਪੰਜਾਬ ਵਿੱਚ ਹਿੰਸਾ ਬਾਰੇ ਸੀ।

ਮੈਨੂੰ ਨਿੱਜੀ ਤੌਰ 'ਤੇ ਯਾਦ ਨਹੀਂ ਕਿ ਸੰਬੰਧਾਂ ਦੇ ਮਾਮਲੇ ਵਿੱਚ 1970 ਦਾ ਦਹਾਕਾ ਕਿਦਾਂ ਦਾ ਸੀ, ਪਰ ਮੈਨੂੰ ਪੜ੍ਹਨ ਤੋਂ ਬਾਅਦ ਪਤਾ ਲੱਗਾ ਕਿ 1965 ਦੀ ਜੰਗ ਤੋਂ ਬਾਅਦ ਜੋ ਚੀਜ਼ ਵਾਪਰੀ, ਉਹ ਇਹ ਸੀ ਕਿ ਪੰਜਾਬ ਸਰਹੱਦ ਦੇ ਆਰ-ਪਾਰ ਆਸਾਨੀ ਨਾਲ ਹੋਣ ਵਾਲੀ ਯਾਤਰਾ ਅਤੇ ਵਪਾਰ ਖਤਮ ਹੋ ਗਿਆ ਅਤੇ ਇਹੋ ਹੀ ਫਿਲਮਾਂ ਦੇ ਮਾਮਲੇ ਵਿੱਚ ਹੋਇਆ। ਭਾਵੇਂ 15 ਸਾਲ ਪਹਿਲਾਂ ਜਨਰਲ ਮੁਸ਼ੱਰਫ ਦੇ ਕਾਰਜਕਾਲ ਦੌਰਾਨ ਸਥਿਤੀ ਪਲਟ ਗਈ, ਪਰ ਉਨ੍ਹਾਂ ਦੀ ਸਮਾਪਤੀ ਤੱਕ ਹੀ ਜਾਰੀ ਰਹੀ। ਅਸੀਂ ਅਜੇ ਵੀ ਉਨ੍ਹਾਂ ਦੀਆਂ ਫਿਲਮਾਂ ਜਾਂ ਉਨ੍ਹਾਂ ਦੇ ਚੈਨਲ ਨਹੀਂ ਦਿਖਾਉਂਦੇ। 1971-72 ਦੀ ਜੰਗ ਤੋਂ ਬਾਅਦ ਸਰਹੱਦ ਨੂੰ ਸਥਾਈ ਤੌਰ 'ਤੇ ਬੰਦ ਕਰ ਦਿੱਤਾ ਗਿਆ ਅਤੇ ਵਸਤਾਂ ਦੀ ਆਜ਼ਾਦ ਅਦਲਾ-ਬਦਲੀ ਵੀ ਖਤਮ ਹੋ ਗਈ ਅਤੇ ਮੈਂ ਸਮਝਦਾ ਹਾਂ ਕਿ ਉਸੇ ਪਲ ਨੂੰ ਇੰਨੇ ਸਾਲਾਂ ਬਾਅਦ ਵੀ (ਮੇਰਾ ਜਨਮ 1969 ਵਿੱਚ ਹੋਇਆ ਸੀ) ਅੱਜ ਤੱਕ ਅੱਗੇ ਲਿਜਾਇਆ ਜਾ ਰਿਹਾ ਹੈ।

ਸਿਰਫ ਕੁਝ ਹਜ਼ਾਰ ਭਾਰਤੀ ਜਿਉਂਦੇ ਹੋਣਗੇ, ਜਿਨ੍ਹਾਂ ਨੇ ਪਾਕਿਸਤਾਨ ਦੇਖਿਆ ਹੈ ਅਤੇ ਪਾਕਿਸਤਾਨੀਆਂ ਦੇ ਮਾਮਲੇ ਵਿੱਚ ਵੀ ਇਹੀ ਗੱਲ ਹੈ। ਅਜਿਹਾ ਵੀਜ਼ਾ ਪ੍ਰਾਪਤ ਕਰਨ ਦੀ ਅਤਿਅੰਤ ਮੁਸ਼ਕਲ ਪ੍ਰਕਿਰਿਆ ਕਾਰਨ ਹੈ। ਇਥੋਂ ਤੱਕ ਕਿ ਜੋ ਲੋਕ ਵੀਜ਼ਾ ਪ੍ਰਾਪਤ ਕਰ ਲੈਂਦੇ ਹਨ, ਉਨ੍ਹਾਂ ਨੂੰ ਇੱਕ ਪੁਲਸ ਰਿਪੋਰਟਿੰਗ ਵੀਜ਼ਾ ਦਿੱਤਾ ਜਾਂਦਾ ਹੈ, ਜਿਸ ਦਾ ਮਤਲਬ ਇਹ ਹੈ ਕਿ ਆਉਣ ਵਾਲੇ ਨੂੰ ਆਉਣ ਤੋਂ ਬਾਅਦ ਅਤੇ ਵਾਪਸ ਪਰਤਣ ਤੋਂ ਪਹਿਲਾਂ ਕਈ ਘੰਟੇ ਆਪਣੀ ਰਜਿਸਟਰੇਸ਼ਨ ਕਰਵਾਉਣ ਅਤੇ ਰਜਿਸਟਰੇਸ਼ਨ ਰੱਦ ਕਰਵਾਉਣ ਵਿੱਚ ਗੁਜ਼ਾਰਨੇ ਪੈਂਦੇ ਹਨ। ਯਾਤਰਾ ਕਰਨ ਦੀ ਸਮਰੱਥਾ ਦੀ ਘਾਟ ਦਾ ਇੱਕ ਕਾਰਨ ਇਹ ਹੈ ਕਿ ਅਸੀਂ ਉਨ੍ਹਾਂ ਦੇ ਬਾਰੇ ਜੋ ਕੁਝ ਜਾਣਦੇ ਹਾਂ, ਉਹ ਸਾਨੂੰ ਹੋਰਨਾਂ ਤੋਂ ਪ੍ਰਾਪਤ ਸੂਚਨਾ ਅਤੇ ਭਾਵਨਾਤਮਕ ਪ੍ਰਚਾਰ ਰਾਹੀਂ ਪਤਾ ਲੱਗਦਾ ਹੈ। ਇਸ ਨੇ ਮਨੋਵਿਗਿਆਨਕ ਵੰਡ ਨੂੰ ਜਿਉਂਦਾ ਰੱਖਿਆ ਹੈ। ਅਸੀਂ ਜੰਗ ਵਿੱਚ ਨਹੀਂ ਹਾਂ, ਪਰ ਅਸੀਂ ਕਦੇ ਵੀ ਸ਼ਾਂਤੀ ਵਿੱਚ ਵੀ ਨਹੀਂ ਰਹੇ।

ਮੈਨੂੰ ਪੂਰਾ ਵਿਸ਼ਵਾਸ ਨਹੀਂ ਕਿ ਆਪਣੀਆਂ ਸਰਹੱਦਾਂ ਨੂੰ ਸਖਤ ਰੱਖ ਕੇ ਅਸੀਂ ਕੀ ਹਾਸਲ ਕੀਤਾ ਅਤੇ ਇਥੇ ਮੇਰਾ ਮਤਲਬ ਦੋਵਾਂ ਦੇਸ਼ਾਂ ਤੋਂ ਹੈ। ਪਾਕਿਸਤਾਨ ਨੇ ਆਪਣੇ ਜਾਤੀ ਅਤੇ ਸੰਸਕ੍ਰਿਤਕ ਸੰਬੰਧੀ ਆਪਣਾ ਸੰਪਰਕ ਗੁਆ ਦਿੱਤਾ ਅਤੇ ਉਸੇ ਤਰ੍ਹਾਂ ਅਸੀਂ ਵੀ, ਪਰ ਉਸ ਨੇ ਭਾਰਤੀ ਸੈਲਾਨੀਆਂ ਵਰਗੀਆਂ ਚੀਜ਼ਾਂ ਨੂੰ ਵੀ ਗੁਆ ਦਿੱਤਾ। ਮੈਂ ਬਹੁਤ ਸਾਰੇ ਲੋਕਾਂ ਨੂੰ ਜਾਣਦਾ ਹਾਂ, ਜੋ ਸਿੰਧੂ ਨਦੀ ਜਾਂ ਤਕਸ਼ਿਲਾ ਜਾਂ ਗੰਧਾਰ ਜਾਣ ਲਈ ਕਾਫੀ ਧਨ ਖਰਚ ਕਰ ਸਕਦੇ ਹਨ ਅਤੇ ਇਨ੍ਹਾਂ ਵਿੱਚ ਪੰਜਾਬੀਆਂ ਤੇ ਸਿੰਧੀਆਂ ਵਰਗੇ ਉਹ ਲੋਕ ਸ਼ਾਮਲ ਨਹੀਂ, ਜਿਨ੍ਹਾਂ ਦੀਆਂ ਉਥੇ ਜੜ੍ਹਾਂ ਹਨ। ਭਾਰਤੀਆਂ ਨੂੰ ਪਾਕਿਸਤਾਨ ਵਿੱਚ ਕਿਸੇ ਵੀ ਚੀਜ਼ ਬਾਰੇ ਸਮੱਸਿਆ ਨਹੀਂ ਆਵੇਗੀ ਅਤੇ ਉਹ ਸਥਾਨਕ ਲੋਕਾਂ ਵਾਂਗ ਵਿਹਾਰ ਕਰਨਗੇ, ਸੰਕੋਚਸ਼ੀਲ ਢੰਗ ਨਾਲ ਤੇ ਬਿਨਾਂ ਕਿਸੇ ਉਚੀਆਂ ਖਾਹਿਸ਼ਾਂ ਦੇ, ਜਿਵੇਂ ਹੋਰ ਵਿਦੇਸ਼ੀ ਕਰਦੇ ਹਨ। ਦੂਜੇ ਪਾਸੇ ਭਾਰਤ ਨੇ ਆਪਣੇ ਉਤਪਾਦਾਂ ਲਈ ਵੱਡਾ ਬਾਜ਼ਾਰ ਗੁਆ ਦਿੱਤਾ, ਜਿਨ੍ਹਾਂ 'ਚੋਂ ਆਟੋਮੋਬਾਈਲ ਵਰਗੀਆਂ ਜ਼ਿਆਦਾਤਰ ਵਸਤਾਂ ਪਾਕਿਸਤਾਨ ਵਿਚਲੀਆਂ ਵਸਤਾਂ ਨਾਲੋਂ ਆਮ ਤੌਰ 'ਤੇ ਵਧੀਆ ਤੇ ਸਸਤੀਆਂ ਹੁੰਦੀਆਂ ਹਨ। ਇੱਕ ਹੋਰ ਉੱਤਰ ਪ੍ਰਦੇਸ਼ ਵਰਗੇ 20 ਕਰੋੜ ਲੋਕਾਂ ਵਾਲੇ ਦੇਸ਼ ਪਾਕਿਸਤਾਨ ਨੂੰ ਰੱਦ ਕਰਨਾ ਆਸਾਨ ਹੋ ਸਕਦਾ ਹੈ, ਪਰ ਸਾਨੂੰ ਇਹ ਜ਼ਰੂਰ ਯਾਦ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਦਾ ਇੱਕ ਆਪਣਾ ਉਚ ਖੁਸ਼ਹਾਲ ਵਰਗ ਅਤੇ ਇੱਕ ਤਕੜੀ ਅਰਥ ਵਿਵਸਥਾ ਹੈ, ਜਿਸ ਦਾ ਅਸੀਂ ਫਾਇਦਾ ਉਠਾ ਸਕਦੇ ਹਾਂ।

ਮੈਂ ਸਮਝਦਾ ਹਾਂ ਕਿ ਅੱਤਵਾਦ ਦਾ ਡਰ ਅਜਿਹਾ ਕਾਰਨ ਹੈ ਕਿ ਦੋਵੇਂ ਦੇਸ਼ ਇੱਕ ਦੂਜੇ ਦੇ ਨਾਗਰਿਕਾਂ ਨੂੰ ਦੂਰ ਰੱਖਦੇ ਹਨ। 1990 ਦੇ ਦਹਾਕੇ ਦੇ ਮੱਧ ਤੋਂ ਅਸੀਂ ਇਸ ਗੱਲ 'ਤੇ ਜ਼ੋਰ ਦੇ ਰਹੇ ਹਾਂ ਕਿ ਵੀਜ਼ਾ ਤੰਤਰ ਜਿੱਥੋਂ ਤੱਕ ਸੰਭਵ ਹੋ ਸਕੇ, ਸਖਤ ਰਹਿਣਾ ਚਾਹੀਦਾ ਹੈ, ਤਾਂ ਕਿ ਅਸੀਂ ਸੁਰੱਖਿਅਤ ਰਹਿ ਸਕੀਏ, ਪਰ ਭਾਰਤ ਵਿੱਚ ਅੱਤਵਾਦ ਖਤਮ ਨਹੀਂ ਹੋਇਆ ਤੇ ਇਸ ਦੇ ਤਰੀਕਿਆਂ ਨੂੰ ਹੋਰਨਾਂ ਵੱਲੋਂ ਨਿਰਧਾਰਤ ਕੀਤਾ ਜਾਂਦਾ ਹੈ। ਦੂਜੇ ਪਾਸੇ ਮੈਂ ਹਮੇਸ਼ਾ ਪਾਕਿਸਤਾਨੀਆਂ ਨੂੰ ਜ਼ੋਰ ਦੇ ਕੇ ਕਹਿੰਦਾ ਰਿਹਾ ਹਾਂ ਕਿ ਉਹ ਭਾਰਤੀਆਂ ਨੂੰ ਜ਼ਿਆਦਾ ਰਸਮਾਂ ਤੋਂ ਬਿਨਾਂ ਦਾਖਲ ਹੋਣ ਦੇਣ। ਬੀਤੇ ਸਾਲਾਂ ਦੌਰਾਨ ਜਾਸੂਸੀ ਦੇ ਦੋਸ਼ ਵਿੱਚ ਇੱਕ ਭਾਰਤੀ ਦੀ ਗ੍ਰਿਫਤਾਰੀ ਅਤੇ ਉਸ ਨੂੰ ਦੋਸ਼ੀ ਕਰਾਰ ਦੇਣ ਦਾ ਮਤਲਬ ਇਹ ਹੈ ਕਿ ਉਹ ਵੀ ਉਸੇ ਤਰਕ ਅਨੁਸਾਰ ਚੱਲਦੇ ਹਨ, ਜਿਸ 'ਤੇ ਅਸੀਂ। ਅੱਜ ਮੇਰੇ ਵਰਗਿਆਂ ਲਈ ਵੀ, ਜੋ ਅੱਧੀ ਦਰਜਨ ਵਾਰ ਪਾਕਿਸਤਾਨ ਦੀ ਯਾਤਰਾ ਕਰ ਚੁੱਕਾ ਹੋਵੇ, ਪਾਕਿਸਤਾਨ ਦਾ ਵੀਜ਼ਾ ਲੈਣਾ ਆਸਾਨ ਨਹੀਂ।

ਇੱਕ ਨਵੇਂ ਚਿਹਰੇ, ਕ੍ਰਿਕਟਰ ਪਲੇਅ ਬੁਆਏ ਇਮਰਾਨ ਖਾਨ ਦੀ ਚੋਣ ਨਾਲ ਇਸ ਸ਼ੱਕ ਨੂੰ ਬਲ ਮਿਲਿਆ ਹੈ ਕਿ ਕੀ ਪਾਕਿਸਤਾਨ ਤੇ ਭਾਰਤ ਵਿਚਾਲੇ ਸੰਬੰਧਾਂ ਵਿੱਚ ਸੁਧਾਰ ਹੋਵੇਗਾ। ਨਹੀਂ, ਅਜਿਹਾ ਨਹੀਂ ਹੋਵੇਗਾ। ਉਨ੍ਹਾਂ ਤੋਂ ਪਹਿਲਾਂ ਦੋਵੇਂ ਪਾਸਿਓਂ ਕਈ ਨਵੇਂ ਚਿਹਰੇ ਅਤੇ ਹਰ ਤਰ੍ਹਾਂ ਦੇ ਵਿਅਕਤੀ-ਉਦਾਸ, ਰੂੜੀਵਾਦੀ, ਕੱਟੜਵਾਦੀ ਅਤੇ ਤਾਨਾਸ਼ਾਹ ਆ ਅਤੇ ਜਾ ਚੁੱਕੇ ਹਨ। ਅਜਿਹਾ ਨਹੀਂ ਹੈ ਕਿ ਕੋਈ ਕਦਮ ਚੁੱਕਣ ਲਈ ਕਿਸੇ ਸਹੀ ਵਿਅਕਤੀ ਦੀ ਘਾਟ ਹੈ ਜਾਂ ਦੋਵੇਂ ਪਾਸਿਓਂ ਲੋਕਾਂ ਨੂੰ ਨਹੀਂ ਪਤਾ ਹੈ ਕਿ ਸਥਾਈ ਤੌਰ 'ਤੇ ਦੁਸ਼ਮਣੀ ਭਰੀ ਸਥਿਤੀ ਵਿੱਚ ਰਹਿਣ ਦੇ ਲਾਭ ਨਹੀਂ ਹਨ।

ਮੈਂ ਸਮਝਦਾ ਹਾਂ ਕਿ ਅਸੀਂ ਸਿਰਫ ਉਦੋਂ ਖੁਸ਼ ਦਿਖਾਈ ਦਿੰਦੇ ਹਾਂ, ਜਦੋਂ ਅਸੀਂ ਇੱਕ ਦੂਜੇ ਨਾਲ ਨਫਰਤ ਕਰਦੇ ਹਾਂ।

# ਪੰਜਾਬ ਵੀ ਬਣ ਸਕਦਾ ਹੈ ਕੈਲੀਫੋਰਨੀਆ

-ਕੁਲਜੀਤ ਬੈਂਸ

ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਕ ਵਾਰ ਪੰਜਾਬ ਨੂੰ ਕੈਲੀਫੋਰਨੀਆ ਬਣਾਉਣ ਦਾ ਵਾਅਦਾ ਕੀਤਾ ਸੀ। ਲੋਕਾਂ ਨੇ ਉਨ੍ਹਾਂ ਦੇ ਇਸ ਵਾਅਦੇ ਦਾ ਮਖੌਲ ਉਡਾਇਆ। ਉਹ ਇਸ ਵਿੱਚ ਨਾਕਾਮ ਵੀ ਰਹੇ ਅਤੇ ਲੋਕਾਂ ਨੇ ਵੀ ਤਸੱਲੀ ਜਿਹੀ ਮਹਿਸੂਸ ਕੀਤੀ ਕਿ ਸਭ ਦੇ ਭੁਲੇਖੇ ਦੂਰ ਹੋ ਗਏ ਹਨ। ਕੀ ਉਨ੍ਹਾਂ ਦਾ ਇਹ ਖੁਆਬ ਸੱਚਮੁੱਚ ਗੈਰ ਹਕੀਕੀ ਸੀ? ਕੀ ਪੰਜਾਬ ਸੱਚਮੁੱਚ ਕੈਲੀਫੋਰਨੀਆ ਜਾਂ ਟੋਰਾਂਟੋ ਜਾਂ ਖੁਆਬਾਂ ਦੀ ਕੋਈ ਹੋਰ ਧਰਤੀ ਨਹੀਂ ਬਣ ਸਕਦਾ?

ਮੀਡੀਆ ਵਿੱਚ ਅੱਜ ਕੱਲ੍ਹ ਤ੍ਰਾਹ ਕੱਢਣ ਵਾਲੇ ਅੰਕੜੇ ਆ ਰਹੇ ਹਨ। ਪੰਜਾਬ ਦੇ ਲੋਕ ਆਪਣੇ ਬੱਚਿਆਂ ਦੀ ਪੜ੍ਹਾਈ ਲਈ ਕਰੋੜਾਂ ਰੁਪਏ ਵਿਦੇਸ਼ ਭੇਜ ਰਹੇ ਹਨ। ਪੜ੍ਹਾਈ ਦਾ ਇਕ ਸਾਲ ਦਾ ਖਰਚਾ 27000 ਕਰੋੜ ਤੋਂ 60000 ਕਰੋੜ ਰੁਪਏ ਦੇ ਵਿਚਕਾਰ ਹੈ। ਫਰਕ ਸਿਰਫ ਇਹ ਹੈ ਕਿ ਤੁਸੀਂ ਬੱਚੇ ਨੂੰ ਵਿਦੇਸ਼ ਭੇਜਣ ਲਈ ਪਹਿਲੇ ਸਾਲ ਦਾ ਖਰਚਾ ਭੇਜ ਰਹੇ ਹੋ ਜਾਂ ਪਹਿਲਾਂ ਹੀ ਉਥੇ ਪੁੱਜੇ ਬੱਚਿਆਂ ਲਈ ਹੋਰ ਖਰਚ ਭੇਜ ਰਹੇ ਹੋ।

ਇਕ ਤੱਥ ਐਨ ਸਪੱਸ਼ਟ ਹੈ, ਪੰਜਾਬ ਕੋਲ ਸੰਸਾਰ ਪੱਧਰ ਦੀਆਂ ਸਹੂਲਤਾਂ ਹਾਸਲ ਕਰਨ ਜੋਗੀ ਸਮਰੱਥਾ ਤੇ ਸਰੋਤ ਹਨ ਅਤੇ ਜੇ ਇਨ੍ਹਾਂ ਨੂੰ ਆਪਣੇ ਪੈਸੇ ਦਾ ਮੁੱਲ ਮੁੜਨ ਦਾ ਯਕੀਨ ਹੋਵੇ ਤਾਂ ਇਹ ਖਰਚ ਕਰਨ ਲਈ ਤਿਆਰ-ਬਰ-ਤਿਆਰ ਹਨ। ਪੰਜਾਬ ਵਿੱਚ ਰਹਿ ਰਹੇ ਮਾਪਿਆਂ ਨੂੰ ਵਿਦੇਸ਼ਾਂ ਵਿੱਚ ਬੱਚਿਆਂ ਦੀ ਪੜ੍ਹਾਈ ਅਤੇ ਰਹਿਣ ਸਹਿਣ ਦਾ ਖਰਚਾ 27000 ਕਰੋੜ ਰੁਪਏ ਨੂੰ ਪੈਂਦਾ ਹੈ। ਸੂਬੇ ਵਿੱਚ ਵਿੱਦਿਅਕ ਢਾਂਚੇ 'ਤੇ ਖਰਚਣ ਲਈ ਇਹ ਵੱਡੀ ਰਕਮ ਹੈ। ਰਾਤੋ-ਰਾਤ ਕਾਇਆ ਕਲਪ ਹੋ ਸਕਦੀ ਹੈ। ਇਸ ਪ੍ਰਸੰਗ ਵਿੱਚ ਇਕੋ ਵੰਗਾਰ ਇਹ ਹੈ ਕਿ ਪੈਸਾ ਸਰਕਾਰ ਕੋਲ ਨਹੀਂ, ਨਿੱਜੀ ਹੱਥਾਂ ਵਿੱਚ ਹੋਵੇ। ਸਾਰਾ ਕੁਝ ਬੁਨਿਆਦੀ ਢਾਂਚੇ ਦੀ ਉਸਾਰੀ ਲਈ ਕਿਵੇਂ ਲਾਇਆ ਜਾ ਸਕਦਾ ਹੈ? ਹਾਲੇ ਤੱਕ ਅਜਿਹਾ ਹੋਇਆ ਕਿਉਂ ਨਹੀਂ?

ਇਹ ਸਪੱਸ਼ਟ ਹੈ ਕਿ ਬੁਨਿਆਦੀ ਢਾਂਚੇ ਦੀ ਉਸਾਰੀ ਲਈ ਪੰਜਾਬ ਸਰਕਾਰ ਕੋਲ ਪੈਸਾ ਨਹੀਂ, ਇਹ ਭਾਵੇਂ ਸੜਕਾਂ ਦਾ ਮਸਲਾ ਹੈ, ਸਕੂਲਾਂ ਦਾ ਜਾਂ ਹਸਪਤਾਲਾਂ ਦਾ। ਸੂਬਾ ਤੇ ਇਸ ਦੇ ਲੋਕ ਆਪਣੇ ਉਤਸ਼ਾਹ ਤੇ ਮਿਹਨਤ ਨਾਲ ਮੁਕਾਬਲਤਨ ਅਜੇ ਵੀ ਅਮੀਰ ਹਨ। ਸਰਕਾਰ ਨੂੰ ਨਿਵੇਸ਼ ਲਈ ਸਿਰਫ ਮੰਚ ਅਤੇ ਰੂਪ ਰੇਖਾ ਕੁਝ ਇਸ ਢੰਗ ਨਾਲ ਤਿਆਰ ਕਰਨ ਦੀ ਲੋੜ ਹੈ ਕਿ ਸੰਸਾਰ ਪੱਧਰੀ ਬੁਨਿਆਦੀ ਢਾਂਚਾ ਉਸਰ ਜਾਵੇ। ਇਸ ਦੇ ਨਾਲ ਇਹ ਧਿਆਨ ਰੱਖਿਆ ਜਾਵੇ ਕਿ ਜਿਹੜੇ ਲੋਕ ਸੇਵਾਵਾਂ ਖਾਤਰ ਮੁੱਲ ਤਾਰਦੇ ਹਨ, ਉਨ੍ਹਾਂ ਦਾ ਹੀ ਸੋਸ਼ਣ ਨਾ ਹੋਣ ਲੱਗ ਪਏ, ਜਿਵੇਂ ਪ੍ਰਾਈਵੇਟ ਖੇਤਰ ਵਿੱਚ ਅਕਸਰ ਹੁੰਦਾ ਹੈ। ਜਿਹੜਾ ਵਿਕਾਸ ਮਾਡਲ ਸਮੁੱਚੇ ਤੌਰ 'ਤੇ ਪ੍ਰਾਈਵੇਟ ਨਿਵੇਸ਼ 'ਤੇ ਨਿਰਭਰ ਹੁੰਦਾ ਹੈ, ਉਸ ਅੰਦਰ ਗੁਰਬਤ ਮਾਰੇ ਲੋਕਾਂ ਦੇ ਹੱਥ ਕੁਝ ਨਹੀਂ ਆਉਂਦਾ। ਇਸ ਲਈ ਵਿੱਦਿਅਕ ਢਾਂਚੇ ਵਿੱਚ ਖੁੱਲ੍ਹੇ, ਲੋੜ ਆਧਾਰਤ ਵਜ਼ੀਫਿਆਂ (ਸਿਰਫ ਮੈਰਿਟ ਦੇ ਆਧਾਰ 'ਤੇ ਨਹੀਂ) ਨੂੰ ਹੱਲਾਸ਼ੇਰੀ ਦੇਣੀ ਪਵੇਗੀ, ਜਿਸ ਤਰ੍ਹਾਂ ਬਹੁਤੇ ਵਿਕਸਿਤ ਮੁਲਕਾਂ ਵਿੱਚ ਦਿੱਤੇ ਜਾਂਦੇ ਹਨ।

ਪਿਛਲੇ ਸਾਲਾਂ ਦੌਰਾਨ ਪੰਜਾਬ ਵਿੱਚ ਪ੍ਰਾਈਵੇਟ ਖੇਤਰ ਵਿੱਚ ਉਚ ਸਿੱਖਿਆ ਵਿੱਚ ਸੱਚਮੁੱਚ ਵੱਡਾ ਨਿਵੇਸ਼ ਹੋਇਆ ਹੈ, ਪਰ ਇਸ ... ਸਾਲ ਇਹ ... ਭ ਾ ਵ ... ਸਰਕਾਰੀ ਸੰਸਥਾਵਾਂ ਹਨ ਜਾਂ ਪ੍ਰਾਈਵੇਟ, ਇਨ੍ਹਾਂ ਅੰਦਰ ਉਚ ਸਿੱਖਿਆ ਲਈ ਆਉਣ ਵਾਲਿਆਂ ਦੀ ਗਿਣਤੀ ਵਿੱਚ ਅਚਾਨਕ ਤਿੱਖੀ ਗਿਰਾਵਟ ਆਈ ਹੈ। ਇਸ ਦਾ ਮੁੱਖ ਕਾਰਨ ਕੈਨੇਡਾ ਵੱਲ ਖੁੱਲ੍ਹੀ ਇਮੀਗ੍ਰੇਸ਼ਨ ਕਰਕੇ ਵੱਡੀ ਪੱਧਰ 'ਤੇ ਹੁੰਦਾ ਨਿਕਾਸ ਹੈ। ਇਸ ਨੇ ਇਥੇ ਦਿੱਤੀ ਜਾ ਰਹੀ ਸਿੱਖਿਆ ਦੀ ਅਪ੍ਰਸੰਗਕਤਾ ਨਸ਼ਰ ਕਰ ਦਿੱਤੀ ਹੈ। ਸਭ ਤੋਂ ਵੱਡਾ ਤੇ ਅਹਿਮ ਸਵਾਲ ਇਹ ਹੈ ਕਿ ਇਥੇ ਵਿਦਿਆਰਥੀ ਤੋਂ ਜਿੰਨੇ ਪੈਸੇ ਬਟੋਰੇ ਜਾ ਰਹੇ ਹਨ, ਉਸ ਦੇ ਇਵਜ਼ ਵਿੱਚ ਓਨੀ ਮਿਆਰੀ ਵਿਦਿਆ ਵੀ ਦਿੱਤੀ ਜਾ ਰਹੀ ਹੈ? ਸਾਡੀਆਂ ਯੂਨੀਵਰਸਿਟੀਆਂ ਅੱਜ ਦੀਆਂ ਲੋੜਾਂ ਮੁਤਾਬਕ ਗਿਆਨ ਵਿੱਚ ਵਾਧਾ ਕਰਨ ਜਾਂ ਇਸ ਨੂੰ ਨਵਿਆਉਣ ਦੇ ਸਮਰੱਥ ਹੀ ਨਹੀਂ ਹੋ ਸਕੀਆਂ ਹਨ।

ਸਾਡੀ ਸਿੱਖਿਆ ਨੂੰ ਅਪ੍ਰਸੰਗਕ ਬਣਾਉਣ ਵਾਲਾ ਅਗਲਾ ਪੱਖ ਹੈ ਕਿ ਮੋੜਵੇਂ ਰੂਪ ਵਿੱਚ ਸਾਨੂੰ ਮਿਲਦਾ ਬਹੁਤ ਘੱਟ ਹੈ। ਨੌਕਰੀਆਂ ਕਿਤੇ ਹੈ ਨਹੀਂ। ਇਸ ਦੇ ਕਾਰਨ ਦੋਵੇਂ ਹੀ ਹਨ, ਇਕ ਤਾਂ ਸਿੱਖਿਆ ਦਾ ਮਿਆਰ ਬਹੁਤ ਨੀਵਾਂ ਹੈ ਅਤੇ ਦੂਜੇ ਅਰਥਚਾਰੇ ਦਾ ਵਿਕਾਸ ਅਗਾਂਹ ਨੌਕਰੀਆਂ ਪੈਦਾ ਨਹੀਂ ਕਰ ਰਿਹਾ। ਅਰਥਚਾਰੇ ਵਾਲਾ ਮਸਲਾ ਸੂਬਾ ਸਰਕਾਰ ਦੇ ਨਾਲ-ਨਾਲ ਕੇਂਦਰ ਸਰਕਾਰ ਲਈ ਵੀ ਫਿਕਰ ਵਾਲਾ ਮਸਲਾ ਹੋਣਾ ਚਾਹੀਦਾ ਹੈ। ਪੰਜਾਬ ਦੇ ਵਿਦਿਆਰਥੀਆਂ ਨੇ ਮੁਲਕ ਵਿੱਚ ਬਣ ਰਹੇ ਖਰਾਬ ਸਿਆਸੀ ਮਾਹੌਲ ਖਿਲਾਫ ਆਵਾਜ਼ ਬੁਲੰਦ ਕੀਤੀ ਹੈ।

ਇਸ ਸਾਲ ਸੂਬੇ ਵਿੱਚੋਂ ਕਰੀਬ ਡੇਢ ਲੱਖ ਵਿਦਿਆਰਥੀ ਵਿੱਦਿਆ ਖਾਤਰ ਵਿਦੇਸ਼ ਉਡਾਰੀ ਮਾਰ ਗਏ ਹ ਨ ।




ਇ ਨ੍ਹਾਂ ਵਿੱਚੋਂ ਬਹੁਤਿਆਂ ਨੇ ਵਾਪਸ ਨਹੀਂ ਆਉਣਾ। ਇਸ ਦਾ ਲਾਭ ਇਹ ਹੈ ਕਿ ਸੂਬੇ ਵਿੱਚ ਪਿੱਛੇ ਰਹਿ ਗਏ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕਿਆਂ ਉਤੇ ਦਬਾਅ ਘਟੇਗਾ। ਅਗਲਾ ਨੁਕਤਾ ਜਾਣ ਵਾਲਿਆਂ ਵੱਲੋਂ ਭਵਿੱਖ ਵਿੱਚ ਕਿਸੇ ਵਕਤ ਕੋਈ ਰਕਮ ਵਾਪਸ ਘੱਲਵਾਉਣਾ ਹੈ, ਪਰ ਇਹ ਕਹਾਣੀ ਇਥੇ ਨਹੀਂ ਮੁੱਕਦੀ। ਆਉਂਦੇ ਸਾਲਾਂ ਵਿੱਚ ਇਸ ਦੇ ਸਮਾਜਿਕ ਆਰਥਿਕ, ਇਥੋਂ ਤੱਕ ਕਿ ਸਿਆਸੀ ਨਤੀਜੇ ਵੀ ਹਰ ਹਾਲ ਸਾਹਮਣੇ ਆਉਣੇ ਹਨ।

ਭਾਰਤ ਵਿੱਚ ਕਿਰਤੀਆਂ ਦੀ ਇੰਨੀ ਜਲਦੀ ਤੋਟ ਨਹੀਂ ਪੈਣ ਲੱਗੀ, ਪਰ ਜੋ ਲੋਕ ਇਥੋਂ ਜਾ ਰਹੇ ਹਨ, ਉਹ ਤਬਕਾ ਪੜ੍ਹਿਆ ਲਿਖਿਆ ਤੇ ਸਰੀਰਕ ਪੱਖੋਂ ਤਕੜਾ ਹੈ, ਇਥੋਂ ਤੱਕ ਕਿ ਇਨ੍ਹਾਂ ਕੋਲ ਵਿੱਤੀ ਵਸੀਲੇ ਵੀ ਹਨ। ਇਹ ਉਹੀ ਪੱਖ ਹਨ ਜੋ ਸਾਡੇ ਆਪਣੇ ਅਰਥਚਾਰੇ ਨੂੰ ਹੁਲਾਰਾ ਦੇ ਸਕਦੇ ਹਨ ਤੇ ਬਾਕੀਆਂ ਲਈ ਨਫਾ ਕਮਾਉਣ ਤੇ ਹੋਰ ਮੌਕੇ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਸਕਦੇ ਹਨ। ਕੈਨੇਡਾ ਵੱਲ ਉਡਾਰੀ ਸਦਾ ਨਹੀਂ ਲੱਗਦੀ ਰਹਿਣੀ, ਇਹ ਸਿਰਫ ਉਦੋਂ ਤੱਕ ਸੰਭਵ ਹੈ ਜਦੋਂ ਤੱਕ ਉਨ੍ਹਾਂ ਦੀਆਂ ਆਰਥਿਕ ਲੋੜਾਂ ਇਸ ਦੀ ਇਜਾਜ਼ਤ ਦਿੰਦੀਆਂ ਹਨ, ਪਰ ਉਦੋਂ ਤੱਕ ਪੰਜਾਬ ਦੇ ਭਰੋਸੇ ਨੂੰ ਬਹੁਤ ਖੋਰਾ ਲੱਗ ਚੁੱਕਾ ਹੋਵੇਗਾ, ਵਿੱਤੀ ਤੌਰ 'ਤੇ ਵੀ ਅਤੇ ਮਨੋਵਿਗਿਆਨਕ ਪੱਧਰ 'ਤੇ ਵੀ। ਜੇ ਸਰਕਾਰ ਸਿਆਸੀ ਇੱਛਾ ਅਤੇ ਜ਼ਮੀਰ ਦੇ ਆਧਾਰ 'ਤੇ ਕੋਈ ਅਜਿਹਾ ਅਗਲਾ ਕਦਮ ਉਠਾਏ ਜਿਸ ਨਾਲ ਧਾੜਵੀ ਧਨਾਢਾਂ ਨੂੰ ਕਮਾਈ ਦਾ ਦਾਅ ਖੇਡਣ ਦੀ ਇਜਾਜ਼ਤ ਨਾ ਦਿੱਤੀ ਜਾਵੇ ਤਾਂ ਪੰਜਾਬ ਬਿਨਾਂ ਸ਼ੱਕ ਕੈਲੀਫੋਰਨੀਆ ਬਣ ਸਕਦਾ ਹੈ।




AZ ਡਰਾਇਵਰਾਂ ਦੀ ਲੋੜ ਹੈ
New Drivers are welcome
- ਵਧੀਆ ਤਨਖਾਹ
- ਆਟੋਪਾਰਟਸ ਲਈ
- ਆਟੋਮੈਟਿਕ ਟੱਰਕ

ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715


## ਮਿੰਨੀ ਕਹਾਣੀ

## ਪਰਿਵਾਰ

-ਖੁਸ਼ਵੀਰ ਮੋਠਸਰਾ

ਮਾਲਤੀ ਨੇ ਵਿਆਹ ਤੋਂ ਬਾਅਦ ਤੈਅ ਕਰ ਲਿਆ ਕਿ ਉਹ ਇਸ ਘਰ 'ਚ ਸੱਸ-ਸਹੁਰੇ, ਦਿਓਰ ਅਤੇ ਨਣਾਨ ਨਾਲ ਨਹੀਂ ਰਹੇਗੀ। ਇਹੀ ਕਾਰਨ ਸੀ ਕਿ ਉਹ ਆਪਣੇ ਪਤੀ ਦੇਵੇਸ਼ ਨਾਲ ਜਿੱਥੇ ਉਹ ਨੌਕਰੀ ਕਰ ਰਿਹਾ ਸੀ, ਉਸੇ ਸ਼ਹਿਰ ਵਿੱਚ ਰਹਿਣ ਲੱਗੀ। ਮਾਲਤੀ ਨੇ ਹੌਲੀ ਹੌਲੀ ਦੇਵੇਸ਼ ਨੂੰ ਘਰੋਂ, ਪਰਵਾਰ ਤੋਂ ਵੱਖਰਾ ਜਿਹਾ ਕਰ ਦਿੱਤਾ। ਮਾਲਤੀ ਖੁਦ ਅਤੇ ਦੇਵੇਸ਼ ਨੂੰ ਵੀ ਆਪਣਾ ਪਰਵਾਰ ਮੰਨਣ ਲੱਗੀ ਸੀ।

ਇੱਕ ਦਿਨ ਮਾਲਤੀ ਸਬਜ਼ੀ ਲੈਣ ਦੁਕਾਨ 'ਤੇ ਗਈ। ਸਬਜ਼ੀ ਲੈਣ ਪਿੱਛੋਂ ਮਾਲਤੀ ਨੇ ਕੇਲੇ ਖਰੀਦਣੇ ਚਾਹੇ। ਭਾਅ ਪੁੱਛਿਆ ਤਾਂ ਦੁਕਾਨਦਾਰ ਨੇ ਪੰਜਾਹ ਰੁਪਏ ਦਰਜਨ ਭਾਅ ਦੱਸਿਆ। ਮਾਲਤੀ ਨੇ ਦੇਖਿਆ ਕੁਝ ਚੰਗੀ ਕਿਸਮ ਦੇ ਕੇਲੇ ਗੁੱਛੇ ਤੋਂ ਵੱਖਰੇ ਰੱਖੇ ਸਨ। ਉਸ ਨੇ ਉਨ੍ਹਾਂ ਦੇ ਭਾਅ ਬਾਰੇ ਪੁੱਛਿਆ ਤਾਂ ਦੁਕਾਨਦਾਰ ਨੇ ਕਿਹਾ, ''ਭੈਣ ਜੀ ਪੱਚੀ ਰੁਪਏ ਦਰਜਨ ਦੇ ਦਿਆਂਗੇ। ਇਹ ਕੇਲੇ ਵੀ ਚੰਗੇ ਹਨ, ਬੱਸ ਗੁੱਛੇ ਤੋਂ ਵੱਖ ਹੋ ਗਏ ਹਨ।''

''ਫਿਰ ਇਨ੍ਹਾਂ ਦਾ ਅੱਧਾ ਰੇਟ ਕਿਉਂ ਲਗਾ ਰਹੇ ਹੋ ਤੁਸੀਂ?'' ਮਾਲਤੀ ਨੇ ਦੁਕਾਨਦਾਰ ਤੋਂ ਪੁੱਛਿਆ।

ਦੁਕਾਨਦਾਰ ਨੇ ਕਿਹਾ, ''ਭੈਣ ਜੀ ਗੁੱਛੇ ਤੋਂ ਟੁੱਟੇ ਕੇਲੇ ਅਤੇ ਪਰਵਾਰ ਤੋਂ ਵੱਖ ਹੋਏ ਆਦਮੀ ਦੀ ਕੀਮਤ, ਜੋ ਦਿਲ ਵਿੱਚ ਆਏ ਲਾ ਲਓ। ਕੀਮਤ ਅਤੇ ਸ਼ਾਨ ਤਾਂ ਇਕੱਠੇ ਰਹਿਣ ਨਾਲ ਹੀ ਬਣਦੀ ਹੈ। ਚਾਹੇ ਗੁੱਛਾ ਹੋਵੇ ਜਾਂ ਪਰਵਾਰ।''

ਮਾਲਤੀ ਨੇ ਸਬਜ਼ੀ ਅਤੇ ਕੇਲੇ ਲਏ ਅਤੇ ਸਾਰੇ ਰਸਤੇ ਦੁਕਾਨਦਾਰ ਦੀਆਂ ਗੱਲਾਂ 'ਤੇ ਮੰਥਨ ਕਰਦੇ ਹੋਏ ਘਰ ਪਹੁੰਚ ਗਈ। ਸ਼ਾਮ ਨੂੰ ਦੇਵੇਸ਼ ਘਰ ਆਇਆ ਤਾਂ ਮਾਲਤੀ ਨੇ ਚਾਹ ਬਣਾਈ। ਫਿਰ ਦੋਵੇਂ ਬੈਠ ਕੇ ਚਾਹ ਪੀਣ ਲੱਗੇ। ਚਾਹ ਪੀਂਦੇ ਪੀਂਦੇ ਮਾਲਤੀ ਨੇ ਦੇਵੇਸ਼ ਨੂੰ ਕਿਹਾ, ''ਕੱਲ੍ਹ ਅਤੇ ਪਰਸੋਂ ਦੀ ਛੁੱਟੀ ਹੈ ਤੁਹਾਡੀ, ਜੇ ਤੁਸੀਂ ਕਹੋ ਤਾਂ ਮੰਮੀ-ਪਾਪਾ ਤੇ ਦਿਓਰ-ਨਣਾਨ ਨੂੰ ਮਿਲ ਆਉਂਦੇ ਹਾਂ ਪਿੰਡ ਜਾ ਕੇ।''

'ਰੀਅਲੀ?'' ਦੇਵੇਸ਼ ਨੇ ਹੈਰਾਨੀ ਨਾਲ ਕਿਹਾ।

''ਜ਼ਰੂਰ! ਪਰ ਇੰਨੇ ਦਿਨ ਬਾਅਦ ਇਹ ਸਭ ਕਿਵੇਂ?''

''ਬੱਸ ਉਂਝ ਹੀ।'' ਮਾਲਤੀ ਨੇ ਕਿਹਾ। ਉਸ ਨੂੰ ਦੁਕਾਨਦਾਰ ਦੀਆਂ ਕਹੀਆਂ ਗੱਲਾਂ ਯਾਦ ਆ ਰਹੀਆਂ ਸਨ।

## ਬਿਊਟੀ ਟਿਪਸ



ਖੂਬਸੂਰਤ ਚਿਹਰਾ ਸਾਰਿਆਂ ਦਾ ਮਨ ਮੋਹ ਲੈਂਦਾ ਹੈ। ਕਈ ਵਾਰ ਸਕਿਨ 'ਤੇ ਦਿਸਣ ਵਾਲੇ ਵੱਡੇ ਪੋਰਸ ਚਿਹਰੇ ਦੀ ਸੁੰਦਰਤਾ ਨੂੰ ਕਾਫੀ ਘੱਟ ਕਰ ਦਿੰਦੇ ਹਨ। ਖੁੱਲ੍ਹੇ ਹੋਏ ਪੋਰਸ ਕੁਝ ਸਮੇਂ ਬਾਅਦ ਵੱਡੇ ਪੋਰਸ ਵਿੱਚ ਤਬਦੀਲ ਹੋ ਜਾਂਦੇ ਹਨ। ਕਈ ਵਾਰ ਇਸ ਤਰ੍ਹਾਂ ਦੀ ਸਮੱਸਿਆ ਦਾ ਕਾਰਨ ਆਇਲੀ ਸਕਿਨ ਹੋਣਾ ਵੀ ਹੁੰਦਾ ਹੈ। ਪੋਰਸ ਖੁੱਲ੍ਹਣ ਦੇ ਕਾਰਨ ਉਸ ਵਿੱਚ ਧੂੜ ਦੇ ਕਣ, ਗੰਦਗੀ ਤੇ ਬੈਕਟੀਰੀਆ ਜਮ੍ਹਾ ਹੋਣ ਲੱਗਦੇ ਹਨ, ਜੋ ਬਲੈਕ ਹੈਡਸ ਦੀ ਸਮੱਸਿਆ ਪੈਦਾ ਕਰਦੇ ਹਨ। ਘਰੇਲੂ ਨੁਸਖਿਆਂ ਦੇ ਜ਼ਰੀਏ ਪੋਰਸ ਨੂੰ ਘੱਟ ਕਰ ਕੇ ਸਕਿਨ ਨੂੰ ਮੁਲਾਇਮ ਬਣਾ ਸਕਦੇ ਹਨ। ਆਓ ਜਾਣਦੇ ਹਾਂ ਕੁਝ ਨੁਸਖੇ:

ਐਲੋਵੇਰਾ ਜੈਲ ਨਾਲ ਮਸਾਜ: ਸਕਿਨ ਬਾਰੇ ਪ੍ਰੇਸ਼ਾਨੀਆਂ ਨੂੰ ਦੂਰ ਕਰਨ ਦੇ ਲਈ ਐਲੋਵੇਰਾ ਕਾਫੀ ਮਦਦਗਾਰ ਹੁੰਦਾ ਹੈ। ਤਾਜ਼ੇ ਐਲੋਵੇਰਾ ਜੈਲ ਨਾਲ ਚਿਹਰੇ 'ਤੇ ਲਗਭਗ ਇੱਕ ਤੋਂ ਦੋ ਮਿੰਟ ਤੱਕ ਹਲਕੇ ਹੱਥਾਂ ਨਾਲ ਮਸਾਜ ਕਰੋ ਅਤੇ 10 ਮਿੰਟ ਦੇ ਲਈ ਲਗਾ ਕੇ ਛੱਡ ਦਿਓ। ਉਸ ਦੇ ਬਾਅਦ ਚਿਹਰੇ ਨੂੰ ਠੰਢੇ ਪਾਣੀ ਨਾਲ ਧੋ ਲਓ। ਐਲੋਵੇਰਾ ਜੈਲ ਨੂੰ ਚਿਹਰੇ 'ਤੇ ਰੋਜ਼ ਲਗਾਉਣ ਨਾਲ ਵੱਡੇ ਪੋਰਸ ਦੀ ਸਮੱਸਿਆ ਘੱਟ ਹੋ ਜਾਏਗੀ। ਕੁਦਰਤੀ ਐਲੋਵੇਰਾ ਜੈਲ ਦੀ ਹੀ ਵਰਤੋਂ ਕਰੋ।

ਐਪਲ ਸਿਡਰ ਵਿਨੇਗਰ ਹੈ ਮਦਦਗਾਰ: ਸੇਬ ਦੇ ਸਿਰਕੇ ਵਿੱਚ ਥੋੜ੍ਹਾ ਜਿਹਾ ਪਾਣੀ ਮਿਲਾ ਕੇ ਰੂੰ ਨਾਲ ਚਿਹਰੇ 'ਤੇ ਲਗਾਓ। ਕੁਝ ਦੇਰ ਸੁੱਕਣ ਦੇ ਬਾਅਦ ਪਾਣੀ ਨਾਲ ਧੋ ਲਓ।

ਓਟਸ ਅਤੇ ਆਂਡੇ ਦਾ ਫੇਸਪੈਕ: ਆਂਡੇ ਦੇ ਸਫੇਦ ਹਿੱਸੇ ਦੇ ਨਾਲ ਓਟਸ ਤੇ ਨਿੰਬੂ ਦੇ ਰਸ ਮਿਲਾ ਕੇ ਪੇਸਟ ਬਣਾਓ। ਪੇਸਟ ਨੂੰ ਚਿਹਰੇ 'ਤੇ ਤੀਹ ਮਿੰਟ ਤੱਕ ਲਗਾ ਕੇ ਰੱਖੋ। ਤੀਹ ਮਿੰਟ ਬਾਅਦ ਚਿਹਰੇ ਨੂੰ ਠੰਢੇ ਪਾਣੀ ਨਾਲ ਧੋ ਲਓ।

ਪਪੀਤੇ ਦਾ ਫੇਸਪੈਕ: ਪਪੀਤੇ ਨੂੰ ਚੰਗੀ ਤਰ੍ਹਾਂ ਨਾਲ ਮੈਸ਼ ਕਰ ਲਓ। ਇਸ ਪੇਸਟ ਨੂੰ ਚਿਹਰੇ 'ਤੇ 20 ਮਿੰਟ ਦੇ ਲਈ ਲਗਾ ਕੇ ਰੱਖੋ। ਵੀਹ ਮਿੰਟ ਬਾਅਦ ਠੰਢੇ ਪਾਣੀ ਨਾਲ ਧੋ ਲਓ।

ਬੇਕਿੰਗ ਸੋਡਾ ਹੈ ਆਸਾਨ ਉਪਾਅ: ਬੇਕਿੰਗ ਸੋਡਾ ਅਤੇ ਪਾਣੀ ਨੂੰ ਮਿਲਾ ਕੇ ਪੇਸਟ ਤਿਆਰ ਕਰ ਲਓ। ਹਲਕੇ ਹੱਥਾਂ ਨਾਲ ਪ੍ਰਭਾਵਤ ਹਿੱਸੇ 'ਤੇ ਗੋਲਾਈ ਵਿੱਚ ਤੀਹ ਸੈਕਿੰਡ ਤੱਕ ਮਾਲਿਸ਼ ਕਰੋ। ਫਿਰ ਚਿਹਰਾ ਠੰਢੇ ਪਾਣੀ ਨਾਲ ਧੋ ਲਓ।


BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE



ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
- AZ Tractor trailer program
- Manual transmission & backup training everyday
- We welcome welfare workers & compensation clients

Forklift Re-Certification Only $69.00/-



Karnail Singh
416.670.3173 | 905.799.7333
27 Edvac Dr, Brampton, ON L6S 5X8



Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਓ
SPECIAL DISCOUNT FOR CONTRACTORS



Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

# NEED A LAWYER ??
# KAUR LAW OFFICE

Red Seal NOTARY



**MANJEET KAUR**
L.L.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

---

Tri-City Professional Realty Inc., Brokerage
Number 1 Tri-City agent in Canada on basis of sales volume 2015

**ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ**

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

**ਅਵਤਾਰ ਸਿੰਘ ਟਿਵਾਣਾ**
ਫੋਨ: 416 802 5866
Tel: 905.793.5777



31 Melanie Dr. Unit #4 Brampton, ON L6T 5H8
**Avtar Singh Tiwana** Sales Rep.




**Mcvean / Castlemore**
3550 ਸੁਕੇਅਰ ਫੁੱਟ ਵਿੱਚ ਬਣਿਆ ਬਹੁਤ ਹੀ ਸੋਹਣਾ 4+1 ਬੈਡਰੂਮ + 5 ਵਾਸ਼ਰੂਮ ਦਾ ਡੀਟੈਚਡ, ਡਬਲ ਸਟੋਰੀ ਘਰ,9 ਫੁਟ ਸਿਲਿੰਗ,ਕਸਟਮ ਕਿਚਨ ਕੁਆਰਟਜ਼ ਕਾਊਨਟਰ ਟਾਪ ਗੈਸ ਸਟੋਵ ਅਤੇ ਬਿਲਟ ਇਨ ਓਵਨ, ਸਾਰੇ ਘਰ ਵਿੱਚ ਹਾਰਡਵੁਡ ਫਲੋਰ, ਤਾਜ਼ਾ ਅਤੇ ਪ੍ਰੋਫੈਸ਼ਨਲਜ਼ ਵਲੋਂ ਪੈਂਟ ਕੀਤਾ ਹੈ। ਮੈਨ ਫਲੋਰ ਲਾਂਡਰੀ, ਫਰੰਟ ਲਾਨ ਤੇ' ਨਵਾਂ ਘਾਹ । ਫੁੱਲੀ ਫਿਨੀਸ਼ਡ ਬੇਸਮੈਂਟ ਹੈ।

FOR SALE
Tri-City Professional Realty Inc., Brokerage
$129,900
**Darcel/Brandon Gate**
ਬਹੁਤ ਹੀ ਵਧੀਆ ਲੋਕੇਸ਼ਨ ਤੇ, ਵੈਸਟ ਵੁਡ ਮਾਲ ਵਿੱਚ ਕਾਂਡੋ ਯੂਨਿਟ ਸੇਲ ਲਈ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ਤੇ ਰੈਂਟ ਬਚਾਓ।




**Niagara Falls Ontario**
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋਂ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।

---




"ਆਉ ਗਰਮੀਆਂ ਨੂੰ ਮਜ਼ੇਦਾਰ ਬਣਾਈਏ"

Use Promocode: PunjabiPost & get up to *15% off on Zip Line & Aerial Game Treks. *Conditions apply

**TREETOPTREKKING.COM**
6 locations in Ontario, Including Brampton.

**ZIPLINE ADVENTURE PARK IN BRAMPTON!**

---

# ASIAN FOOD CENTRE



## FRESH & LARGE VARIETY

| | | |
|---|---|---|
| Bread , Derry & Eggs | Fruits & Vegetables | Sweet & Samosas |
| Branded Foods | Beverages & Confectionery | Grocery & Staples |

***VEGETARIAN FOOD***
***HEALTHY EATING***



## SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109



www.BramptonTopRelator.com

**JAG AUJLA** REAL ESTATE BROKER

DIR: 416-371-7777

j.aujla@rogers.com www.jagaujla.com

RE/MAX Realty Specialist Inc., Brokerage (Independently Owned and Operated) Off: 905-456-3232

Advertisement GUARANTEED Till SOLD

Other Realtors only Promise
But JAG AUJLA SOLD YOUR HOME WITH
**GUARANTEE**
OR HE'LL BUY IT!*
*Some Conditions Apply

Call For a Quick & Free Home Evaluation
www.BramptonQuickHomeEvaluation.com

Urgently Need New Listing in Brampton/ GTA Call Jag Today To Sell Your Property For Top $$$ & Accurate Price




CALEDON
**ਕੈਨੇਡੀ / ਡੋਗੱਲ**
ਬਹੁਤ ਹੀ ਸੋਹਣਾ ਤੇ ਸਾਫ ਸੁਥਰਾ ਡੀਟੈਚਡ ਘਰ, 2014 ਵਿੱਚ ਬਣਿਆ 4+2 ਬੈਡਰੂਮ ,5 ਵਾਸ਼ਰੂਮ ਅਤੇ ਫਿਨੀਸ਼ਡ ਬੇਸਮੈਂਟ ਨੂੰ ਸੇਪਰੇਟ ਏਂਟਰੈਂਸ, ਮੈਨ ਫਲੋਰ 9 ਫੁੱਟ ਸਿਲਿੰਗ, ਸਟੈਨਡ ਓਕ ਸਟੇਅਰਕੇਸ, ਸਟੈਨਡ ਹਾਰਡਵੂਡ ਫਲੋਰ, 2 ਮਾਸਟਰ ਬੈਡਰੂਮ। ਬਹੁਤ ਸੋਹਣੀ ਇਟ ਇਨ ਕਿਚਨ , ਸਟੇਨਲੈਸ ਸਟੀਲ ਅਪਲਾਈਨਸੈਸ ।



BRAMPTON
**ਕੰਟਰੀਸਾਈਡ / ਮੇਅਫਿਲਡ**
ਬਹੁਤ ਹੀ ਸੋਹਣਾ 4 +2 ਬੈਡਰੂਮ ਅਤੇ 5 ਵਾਸ਼ਰੂਮ ਦਾ 2016 ਵਿੱਚ ਪ੍ਰੀਮੀਅਮ ਲਾਟ ਤੇ ਬਣਿਆ ਡੀਟੈਚਡ ਘਰ, ਫਿਨੀਸ਼ਡ ਬੇਸਮੈਂਟ, ਮੇਨ ਫਲੋਰ 10 ਫੁੱਟ ਸਿਲਿੰਗ ਅਤੇ ਦੂਜੇ ਫਲੋਰ ਤੇ'9 ਫੁੱਟ ਸਿਲਿੰਗ। ਅਪਗ੍ਰੇਡੇਡ ਕਿਚਨ ਅਤੇ ਹੋਰ ਬਹੁਤ ਸਾਰੀਆਂ ਅਪਗ੍ਰੇਡਜ ਕੀਤੇ ਹਨ।



BRAMPTON
**ਬੋਵੇਰਡ/ਚਿੰਗੂਜੀ**
ਬਹੁਤ ਹੀ ਸੋਹਣਾ ਅਤੇ ਸਾਫ ਸੁਥਰਾ ਘਰ, ਐਂਡ ਯੂਨੀਟ ਫਰੀਹੋਲਡ ਟਾਊਨ ਹਾਊਸ, ਸੇਮੀ ਵਰਗਾ ਜਿਸ ਵਿੱਚ 3 ਬੈਡਰੂਮ +ਕੰਪਿਊਟਰ ਲਾਫਟ+2 ਵਾਸ਼ਰੂਮ, ਫਿਨੀਸ਼ਡ ਬੇਸਮੈਂਟ ਅਤੇ ਵਾਕ ਆਊਟ ਬੈਕ ਯਾਰਡ, ਲੇਮੀਨੈਟ ਫਲੋਰ,ਕਰਾਊਨ ਮੋਲਡਿੰਗ, ਪੋਟ ਲਾਈਟ ਅਤੇ ਬਹੁਤ ਹੀ ਸੋਹਣੀ ਇਟ ਇਨ ਕਿਚਨ ਹੈ।



CALEDON
**ਸੈਂਟ ਏਡਰੀਊ/ ਹਾਈਵੇ 24**
SOLD! SOLD! SOLD! AT BEST PRICE



BRAMPTON
**ਵੈਨ ਕੁਕ/ਵੇਨਲੈਸ/ਮੇਅਫਿਲਡ**
SOLD AT 99% OF ASKING PRICE IN 2 DAYS

NEED MORE LISTINGS !!!
ਕੇਲਡਨ ਅਤੇ ਬਰੈਂਪਟਨ ਦੇ ਏਰੀਏ ਵਿੱਚ ਨਵੀਆਂ Listings ਦੀ ਤੁਰੰਤ ਲੋੜ ਹੈ।
Buyers ਘਰ ਖਰੀਦਣ ਲਈ Listings ਉਡੀਕ ਰਹੇ ਹਨ

# Grand Upholstery Ltd
## Sofa Company Originality in Every Piece

Special on Sale

- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ

ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ

Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

NU WAY TOUR & TRAVELS INC.

ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

AIR CANADA, PIA, ETIHAD, KLM, Emirates, SWISS, BRITISH AIRWAYS, JET AIRWAYS

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife

Signature.ca, transat, sunwing, Air Canada Vacations, WestJet vacations, tico.ca, IATA

Call Us For Guaranteed Lowest Airfare ANY Airline Time Destination Around the World

7015 Tranmere Dr. Unit- 8, Mississauga, ON L5S 1T7
Tel: 905 362 0937 | Fax: 1 855 897 0900
www.nuwaytravels.com E-mail- info@nuwaytravels.com

# REXDALE BODY SHOP
USED CAR SALE

Specialization In:
- ★ All Kinds of Body Work
- ★ Auto Glass Windshield
- ★ Denting, Painting & Welding

SPECIAL PAINT JOB $779

RENTAL CAR PROVIDED

25 years of Canadian Experience
OPEN MON - SAT 9AM TO 7PM

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

CHEEMA
LOWEST PRICE IN TOWN

Call Rick or Manminder Cheema: 416.749.9596 /416.951.6431

Towing Service Car Paint Starts $799* upto 100% Deductible Paid*

30 Racine Rd. Toronto, ON, M9W 2Z3, FAX: 416.749.9597
www.AAABODYSHOP.ca mcheemaaaa@hotmail.com

# BEST CANADIAN RIDE SERVICE

ਜੇ ਤੁਸੀ Toronto ਤੋਂ Montreal ਜਾਂ Montreal ਤੋਂ Toronto ਜਾਣਾ/Move ਹੋਣਾ ਹੈ ਤਾਂ ਘਬਰਾਓ ਨਾ ਸਾਨੂੰ ਕਾਲ ਕਰੋ

We Deliver any Parcel or Document

• ਕਾਲ ਕਰੋ: 514-560-6613 •

# IFS INTERSTATE FREIGHT SYSTEMS INC.

## A/Z ਡਰਾਈਵਰਾਂ ਦੀ ਲੋੜ

USA, Montreal, Montreal Local Within Ontario ਤੇ Local GTA ਤੇ Cambridge ਵਾਸਤੇ AZ ਡਰਾਇਵਰਾਂ ਦੀ ਲੋੜ ਹੈ

Also Hiring Owner Operators for local work & US

- 2 ਸਾਲ ਦਾ Experience, USA ਵਾਸਤੇ Fast Card ਜ਼ਰੂਰੀ ਹੈ
- ਡਰਾਇਵਰਾਂ ਦਾ CVOR Abstract ਚਾਹੀਦਾ ਹੈ

Please send resume at:
safety@interstatefreightsystems.com
Call: 416-452-0677

# TechSpirit
## Consultation, Installation & Servicing

Specialized in:
- Analog & IP security cameras
- Installation & Maintenance Upgrade
- Video Doorbell Installation

1080p HD ਦੇ 4 ਸਿਕਊਰਟੀ ਕੈਮਰੇ ਸਿਰਫ $999 ਵਿੱਚ ਲਗਵਾਓ

ਹੋਰ ਸੇਵਾਵਾਂ:
Speaker/Soundbar Mount
Home Office Products
Small Kitchen Appliances
Media Box/Setup Box
Cell Phone Accessories
Car Accessories
DVD Shelves, Projector
Mount &Monitor Mount

LG UHD TV $350 $400 $480
TV WALL MOUNTS STARTING FROM $9.99

For online shopping visit www.techspirit.ca
– SAME DAY SHIPPING – 100% SECURE PAYMENT

T.V WALL MOUNT ਵੀ ਇੰਸਟਾਲ ਕਰਦੇ ਹਨ

Call: 905-621-4100
7-8770 The Gore Road, Brampton, ON L6P 0B1

Opening Times
Mon - Sat 10 AM - 8 PM
Sunday 10 AM - 6 PM